• ਥੋੜ੍ਹੇ ਜਿਹੇ ਸ਼ਬਦਾਂ ਵਿਚ ਕਹੀ ਵੱਡੇ ਅਰਥਾਂ ਵਾਲੀ ਗੱਲ ਨੂੰ ਮੁਹਾਵਰਾ ਕਿਹਾ ਜਾਂਦਾ ਹੈ। ਇਹ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਹੁੰਦਾ ਹੈ। ਇਸ ਵਿਚ ਲੋਕਾਂ ਦਾ ਸਾਂਝਾ ਅਨੁਭਵ ਤੇ ਸਿਆਣਪ ਬੰਦ ਪਏ ਹੁੰਦੇ ਹਨ। ਜਿਸ ਨੂੰ ਲੋਕਾਂ ਨੇ ਹਜ਼ਾਰਾਂ ਸਾਲਾਂ ਦੀ ਹੱਡਬੀਤੀ ਰਾਹੀਂ ਹਾਸਿਲ ਕੀਤਾ ਹੁੰਦਾ ਹੈ। • ਵਾਰ ਵਾਰ ਦੁਹਰਾਏ ਜਾਣ ਕਰਕੇ ਮੁਹਾਵਰਿਆਂ ਵਿਚ ਸੰਖੇਪਤਾ ਤੇ ਚੁਸਤੀ ਆ ਜਾਂਦੀ ਹੈ। ਜਿਸ ਕਰਕੇ ਇਨ੍ਹਾਂ ਨੂੰ ਸੌਖੇ ਹੀ ਯਾਦ ਰੱਖਿਆ ਜਾ ਸਕਦਾ ਹੈ। ਭਾਵੇਂ ਕਿ ਮੁਹਾਵਰੇ ਬੜੇ ਸੰਖੇਪ ਅਤੇ ਸਰਲ ਹੁੰਦੇ ਹਨ ਪਰ ਤਾਂ ਵੀ ਇਨ੍ਹਾਂ ਅੰਦਰ ਬੜੇ ਡੂੰਘੇ ਵਿਚਾਰ, ਅਮਲੀ ਨਸੀਹਤਾਂ ਅਤੇ ਕੌਮਾਂ ਦੀਆਂ ਹੱਡੀ-ਬੀਤੀਆਂ ਨੂੰ ਸਮੋਇਆ ਹੁੰਦਾ ਹੈ। • ਮੁਹਾਵਰੇ ਦੇ ਰਚਨਾਕਾਰ ਬਾਰੇ ਕਿਸੇ ਨੂੰ ਪਤਾ ਨਹੀਂ ਹੁੰਦਾ। ਇਸ ਨੂੰ ਤਾਂ ਆਮ ਲੋਕਾਈ ਨੇ ਹੀ ਘੜਿਆ ਹੁੰਦਾ ਹੈ ਅਤੇ ਮੂੰਹ ਜ਼ਬਾਨੀ ਹੀ ਅੱਗੇ ਤੋਰਿਆ ਹੁੰਦਾ ਹੈ। ਜਿਸ ਉਕਤੀ ਦੇ ਸਿਰਜਕ ਜਾਂ ਲੇਖਕ ਦੇ ਨਾਂਅ ਦਾ ਪਤਾ ਹੋਵੇ, ਉਹ ਮੁਹਾਵਰਾ ਨਹੀਂ ਅਖਵਾਂਦਾ। • ਮੁਹਾਵਰੇ ਲੋਕ-ਸਾਹਿਤ ਦਾ ਮਹੱਤਵਪੂਰਨ ਹਿੱਸਾ ਹਨ। ਇਨ੍ਹਾਂ ਦੀ ਰਚਨਾ ਅਤੇ ਪ੍ਰਵਚਨ ਮੌਖਿਕ ਰੂਪ ਵਿਚ ਹੁੰਦਾ ਹੈ। ਇਸੇ ਲਈ ਇਨ੍ਹਾਂ ਦਾ ਤੁਕਮਈ ਹੋ ਜਾਣਾ ਸੁਭਾਵਕ ਹੁੰਦਾ ਹੈ। 'ਮਰਦਾ ਕੀ ਨਾ ਕਰਦਾ'; 'ਸ਼ਾਹ ਬਿਨਾਂ ਪਤ ਨਹੀਂ, ਗਰੂ ਬਿਨਾਂ ਗਤ ਨਹੀਂ' ਅਤੇ 'ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ' ਆਦਿ ਮੁਹਾਵਰੇ ਇਸ ਦੀ ਮਿਸਾਲ ਹਨ। • ਕਿਉਂਕਿ ਮੁਹਾਵਰਾ ਲੋਕਾਂ ਦੇ ਸਾਂਝੇ ਅਨੁਭਵ 'ਚੋਂ ਪੈਦਾ ਹੋਈ ਸਿਆਣਪ ਦਾ ਨਿਚੋੜ ਹੁੰਦਾ ਹੈ, ਇਸ ਲਈ ਇਸ ਦੀ ਯਾਤਰਾ ਵੀ ਮੂੰਹੋਂ-ਮੂੰਹ ਹੁੰਦੀ ਹੈ। ਬਾਰ ਬਾਰ ਦੁਹਰਾਏ ਜਾਣ ਨਾਲ ਮੁਹਾਵਰੇ 'ਚੋਂ ਬੇਲੋੜੇ ਸ਼ਬਦ ਝੜ ਜਾਂਦੇ ਹਨ। ਇਸ ਦੀ ਬਣਤਰ ਵਿਚ ਚੁਸਤੀ ਆ ਜਾਂਦੀ ਹੈ। ਸੌਖੇ ਹੀ ਯਾਦ ਰੱਖਣ ਦੀ ਲੋੜ 'ਚੋਂ ਕਈ ਸ਼ਬਦ ਸਹਿਜੇ ਹੀ ਛੁੱਟ ਜਾਂਦੇ ਹਨ। ਇਸ ਕਿਰਿਆ ਨੂੰ ਸ਼ਬਦ-ਲੋਪ ਕਿਹਾ ਜਾਂਦਾ ਹੈ। • ਮੁਹਾਵਰਿਆਂ ਰਾਹੀਂ ਕਿਸੇ ਕੌਮ ਦਾ ਸਾਂਝਾ ਅਨੁਭਵ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਹੈ। ਇਸ ਤਰ੍ਹਾਂ ਮੁਹਾਵਰਿਆਂ ਰਾਹੀਂ ਸਾਨੂੰ ਆਪਣੇ ਸਮਾਜ ਅਤੇ ਸਭਿਆਚਾਰ ਦੇ ਵੱਖੋ-ਵੱਖਰੇ ਇਤਿਹਾਸਕ ਪੜਾਵਾਂ ਦਾ ਵੀ ਪਤਾ ਲਗਦਾ ਹੈ। • ਮੁਹਾਵਰਿਆਂ ਦਾ ਵਿਸ਼ੇਸ਼ ਗੁਣ ਇਕ ਬੋਲੀ 'ਚੋਂ ਦੂਸਰੀ ਬੋਲੀ ਵਿਚ ਸਹਿਜੇ ਹੀ ਚਲੇ ਜਾਣਾ ਅਤੇ ਪ੍ਰਚਲਤ ਹੋ ਜਾਣਾ ਹੁੰਦਾ ਹੈ। ਮੁਹਾਵਰੇ ਅਕਸਰ ਵੱਖੋ-ਵੱਖਰੇ ਦੇਸ਼ਾਂ ਅਤੇ ਵੱਖੋ ਵੱਖਰੀਆਂ ਬੋਲੀਆਂ ਤੋਂ ਉਧਾਰੇ ਲਏ ਹੁੰਦੇ ਹਨ। ਕਈ ਵਾਰ ਇਨ੍ਹਾਂ ਦੀ ਯਾਤਰਾ ਬੜੀ ਲੰਬੀ ਹੁੰਦੀ ਹੈ। ਇਹ ਇਕ ਤੋਂ ਬਾਅਦ ਦੂਜੀ ਬੋਲੀ 'ਚੋਂ ਅਤੇ ਕਈ ਕਈ ਦੇਸ਼ਾਂ ਵਿਚੋਂ ਦੀ ਲੰਘਦੇ ਹੋਏ ਸਾਡੀ ਬੋਲੀ ਵਿਚ ਸ਼ਾਮਲ ਹੋ ਗਏ ਹੁੰਦੇ ਹਨ।

• ਇਸੇ ਲਈ ਕਈ ਮੁਹਾਵਰੇ ਦੁਨੀਆ ਦੀ ਹਰ ਬੋਲੀ ਵਿਚ ਹੂਬਹੂ ਜਾਂ ਮਾੜੇ ਮੋਟੇ ਫ਼ਰਕ ਨਾਲ ਪ੍ਰਚਲਤ ਪਾਏ ਜਾਂਦੇ ਹਨ। ਮਿਸਾਲ ਵਜੋਂ 'ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ' ਇਹ ਮੁਹਾਵਰਾ ਥੋੜ੍ਹੇ ਬਹੁਤੇ ਫ਼ਰਕ ਨਾਲ ਹਰ ਭਾਸ਼ਾ ਵਿਚ ਮਿਲ ਜਾਂਦਾ ਹੈ :

- ਗਰਮ ਤਰੀ ਨਾਲ ਮੂੰਹ ਸੜਿਆ ਹੋਵੇ ਤਾਂ ਬੰਦਾ ਠੰਡੇ ਪਾਣੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ। -ਕੋਰੀਆ
- ਜਿਸ ਦਾ ਮੂੰਹ ਸੜ ਜਾਵੇ ਉਹ ਸਲਾਦ ਨੂੰ ਵੀ ਫੂਕਾਂ ਮਾਰਦਾ ਹੈ। -ਯੂਰਪ
- ਦੁੱਧ ਨਾਲ ਸੜਿਆ ਠੰਡੇ ਪਾਣੀ ਨੂੰ ਵੀ ਫੂਕਾਂ ਮਾਰਦਾ ਹੈ। -ਰੂਸ


• ਵੱਖੋ-ਵੱਖਰੀਆਂ ਬੋਲੀਆਂ ਦੇ ਮੁਹਾਵਰੇ ਇਕੱਠੇ ਕਰਨ ਨਾਲ ਕਈ ਦਿਲਚਸਪ ਨਤੀਜੇ ਕੱਢੇ ਜਾ ਸਕਦੇ ਹਨ। ਸਮੁੱਚੀ ਮਨੁੱਖ ਜਾਤੀ ਦੇ ਮੁਢਲੇ ਅਨੁਭਵ, ਸਿਆਣਪਾਂ ਅਤੇ ਕੱਢੇ ਗਏ ਸਿੱਟੇ ਤਾਂ ਸਾਂਝੇ ਹੀ ਹੁੰਦੇ ਹਨ। ਪਰ ਇਤਿਹਾਸਕ ਅਤੇ ਸਭਿਆਚਾਰਕ ਹਾਲਾਤ ਅੱਡੋ-ਅੱਡ ਹੋਣ ਕਰਕੇ ਹਰ ਬੋਲੀ ਵਿਚ ਅਨੋਖੇ ਅਤੇ ਬੇਜੋੜ ਮੁਹਾਵਰਿਆਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ।

unistarbooks.com
**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: 0172-5077427, 5077428, 5089761
**Ludhiana** : Punjabi Bhawan • 98154 71219

ISBN 81-7142-353-1
9788171423538
**Rs. 300/-**

ਸੰਸਾਰ ਪ੍ਰਸਿੱਧ ਮੁਹਾਵਰੇ

ਚੋਣ ਤੇ ਸੰਪਾਦਨ: ਪਰਮਿੰਦਰ ਸੋਢੀ



WORLD FAMOUS PROVERBS

# ਸੰਸਾਰ ਪ੍ਰਸਿੱਧ ਮੁਹਾਵਰੇ

ਚੋਣ ਤੇ ਸੰਪਾਦਨ

**ਪਰਮਿੰਦਰ ਸੋਢੀ**

**ਪਰਮਿੰਦਰ ਸੋਢੀ ਦੀਆਂ ਹੋਰ ਪੁਸਤਕਾਂ**

- ਉਤਸਵ
  (ਕਾਵਿ-ਸੰਗ੍ਰਹਿ, 1990)
- ਆਧੁਨਿਕ ਜਾਪਾਨੀ ਕਹਾਣੀਆਂ
  (ਅਨੁਵਾਦ, 1993)
- ਸੱਚਾਈਆਂ ਦੇ ਆਰ ਪਾਰ
  (ਅਨੁਵਾਦ, 1993)
- ਚੀਨੀ ਦਰਸ਼ਨ : ਤਾਓਵਾਦ
  (ਫ਼ਲਸਫ਼ਾ, 1997)
- ਅਜੋਕੀ ਜਾਪਾਨੀ ਕਵਿਤਾ
  (ਮਾਸਿਕ 'ਅੱਖਰ' ਦਾ ਵਿਸ਼ੇਸ਼ ਅੰਕ)
- ਤੇਰੇ ਜਾਣ ਤੋਂ ਬਾਦ
  (ਕਾਵਿ-ਸੰਗ੍ਰਹਿ, 2000)
- ਜਾਪਾਨੀ ਹਾਇਕੂ ਸ਼ਾਇਰੀ
  (ਅਨੁਵਾਦ, 2000)
- ਇਕ ਚਿੜੀ ਤੇ ਮਹਾਂਨਗਰ
  (ਕਾਵਿ-ਸੰਗ੍ਰਹਿ, 2002)
- ਧੱਮਪਦ
  (ਅਨੁਵਾਦ, 2003)
- पत्ते की महायात्रा
  (हिंदी अनुवाद, 2000)
- ਗੀਤਾ
  (ਅਨੁਵਾਦ, 2004)
- ਰੱਬ ਦੇ ਡਾਕੀਏ
  (ਵਾਰਤਕ, 2005)
- ਅਜੋਕੀ ਜਪਾਨੀ ਕਵਿਤਾ
  (ਅਨੁਵਾਦ, 2007)

# ਸੰਸਾਰ ਪ੍ਰਸਿੱਧ ਮੁਹਾਵਰੇ

## (World Famous Proverbs)


ਚੋਣ ਤੇ ਸੰਪਾਦਨ

**ਪਰਮਿੰਦਰ ਸੋਢੀ**

*Sayings/Idioms/Proverbs /Lexicography/Selection and Translation into Punjabi of World famous Sayings, Idioms, Proverbs/Collections*

**Vishav Prasidh Muhavare**

*(World Famous Proverbs)*

*Collected & Edited by*

**Parminder Sodhi**

2007

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

Type Setting & Design PCIS

Printed & bound at Jai Offset Printers, Chandigarh

Ph:0172-2640382

*© Parminder Sodhi*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਉਨ੍ਹਾਂ ਦੇ ਨਾਂ**

*ਜੋ ਅੱਜ ਵੀ*

*ਪਿਆਰ, ਨੇਕੀ ਤੇ ਖ਼ੁਸ਼ੀਆਂ ਦੇ*

*ਬੀਜ ਬੀਜਣ ਲਈ*

*ਯਤਨਸ਼ੀਲ ਹਨ*

# ਤਰਤੀਬ


* **ੳ...**
(ਉਮਰ-ਉਪਦੇਸ਼) 17-23
* **ਅ...**
(ਅਕਲ ਦੀ ਗੱਲ-ਅੱਜ) 24-53
* **ੲ...**
(ਈਮਾਨ-ਇਲਾਜ) 54-61
* **ਸ...**
(ਸਵਾਲ-ਸਹਿਣਾ) 62-105
* **ਹ...**
(ਹਮਦਰਦੀ-ਹੜ੍ਹ) 105-112
* **ਕ...**
(ਕਿਤਾਬਾਂ-ਕਹਾਣੀ) 113-132
* **ਖ...**
(ਖੁਸ਼ੀ-ਖਾਹਸ਼ਾਂ) 133-140
* **ਗ...**
(ਗਲਤੀ-ਗੱਪਬਾਜ਼ੀ) 141-153
* **ਘ...**
(ਘਰ-ਘਰ ਦਾ ਭੇਤੀ) 154-155
* **ਚ...**
(ਚੰਗਾ ਤੇ ਮਾੜਾ-ਚਿਤਾਵਨੀ) 156-170
* **ਛ...**
(ਛੋਟੀਆਂ ਚੀਜ਼ਾਂ-ਛੇੜਖਾਨੀ) 171-172
* **ਜ...**
(ਜਲਦਬਾਜੀ-ਜੁਆਨ) 173-178
* **ਝ...**
(ਝਗੜਾ-ਝਮੇਲੇ) 179-181
* **ਟ...**
(ਟੀਚਾ-ਟਾਹਣੀ) 182
* **ਠ...**
(ਠੋਕਰ-ਠੀਕ ਦਿਸ਼ਾ) 183
* **ਡ...**
(ਡਰ-ਡਰਨਾ) 184-188
* **ਢ...**
(ਢੁਕਵੀਂ ਗੱਲ-ਢਿੱਡ) 189
* **ਤ...**
(ਤਾਕਤ-ਤਿਤਲੀਆਂ) 190-198
* **ਥ...**
(ਥੋਥਾਪਣ-ਥੁੜ) 199
* **ਦ...**
(ਦਿਖਾਵਾ-ਦਾਜ) 200-218
* **ਧ...**
(ਧਰਮ-ਧੱਬਾ) 219-222
* **ਨ...**
(ਨਤੀਜੇ-ਨਵੀਂ ਥਾਂ) 223-237
* **ਪ...**
(ਪੈਸਾ-ਪਾਣੀ) 238-257
* **ਫ...**
(ਫੈਸਲਾ-ਫਿਸਲਣਾ) 258-261

* ਬ...
(ਬੱਚੇ-ਬਲੋੜੇ ਕੰਮ) 262-283
* ਭ...
(ਭੇਤ-ਭਿਖਾਰੀ) 284-291
* ਮ...
(ਮੁਸੀਬਤ-ਮਹਾਨ) 292-321
* ਯ...
(ਯੋਗਤਾ-ਯੋਜਨਾ) 322-326
* ਰ...
(ਰਿਸ਼ਤੇ-ਰਖਵਾਲੀ) 327-334
* ਲ...
(ਲਾਲਚ-ਲਾਭ) 335-340
* ਵ...
(ਵਤੀਰਾ-ਵਪਾਰੀ) 339-360
* ਸ਼...
(ਸ਼ੁਰੂਆਤ-ਸ਼ਕਤੀ) 361-369
* ਖ਼...
(ਖ਼ਦਫਰੇਬੀ-ਖ਼ਤਰਾ) 370
* ਜ਼...
(ਜ਼ੁਬਾਨ-ਜ਼ਬਰਦਸਤੀ) 371-373
* ਹਵਾਲੇ ਤੇ ਸਰੋਤ 374

# ਭੂਮਿਕਾ

ਮੁਹਾਵਰੇ ਨੂੰ ਕਹਾਵਤ ਜਾਂ ਲੋਕੋਕਤੀ ਵੀ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਵਿਚ ਅਖਾਣ ਜਾਂ ਅਖੌਤ ਵੀ ਇਸ ਦੇ ਨੇੜਲੇ ਰੂਪ ਹਨ। ਆਮ ਕਰਕੇ ਇਹ ਬੜਾ ਸੰਖੇਪ ਅਤੇ ਜਾਣਿਆ ਪਛਾਣਿਆ ਕਥਨ ਹੁੰਦਾ ਹੈ, ਜਿਸ ਵਿਚ ਕੋਈ ਸਿਆਣਪ ਜਾਂ ਸਿਖਿਆ ਲੁਕੀ ਹੁੰਦੀ ਹੈ।

ਥੋੜ੍ਹੇ ਜਿਹੇ ਸ਼ਬਦਾਂ ਵਿਚ ਕਹੀ ਵੱਡੇ ਅਰਥਾਂ ਵਾਲੀ ਗੱਲ ਨੂੰ ਮੁਹਾਵਰਾ ਕਿਹਾ ਜਾਂਦਾ ਹੈ। ਇਹ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਹੁੰਦਾ ਹੈ। ਇਸ ਵਿਚ ਲੋਕਾਂ ਦਾ ਸਾਂਝਾ ਅਨੁਭਵ ਤੇ ਸਿਆਣਪ ਬੰਦ ਪਏ ਹੁੰਦੇ ਹਨ। ਜਿਸ ਨੂੰ ਲੋਕਾਂ ਨੇ ਹਜ਼ਾਰਾਂ ਸਾਲਾਂ ਦੀ ਹੱਡਬੀਤੀ ਰਾਹੀਂ ਹਾਸਿਲ ਕੀਤਾ ਹੁੰਦਾ ਹੈ।

'ਦੋ ਘਰਾਂ ਦਾ ਮਹਿਮਾਨ ਭੁੱਖਾ ਰਹਿੰਦਾ ਹੈ' ਜਾਂ 'ਜਿਸ ਤਨ ਲੱਗੇ ਸੋ ਤਨ ਜਾਣੇ' ਵਰਗੇ ਹਜ਼ਾਰਾਂ ਮੁਹਾਵਰੇ ਅਸੀਂ ਨਿੱਤ ਆਪਣੀ ਬੋਲ-ਚਾਲ ਵਿਚ ਸੌਖੇ ਹੀ ਵਰਤ ਲੈਂਦੇ ਹਾਂ।

ਵਾਰ ਵਾਰ ਦੁਹਰਾਏ ਜਾਣ ਕਰਕੇ ਮੁਹਾਵਰਿਆਂ ਵਿਚ ਸੰਖੇਪਤਾ ਤੇ ਚੁਸਤੀ ਆ ਜਾਂਦੀ ਹੈ। ਜਿਸ ਕਰਕੇ ਇਨ੍ਹਾਂ ਨੂੰ ਸੌਖੇ ਹੀ ਯਾਦ ਰੱਖਿਆ ਜਾ ਸਕਦਾ ਹੈ। ਭਾਵੇਂ ਕਿ ਮੁਹਾਵਰੇ ਬੜੇ ਸੰਖੇਪ ਅਤੇ ਸਰਲ ਹੁੰਦੇ ਹਨ ਪਰ ਤਾਂ ਵੀ ਇਨ੍ਹਾਂ ਅੰਦਰ ਬੜੇ ਡੂੰਘੇ ਵਿਚਾਰ, ਅਮਲੀ ਨਸੀਹਤਾਂ ਅਤੇ ਕੌਮਾਂ ਦੀਆਂ ਹੱਡੀ-ਬੀਤੀਆਂ ਨੂੰ ਸਮੋਇਆ ਹੁੰਦਾ ਹੈ।

ਜੇ ਮੁਹਾਵਰੇ ਦੀ ਪਰਿਭਾਸ਼ਾ ਨਿਸ਼ਚਿਤ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮੁਹਾਵਰਾ ਲੋਕਾਂ ਦੀ ਨਿੱਤ ਦੀ ਬੋਲ-ਚਾਲ ਵਿਚ ਪ੍ਰਚਲਤ ਅਜਿਹਾ ਸੰਖੇਪ ਕਥਨ ਹੁੰਦਾ ਹੈ, ਜਿਸ ਵਿਚ ਕਿਸੇ ਕੌਮ ਦੀ ਅਮਲੀ ਸਿਆਣਪ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਿਆ ਜਾਂਦਾ ਹੈ। ਜਿਸ ਵਿਚ ਉਸ ਕੌਮ ਦੇ ਰਵਾਇਤੀ ਨਜ਼ਰੀਏ, ਹੱਡਬੀਤੀਆਂ, ਨੇਕ ਚਲਣ ਬਚਨਾਂ ਤੇ ਸੱਚਾਈਆਂ ਨੂੰ ਨਾਟਕੀ ਢੰਗ ਨਾਲ ਪ੍ਰਗਟ ਕੀਤਾ ਗਿਆ ਹੁੰਦਾ ਹੈ।

ਜਿਵੇਂ ਕਿ ਉਪਰ ਕਿਹਾ ਗਿਆ ਹੈ ਕਿ ਮੁਹਾਵਰੇ ਦੀ ਪਹਿਲੀ ਵਿਸ਼ੇਸ਼ਤਾ ਇਸ ਦੀ ਸੰਖੇਪਤਾ ਹੁੰਦੀ ਹੈ। ਇਸ ਵਿਚ ਡੂੰਘੇ ਸੱਚ ਅਤੇ ਫਲਸਫ਼ੇ ਨੂੰ ਵੀ ਸੰਖੇਪ ਅਤੇ ਸਰਲ-ਸਾਦੇ ਢੰਗ ਨਾਲ ਬਿਆਨ ਕੀਤਾ ਗਿਆ ਹੁੰਦਾ ਹੈ।

ਮਿਸਾਲ ਵਜੋਂ ਭਾਰਤੀ ਅਤੇ ਬੁੱਧ ਫਲਸਫ਼ੇ ਵਿਚ ਅਸਤਿਤਵ ਦੇ ਤਿੰਨ ਲੱਛਣਾਂ—ਅਨਿੱਤ, ਦੁੱਖ ਅਤੇ ਅਣਅੱਤ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਚੋਂ ਪਹਿਲਾ ਲੱਛਣ 'ਅਨਿੱਤ' ਦਾ ਹੈ। ਭਾਰਤੀ ਫਲਸਫ਼ੇ ਅਨੁਸਾਰ ਸ੍ਰਿਸ਼ਟੀ ਅੰਦਰ ਹਰ ਵਸਤੂ ਵਰਤਾਰੇ ਦੀ ਹੋਂਦ ਅਸਥਾਈ ਹੁੰਦੀ ਹੈ। ਸਮੁੱਚਾ ਸੰਸਾਰ ਹੀ ਇਕ ਵਹਿਣ ਹੈ। ਪਲ ਪਲ ਬਦਲ ਰਿਹਾ ਹੈ। ਮਹਾਤਮਾ ਬੁੱਧ ਅਨੁਸਾਰ, "ਸਮੁੱਚਾ ਸੰਸਾਰ ਹੀ ਕਿਸੇ ਝਓਲੇ ਵਾਂਗ ਹੈ। ਇਹ ਥੋੜ੍ਹ-ਚਿਰਾ ਹੈ। ਪਹੁ ਫੁਟਾਲੇ ਦਾ ਤਾਰਾ, ਨਦੀ 'ਚੋਂ ਪੈਦਾ ਹੋਇਆ ਪਾਣੀ ਦਾ ਬੁਲਬੁਲਾ, ਗਰਮ ਰੁੱਤ ਦੇ ਬੱਦਲਾਂ 'ਚੋਂ ਚਮਕਦੀ ਬਿਜਲੀ, ਦੀਵੇ ਦੀ ਟਿਮਟਿਮਾਹਟ, ਸੁਪਨਾ ਅਤੇ ਪਰਛਾਵਾਂ, ਇਹ ਸਾਰੇ ਹੀ ਥੋੜ੍ਹ-ਚਿਰੇ ਹਨ।"

ਭਾਰਤੀ ਫਲਸਫ਼ੇ ਦੇ ਇਸ ਮਹਾਨ ਸੰਕਲਪ ਨੂੰ ਮੁਹਾਵਰੇ ਬੜੀ ਸੌਖੀ ਤਰ੍ਹਾਂ ਬਿਆਨ ਕਰ ਸਕਦੇ ਹਨ।

*ਗੰਗਾ ਗਈਆਂ ਹੱਡੀਆਂ ਨਹੀਂ ਮੁੜਦੀਆਂ।*

*-ਪੰਜਾਬੀ*

*ਝੜ ਗਿਆ ਪੱਤਾ ਮੁੜ ਕੇ ਟਾਹਣੀ 'ਤੇ ਨਹੀਂ ਲੱਗ ਸਕਦਾ ।*

*-ਜਪਾਨੀ*

ਇਸ ਤਰ੍ਹਾਂ ਮਨੁੱਖੀ ਅਨੁਭਵ ਅਤੇ ਸਿਆਣਪ ਨਾਲ ਜੁੜੇ ਲਗਪਗ ਹਰ ਵਿਸ਼ੇ ਨੂੰ ਮੁਹਾਵਰੇ ਵਿਚ ਸੌਖਾ ਅਤੇ ਸੰਖੇਪ ਪ੍ਰਗਟਾ ਮਿਲ ਜਾਂਦਾ ਹੈ।

ਮੁਹਾਵਰੇ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ ਦੇ ਰਚਨਾਕਾਰ ਬਾਰੇ ਕਿਸੇ ਨੂੰ ਪਤਾ ਨਹੀਂ ਹੁੰਦਾ। ਇਸ ਨੂੰ ਤਾਂ ਆਮ ਲੋਕਾਈ ਨੇ ਹੀ ਘੜਿਆ ਹੁੰਦਾ ਹੈ ਅਤੇ ਮੂੰਹ ਜ਼ਬਾਨੀ ਹੀ ਅੱਗੇ ਤੋਰਿਆ ਹੁੰਦਾ ਹੈ। ਜਿਸ ਉਕਤੀ ਦੇ ਸਿਰਜਕ ਜਾਂ ਲੇਖਕ ਦੇ ਨਾਂਅ ਦਾ ਪਤਾ ਹੋਵੇ, ਉਹ ਮੁਹਾਵਰਾ ਨਹੀਂ ਅਖਵਾਂਦਾ।

ਮੁਹਾਵਰੇ ਦੀ ਸ਼ੈਲੀ ਭਾਵ ਇਸ ਦੇ ਬੋਲਣ ਜਾਂ ਲਿਖਣ ਦੇ ਢੰਗ ਨਾਲ ਕੁਝ ਮੁਢਲੇ ਲੱਛਣ ਖ਼ਾਸ ਤੌਰ 'ਤੇ ਜੁੜੇ ਹੁੰਦੇ ਹਨ। ਜਿਨ੍ਹਾਂ ਵਿਚੋਂ ਤੁਕਬੰਦੀ, ਸਮਵਿੱਥਤਾ ਤੇ ਪਦ-ਲੋਪ ਜਾਂ ਸ਼ਬਦ-ਲੋਪ ਵਿਸ਼ੇਸ਼ ਹਨ।

ਮੁਹਾਵਰੇ ਲੋਕ-ਸਾਹਿਤ ਦਾ ਮਹੱਤਵਪੂਰਨ ਹਿੱਸਾ ਹਨ। ਇਨ੍ਹਾਂ ਦੀ ਰਚਨਾ ਅਤੇ ਪ੍ਰਵਚਨ ਮੌਖਿਕ ਰੂਪ ਵਿਚ ਹੁੰਦਾ ਹੈ। ਇਸੇ ਲਈ ਇਨ੍ਹਾਂ ਦਾ ਤੁਕਮਈ ਹੋ ਜਾਣਾ ਸੁਭਾਵਕ ਹੁੰਦਾ ਹੈ। 'ਮਰਦਾ ਕੀ ਨਾ ਕਰਦਾ'; 'ਸ਼ਾਹ ਬਿਨਾਂ ਪਤ ਨਹੀਂ, ਗੁਰੂ ਬਿਨਾਂ ਗਤ ਨਹੀਂ' ਅਤੇ 'ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ' ਆਦਿ ਮੁਹਾਵਰੇ ਇਸ ਦੀ ਮਿਸਾਲ ਹਨ।

ਸ਼ੈਲੀ ਪੱਖੋਂ ਮੁਹਾਵਰੇ ਦਾ ਦੂਸਰਾ ਖਾਸ ਗੁਣ ਸਮਵਿੱਥਤਾ ਜਾਂ ਸਮਰੂਪਤਾ ਹੈ। ਮੁਹਾਵਰੇ ਅੰਦਰ ਦੋ ਵਿਚਾਰਾਂ ਨੂੰ ਬਰਾਬਰ ਦੀ ਵਿੱਥ 'ਤੇ ਰੱਖ ਕੇ ਕਿਸੇ ਵੱਡੇ ਸੱਚ ਨੂੰ



ਉਭਾਰਿਆ ਜਾਂਦਾ ਹੈ। ਉਦਾਹਰਣ ਵਜੋਂ 'ਨੀਮ ਹਕੀਮ, ਖਤਰਾ ਜਾਨ' ਨੂੰ ਲਿਆ ਜਾ ਸਕਦਾ ਹੈ। ਨੀਮ ਹਕੀਮ ਅਤੇ ਖਤਰਾ ਜਾਨ, ਦੋਹਾਂ ਦੀ ਆਪਸ ਵਿਚ ਸਾਂਝ ਹੈ। ਦੋਹਾਂ ਨੂੰ ਸਮਵਿੱਥ 'ਤੇ ਰੱਖ ਕੇ ਦੇਖਿਆ ਜਾਵੇ ਤਾਂ ਨਿਚੋੜ ਨਿਕਲਦਾ ਹੈ ਕਿ ਰੋਗੀ ਨੂੰ ਆਪਣਾ ਇਲਾਜ ਕਿਸੇ ਚੰਗੇ ਡਾਕਟਰ ਤੋਂ ਹੀ ਕਰਵਾਣਾ ਚਾਹੀਦਾ ਹੈ। ਇਸੇ ਤਰ੍ਹਾਂ 'ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲ ਖੋਟੀਆਂ' ਜਾਂ 'ਜਦ ਤਕ ਸੁਆਸ, ਤਦ ਤਕ ਆਸ' ਆਦਿ ਸੈਂਕੜੇ ਮੁਹਾਵਰੇ ਦੋ ਵਿਚਾਰਾਂ ਨੂੰ ਸਮਾਨਅੰਤਰ ਰੱਖਣ ਨਾਲ ਰਚੇ ਜਾਂਦੇ ਹਨ।

ਪਦ-ਲੋਪ ਜਾਂ ਸ਼ਬਦ-ਲੋਪ ਮੁਹਾਵਰਾ ਸ਼ੈਲੀ ਦਾ ਤੀਸਰਾ ਵੱਡਾ ਲੱਛਣ ਹੈ, ਜਿਵੇਂ ਕਿ ਸ਼ੁਰੂ ਵਿਚ ਜ਼ਿਕਰ ਹੋਇਆ ਸੀ ਕਿ ਸੰਖੇਪਤਾ ਮੁਹਾਵਰੇ ਦਾ ਖਾਸ ਗੁਣ ਹੈ।

ਕਿਉਂਕਿ ਮੁਹਾਵਰਾ ਲੋਕਾਂ ਦੇ ਸਾਂਝੇ ਅਨੁਭਵ 'ਚੋਂ ਪੈਦਾ ਹੋਈ ਸਿਆਣਪ ਦਾ ਨਿਚੋੜ ਹੁੰਦਾ ਹੈ, ਇਸ ਲਈ ਇਸ ਦੀ ਯਾਤਰਾ ਵੀ ਮੂੰਹੋਂ-ਮੂੰਹ ਹੁੰਦੀ ਹੈ। ਬਾਰ ਬਾਰ ਦੁਹਰਾਏ ਜਾਣ ਨਾਲ ਮੁਹਾਵਰੇ 'ਚੋਂ ਬੇਲੋੜੇ ਸ਼ਬਦ ਝੜ ਜਾਂਦੇ ਹਨ। ਇਸ ਦੀ ਬਣਤਰ ਵਿਚ ਚੁਸਤੀ ਆ ਜਾਂਦੀ ਹੈ। ਸੌਖੇ ਹੀ ਯਾਦ ਰੱਖਣ ਦੀ ਲੋੜ 'ਚੋਂ ਕਈ ਸ਼ਬਦ ਸਹਿਜੇ ਹੀ ਛੁੱਟ ਜਾਂਦੇ ਹਨ। ਇਸ ਕਿਰਿਆ ਨੂੰ ਸ਼ਬਦ-ਲੋਪ ਕਿਹਾ ਜਾਂਦਾ ਹੈ।

'ਭਾਦੋਂ ਦੀ ਕਠੋਰਤਾ ਦਾ ਮਾਰਿਆ ਜੱਟ ਫਕੀਰ ਹੋ ਜਾਂਦਾ ਹੈ।' ਇਸ ਸਮਾਜਿਕ ਵਰਤਾਰੇ ਨੂੰ ਪਛਾਨਣ ਤੋਂ ਬਾਅਦ ਲੋਕਾਂ ਨੇ ਇਸ ਨੂੰ ਬਾਰ ਬਾਰ ਬੋਲਿਆ ਹੋਵੇਗਾ ਤਾਂ ਇਸ ਵਿਚੋਂ ਕੁਝ ਸ਼ਬਦ ਆਪਣੇ ਆਪ ਹੀ ਛੱਡੇ ਗਏ ਹੋਣਗੇ। ਹੌਲੀ ਹੌਲੀ ਮੁਹਾਵਰੇ ਦਾ ਰੂਪ 'ਭਾਦੋਂ ਦਾ ਮਾਰਿਆ ਜੱਟ ਫਕੀਰ' ਹੋ ਗਿਆ ਹੋਵੇਗਾ। 'ਕਠੋਰਤਾ' ਜਾਂ 'ਹੋ ਜਾਂਦਾ ਹੈ' ਵਰਗੇ ਸ਼ਬਦ ਲੋਕ-ਜ਼ੁਬਾਨ 'ਚੋਂ ਸਹਿਜੇ ਹੀ ਫਿਸਲ ਗਏ ਹੋਣਗੇ। ਇਸੇ ਨੂੰ ਸ਼ਬਦ-ਲੋਪ ਕਿਹਾ ਜਾਂਦਾ ਹੈ।

ਉਂਜ ਸ਼ਬਦ-ਲੋਪ ਦੀ ਕਿਰਿਆ ਨਾਲ ਵੀ ਮੁਢਲੇ ਵਾਕ ਦਾ ਤਰਕ ਜਾਂ ਅਰਥ ਨਹੀਂ ਵਿਗੜਦਾ। ਲੋਪ ਹੋਏ ਸ਼ਬਦ ਦੀ ਕਲਪਨਾ ਸੌਖੇ ਹੀ ਕੀਤੀ ਜਾ ਸਕਦੀ ਹੈ।

ਮੁਹਾਵਰੇ ਦੀ ਸ਼ੈਲੀ, ਢੰਗ ਜਾਂ ਤਰਜ਼ ਨਾਲ ਜੁੜੇ ਇਨ੍ਹਾਂ ਚਾਰ ਮੁਢਲੇ ਲੱਛਣਾਂ (ਸੰਖੇਪਤਾ, ਤੁਕਬੰਦੀ, ਸਮਵਿੱਥਤਾ ਅਤੇ ਸ਼ਬਦ-ਲੋਪ) ਤੋਂ ਇਲਾਵਾ ਮੁਹਾਵਰੇ ਦੇ ਕੁਝ ਅੰਦਰੂਨੀ ਗੁਣ ਵੀ ਪਛਾਣੇ ਜਾ ਸਕਦੇ ਹਨ ਜੋ ਕਿ ਇਸ ਦੇ ਵਿਸ਼ੇ ਵਸਤੂ ਨੂੰ ਸਮਝਣ ਵਿਚ ਸਹਾਈ ਹੋ ਸਕਦੇ ਹਨ।

ਪਹਿਲਾ; ਵਿਚਾਰਾਂ ਦਾ ਮਾਨਵੀਕਰਨ ਜਾਂ ਮੂਰਤੀਕਰਨ ਕਰਨਾ, ਦੂਜਾ ਵਿਰੋਧਾਭਾਸੀ ਹੋਣਾ ਅਤੇ ਤੀਜਾ; ਅਤਿਕਥਨੀ ਪੂਰਨ ਹੋਣਾ—ਮੁਹਾਵਰੇ ਦੇ ਵਿਸ਼ਾ-ਵਸਤੂ ਨਾਲ ਜੁੜੇ ਪ੍ਰਮੁੱਖ ਲੱਛਣ ਹਨ।

ਕੁਦਰਤ ਜਾਂ ਆਲੇ-ਦੁਆਲੇ ਵਿਚਲੀਆਂ ਹੋਰ ਵਸਤੂਆਂ ਜਾਂ ਪਸ਼ੂ-ਪੰਛੀਆਂ ਨੂੰ ਮਾਨਵੀ ਜਾਂ ਮਨੁੱਖੀ ਗੁਣ ਦੇਣ ਦੀ ਕਿਰਿਆ ਨੂੰ ਮਾਨਵੀਕਰਨ ਕਿਹਾ ਜਾਂਦਾ ਹੈ। 'ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ'। ਗਾਲ੍ਹੜ ਨੂੰ ਪਟਵਾਰੀ ਦੇ ਰੂਪ ਵਿਚ ਦੇਖਣਾ ਇਕ ਪੰਛੀ ਦਾ ਮਾਨਵੀਕਰਨ ਹੈ। ਇਸੇ ਤਰ੍ਹਾਂ ਸੂਖ਼ਮ ਵਿਚਾਰਾਂ ਦਾ ਮੂਰਤੀਕਰਨ ਕੀਤਾ ਜਾਂਦਾ ਹੈ। 'ਚਿੰਤਾ ਚਿਖਾ ਬਰਾਬਰ' ਵਿਚ ਚਿੰਤਾ ਇਕ ਸੂਖ਼ਮ ਵਿਚਾਰ ਹੈ। ਪਰ ਇਸ ਨੂੰ ਕਲਪਨਾ ਰਾਹੀਂ 'ਚਿਖਾ' ਦਾ ਰੂਪ ਦੇ ਕੇ, ਇਸ ਦਾ ਮੂਰਤੀਕਰਨ ਕਰ ਦਿੱਤਾ ਗਿਆ ਹੈ।

ਸੂਖ਼ਮ ਖ਼ਿਆਲਾਂ ਤੋਂ ਇਲਾਵਾ ਆਲੇ-ਦੁਆਲੇ ਦੇ ਜੀਵ-ਜੰਤੂਆਂ, ਬਿਰਖ਼ਾਂ, ਬੱਦਲਾਂ, ਪਹਾੜਾਂ ਤੇ ਹੋਰ ਵਸਤੂ-ਵਰਤਾਰੇ ਨੂੰ ਮਨੁੱਖੀ ਗੁਣ ਦੇਣੇ ਮੁਹਾਵਰੇ ਦਾ ਵਿਸ਼ੇਸ਼ ਲੱਛਣ ਹੈ।

ਜਿਹੜੀ ਗੱਲ ਸੁਣਨ ਨੂੰ ਤਾਂ ਅਸੰਭਵ ਜਾਂ ਉਲਟੀ ਜਾਂ ਅਸਪਸ਼ਟ ਜਿਹੀ ਲੱਗੇ ਪਰ ਹੋਵੇ ਸੱਚੀ, ਉਸ ਨੂੰ ਵਿਰੋਧਾਭਾਸੀ ਕਿਹਾ ਜਾਂਦਾ ਹੈ। 'ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ' ਜਾਂ 'ਟਕੇ ਦਾ ਹਾਥੀ ਮਹਿੰਗਾ ਸੌ ਰੁਪਏ ਦਾ ਸਸਤਾ', ਜਾਂ 'ਟੁੰਡੀ ਬਾਂਹ ਤੇ ਚੂੜੀ ਦਾ ਚਾਅ' ਆਦਿ ਮੁਹਾਵਰੇ ਸੁਣਨ ਨੂੰ ਆਪਾ-ਵਿਰੋਧੀ ਲਗਦੇ ਹਨ। ਪਰ ਇਨ੍ਹਾਂ ਰਾਹੀਂ ਕਿਸੇ ਨਾ ਕਿਸੇ ਸੱਚੇ ਅਨੁਭਵ ਨੂੰ ਬਿਆਨ ਕੀਤਾ ਗਿਆ ਹੈ।

ਮੁਹਾਵਰੇ 'ਚ ਅਕਸਰ ਵਿਚਾਰਾਂ ਨੂੰ ਵਧਾ ਚੜ੍ਹਾ ਕੇ ਜਾਂ ਨਾਟਕੀ ਰੂਪ ਵਿਚ ਕਿਹਾ ਜਾਂਦਾ ਹੈ। ਇਸ ਦਾ ਮਕਸਦ ਕਿਸੇ ਖ਼ਾਸ ਨੁਕਤੇ ਜਾਂ ਉਪਦੇਸ਼ ਉਪਰ ਜ਼ੋਰ ਦੇਣਾ ਹੁੰਦਾ ਹੈ।

ਆਮ ਗੱਲ ਨੂੰ ਵਧਾ-ਚੜ੍ਹਾ ਕੇ ਕਹਿਣ ਦੇ ਗੁਣ ਨੂੰ ਹੀ ਅਤਿਕਥਨੀ ਕਿਹਾ ਜਾਂਦਾ ਹੈ। ਅੰਗਰੇਜ਼ੀ ਦਾ ਇਕ ਮੁਹਾਵਰਾ ਹੈ ਕਿ ਪਿਆਰ ਅਤੇ ਯੁੱਧ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਯੁੱਧ ਵਿਚ ਹਾਲਾਤ ਆਮ ਨਹੀਂ ਹੁੰਦੇ। ਬੜਾ ਕੁਝ ਵੱਖਰੀ ਤਰ੍ਹਾਂ ਦਾ ਵਾਪਰਦਾ ਹੈ। ਇਸੇ ਤਰ੍ਹਾਂ ਪਿਆਰ ਵਿਚ ਵੀ ਮਨੁੱਖ ਆਮ ਨਾਲੋਂ ਵੱਖਰੀ ਤਰ੍ਹਾਂ ਮਹਿਸੂਸ ਕਰਦਾ ਹੈ।.ਇਸੇ ਗੱਲ ਨੂੰ ਮੁਹਾਵਰੇ ਵਿਚ ਬਹੁਤ ਵਧਾ-ਚੜ੍ਹਾ ਕੇ ਕਿਹਾ ਗਿਆ ਹੈ ਕਿ ਪਿਆਰ ਅਤੇ ਯੁੱਧ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਇਸੇ ਨੂੰ ਅਤਿਕਥਨੀ ਕਿਹਾ ਜਾਂਦਾ ਹੈ।

ਪੰਜਾਬੀ ਵਿਚ 'ਕੀੜੀ ਦੇ ਘਰ ਨਰਾਇਣ', 'ਜ਼ੋਰਾਵਰ ਦਾ ਸੱਤੀ ਵੀਹੀਂ ਸੌ' ਅਤੇ 'ਜਿਸ ਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ' ਆਦਿ ਮੁਹਾਵਰੇ ਅੱਤਕਥਨੀ ਦੀਆਂ ਮਿਸਾਲਾਂ ਹਨ।

ਮੁਹਾਵਰਿਆਂ ਰਾਹੀਂ ਕਿਸੇ ਕੌਮ ਦਾ ਸਾਂਝਾ ਅਨੁਭਵ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਹੈ। ਇਸ ਤਰ੍ਹਾਂ ਮੁਹਾਵਰਿਆਂ ਰਾਹੀਂ ਸਾਨੂੰ ਆਪਣੇ ਸਮਾਜ ਅਤੇ ਸਭਿਆਚਾਰ ਦੇ ਵੱਖੋ-ਵੱਖਰੇ ਇਤਿਹਾਸਕ ਪੜਾਵਾਂ ਦਾ ਵੀ ਪਤਾ ਲਗਦਾ ਹੈ। ਮੱਧਕਾਲ ਵਿਚਲੇ ਪੰਜਾਬੀਆਂ ਦਾ ਅਨੁਭਵ 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦਸ਼ਾਹੇ ਦਾ' ਵਿਚ ਸਮੋਇਆ ਹੋਇਆ ਹੈ। ਇਸੇ ਤਰ੍ਹਾਂ ਸਮਾਜ ਦੇ ਜਗੀਰਦਾਰੀ ਪੜਾਅ ਦਾ ਅੰਦਾਜ਼ਾ 'ਉੱਤਮ ਖੇਤੀ, ਮੱਧਮ ਵਪਾਰ ਤੇ ਨਖਿੱਧ ਚਾਕਰੀ' ਵਰਗੇ ਮੁਹਾਵਰਿਆਂ ਵਿਚੋਂ ਲਗਾਇਆ ਜਾ ਸਕਦਾ ਹੈ।



ਮੁਹਾਵਰਿਆਂ ਦਾ ਇਕ ਹੋਰ ਵਿਸ਼ੇਸ਼ ਗੁਣ ਇਕ ਬੋਲੀ 'ਚੋਂ ਦੂਸਰੀ ਬੋਲੀ ਵਿਚ ਸਹਿਜੇ ਹੀ ਚਲੇ ਜਾਣਾ ਅਤੇ ਪ੍ਰਚਲਤ ਹੋ ਜਾਣਾ ਹੁੰਦਾ ਹੈ। ਮੁਹਾਵਰੇ ਅਕਸਰ ਵੱਖੋ-ਵੱਖਰੇ ਦੇਸ਼ਾਂ ਅਤੇ ਵੱਖੋ ਵੱਖਰੀਆਂ ਬੋਲੀਆਂ ਤੋਂ ਉਧਾਰੇ ਲਏ ਹੁੰਦੇ ਹਨ। ਕਈ ਵਾਰ ਇਨ੍ਹਾਂ ਦੀ ਯਾਤਰਾ ਬੜੀ ਲੰਬੀ ਹੁੰਦੀ ਹੈ। ਇਹ ਇਕ ਤੋਂ ਬਾਅਦ ਦੂਜੀ ਬੋਲੀ 'ਚੋਂ ਅਤੇ ਕਈ ਕਈ ਦੇਸ਼ਾਂ ਵਿਚੋਂ ਦੀ ਲੰਘਦੇ ਹੋਏ ਸਾਡੀ ਬੋਲੀ ਵਿਚ ਸ਼ਾਮਲ ਹੋ ਗਏ ਹੁੰਦੇ ਹਨ।

ਇਸੇ ਲਈ ਕਈ ਮੁਹਾਵਰੇ ਦੁਨੀਆ ਦੀ ਹਰ ਬੋਲੀ ਵਿਚ ਹੂਬਹੂ ਜਾਂ ਮਾੜੇ ਮੋਟੇ ਫ਼ਰਕ ਨਾਲ ਪ੍ਰਚਲਤ ਪਾਏ ਜਾਂਦੇ ਹਨ। ਮਿਸਾਲ ਵਜੋਂ 'ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ' ਇਹ ਮੁਹਾਵਰਾ ਥੋੜ੍ਹੇ ਬਹੁਤੇ ਫ਼ਰਕ ਨਾਲ ਹਰ ਭਾਸ਼ਾ ਵਿਚ ਮਿਲ ਜਾਂਦਾ ਹੈ :

> *ਗਰਮ ਤਰੀ ਨਾਲ ਮੂੰਹ ਸੜਿਆ ਹੋਵੇ ਤਾਂ ਬੰਦਾ ਠੰਡੇ ਪਾਣੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ।*
>
> -ਕੋਰੀਆ
>
> *ਜਿਸ ਦਾ ਮੂੰਹ ਸੜ ਜਾਵੇ ਉਹ ਸਲਾਦ ਨੂੰ ਵੀ ਫੂਕਾਂ ਮਾਰਦਾ ਹੈ।*
>
> -ਯੂਰਪ
>
> *ਦੁੱਧ ਨਾਲ ਸੜਿਆ ਠੰਡੇ ਪਾਣੀ ਨੂੰ ਵੀ ਫੂਕਾਂ ਮਾਰਦਾ ਹੈ।*
>
> -ਰੂਸ

ਵੱਖੋ-ਵੱਖਰੀਆਂ ਬੋਲੀਆਂ ਦੇ ਮੁਹਾਵਰੇ ਇਕੱਠੇ ਕਰਨ ਨਾਲ ਕਈ ਦਿਲਚਸਪ ਨਤੀਜੇ ਕੱਢੇ ਜਾ ਸਕਦੇ ਹਨ। ਸਮੁੱਚੀ ਮਨੁੱਖ ਜਾਤੀ ਦੇ ਮੁਢਲੇ ਅਨੁਭਵ, ਸਿਆਣਪਾਂ ਅਤੇ ਕੱਢੇ ਗਏ ਸਿੱਟੇ ਤਾਂ ਸਾਂਝੇ ਹੀ ਹੁੰਦੇ ਹਨ। ਪਰ ਇਤਿਹਾਸਕ ਅਤੇ ਸਭਿਆਚਾਰਕ ਹਾਲਾਤ ਅੱਡੋ-ਅੱਡ ਹੋਣ ਕਰਕੇ ਹਰ ਬੋਲੀ ਵਿਚ ਅਨੋਖੇ ਅਤੇ ਬੇਜੋੜ ਮੁਹਾਵਰਿਆਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ।

ਦੇਸ਼ਾਂ, ਰਾਜਾਂ ਅਤੇ ਕੌਮਾਂ ਨੇ ਕਈ ਇਤਿਹਾਸਕ ਯੁੱਧ ਆਪਸ ਵਿਚ ਲੜੇ ਹੁੰਦੇ ਹਨ। ਅਮਨ ਦੇ ਦਿਨਾਂ ਵਿਚ ਵੀ ਕੌਮਾਂ ਆਪਸ ਵਿਚ ਮੇਲ-ਜੋਲ ਸਥਾਪਤ ਕਰਦੀਆਂ ਹਨ। ਇਨ੍ਹਾਂ ਇਤਿਹਾਸਕ ਕਾਰਨਾਂ ਕਰਕੇ ਇਕ ਕੌਮ ਦੂਜੀ ਕੌਮ ਬਾਰੇ ਕਈ ਤਰ੍ਹਾਂ ਦੇ ਸਿੱਟੇ ਕੱਢ ਲੈਂਦੀ ਹੋਵੇਗੀ। ਜਿਨ੍ਹਾਂ ਦਾ ਅਧਿਐਨ ਦਿਲਚਸਪ ਹੋ ਸਕਦਾ ਹੈ।

ਪੰਜਾਬੀ ਵਿਚ ਆਪਣੀ ਹੀ ਕੌਮ ਅੰਦਰਲੇ ਉਪ-ਸਮੂਹਾਂ ਅਤੇ ਜਾਤਾਂ-ਗੋਤਾਂ ਦੇ ਸੁਭਾਅ ਬਾਰੇ ਵੀ ਕਈ ਮੁਹਾਵਰੇ ਪ੍ਰਚਲਤ ਹਨ ਅਤੇ ਕੁਝ ਮੁਹਾਵਰੇ ਦੂਜੀਆਂ ਕੌਮਾਂ ਬਾਰੇ ਵੀ ਲੱਭੇ ਜਾ ਸਕਦੇ ਹਨ।

ਯੂਰਪੀ ਕੌਮਾਂ ਨੇ ਏਸ਼ੀਆ ਅਤੇ ਅਫ਼ਰੀਕਾ ਦੇ ਕਈ ਮੁਲਕਾਂ ਨੂੰ ਸੈਂਕੜੇ ਵਰ੍ਹੇ ਗੁਲਾਮ ਰੱਖਿਆ ਤੇ ਉਨ੍ਹਾਂ ਦੀ ਲੁੱਟ ਖਸੁੱਟ ਕੀਤੀ। ਇਸੇ ਕਾਰਨ ਏਸ਼ੀਆ ਅਤੇ ਅਫ਼ਰੀਕਾ ਦੀਆਂ ਬੋਲੀਆਂ ਵਿਚ ਯੂਰਪੀ ਲੋਕਾਂ 'ਤੇ ਵਿਅੰਗ ਕਰਦੇ ਕਈ ਤਰ੍ਹਾਂ ਦੇ ਮੁਹਾਵਰੇ ਮਿਲ ਜਾਂਦੇ ਹਨ—

*ਗੋਰੇ ਨਾਲ ਹੱਥ ਮਿਲਾ ਕੇ ਆਪਣੀਆਂ ਉਂਗਲਾਂ ਗਿਣ ਲੈਣੀਆਂ ਚਾਹੀਦੀਆਂ ਹਨ।*

-ਅਲਬਾਨੀਆ

*ਗੋਰਾ ਆਦਮੀ ਯੂਰਪ ਨੂੰ ਕਦੇ ਨਹੀਂ ਭੁੱਲ ਸਕਦਾ।*

-ਕੋਂਗੋ

*ਅੰਗਰੇਜ਼ ਰਹਿੰਦਾ ਤਾਂ ਮਹਿਲਾਂ 'ਚ ਹੈ ਪਰ ਜਦੋਂ ਮਰਦਾ ਹੈ ਤਾਂ ਧਰਤੀ ਦੇ ਹੇਠਾਂ ਆ ਜਾਂਦਾ ਹੈ।*

-ਘਾਨਾ

*ਛਤਰੀ ਮੀਂਹ ਲਈ ਹੁੰਦੀ ਹੈ, ਪਰ ਗੋਰਾ ਇਸ ਨੂੰ ਧੁੱਪ 'ਚ ਵਰਤੀ ਜਾਂਦਾ ਹੈ।*

-ਜਮਾਇਕਾ

ਤਿੱਬਤ ਦੇ ਲੋਕਾਂ ਦੀ ਚੀਨ ਦੇ ਲੋਕਾਂ ਲਈ ਨਫ਼ਰਤ ਉਨ੍ਹਾਂ ਦੇ ਮੁਹਾਵਰਿਆਂ 'ਚੋਂ ਅਕਸਰ ਝਲਕਦੀ ਹੈ :

*ਕਿਸੇ ਚੀਨੇ ਦੀ ਦੱਬ ਕੇ ਧੁਲਾਈ ਕਰੋਗੇ ਤਾਂ ਉਹ ਤਿੱਬਤੀ ਬੋਲੀ 'ਚ ਗੱਲ ਕਰਨ ਲੱਗੇਗਾ।*

-ਤਿੱਬਤ

ਭਾਰਤੀ ਲੋਕਾਂ ਦੀ ਨਜ਼ਰ 'ਚ ਪਠਾਣ ਅਤੇ ਪਠਾਣਾਂ ਦੀ ਨਜ਼ਰ 'ਚ ਭਾਰਤੀ ਲੋਕ ਨਫ਼ਰਤ ਅਤੇ ਵਿਅੰਗ ਦੇ ਪਾਤਰ ਸਨ। ਇਸ ਦੇ ਇਤਿਹਾਸਕ ਕਾਰਨ ਸਭ ਨੂੰ ਪਤਾ ਹਨ। ਪਠਾਣਾਂ ਦੀ ਬੋਲੀ ਪਸ਼ਤੋ ਵਿਚ ਪਾਣੀ ਨੂੰ 'ਊਬਾ' ਕਿਹਾ ਜਾਂਦਾ ਹੈ। ਭਾਰਤੀ ਬੋਲੀਆਂ ਵਿਚ ਇਕ ਮੁਹਾਵਰਾ ਪ੍ਰਚਲਤ ਸੀ ਕਿ ਜਿਹੜਾ ਬੰਦਾ ਪਾਣੀ ਨੂੰ 'ਊਬਾ' ਕਹੇ ਉਸ ਦਾ ਸਿਰ ਪੱਥਰ ਹੇਠਾਂ ਦੇ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਪਠਾਣਾਂ ਦੀ ਨਜ਼ਰ ਵਿਚ ਭਾਰਤੀ ਲੋਕ ਵਿਅੰਗ ਦੇ ਪਾਤਰ ਸਨ। ਜਿਸ ਦੀ ਝਲਕ ਉਨ੍ਹਾਂ ਦੇ ਮੁਹਾਵਰਿਆਂ 'ਚੋਂ ਮਿਲਦੀ ਸੀ :



*ਹਿੰਦੂ ਦਾ ਨਾਚ ਕੀ ਹੈ? ਮੁੱਠੀਆਂ ਨੂੰ ਬੰਦ ਕਰੀ ਜਾਣਾ ਅਤੇ ਖੋਲ੍ਹੀ ਜਾਣਾ।*

-ਪਸ਼ਤੋ

*ਪਠਾਣ ਆਪਣੇ ਦੁਸ਼ਮਣ ਨੂੰ ਖਾਂਦਾ ਹੈ ਤੇ ਹਿੰਦੂ ਆਪਣੇ ਦੋਸਤ ਨੂੰ।*

-ਪਸ਼ਤੋ

*ਕਾਲੇ ਸੱਪ ਨੂੰ ਛੱਡ ਦੇਵੋ, ਪਰ ਕਾਲੇ ਜੱਟ ਨੂੰ ਕਦੇ ਨਾ ਛੱਡੋ।*

-ਪਸ਼ਤੋ

*ਦਾ ਮੁੱਢ ਵਾਲਾਂ 'ਚ ਹੁੰਦਾ ਹੈ। ਜਿਹੜਾ ਵੀ ਨੀਚ ਆਪਣੇ ਵਾਲ ਵਾਲ ਵਧਾ ਲਵੇ, ਉਹ ਬਣ ਜਾਂਦਾ ਹੈ।*

-ਪਸ਼ਤੋ

ਪੰਜਾਬੀ ਦਾ ਇਕ ਮੁਹਾਵਰਾ ਹੈ :

*ਜਿਹੇ ਸੰਦ ਤਿਹੇ ਤਰਖਾਣ*
*ਜਿਹੇ ਲੋਕ ਤਿਹੇ ਅਖਾਣ।*

ਅਸਲ ਵਿਚ ਇਤਿਹਾਸਕ, ਭੂਗੋਲਿਕ ਅਤੇ ਸਮਾਜਿਕ ਹਾਲਾਤਾਂ ਦਾ ਸਾਡੀ ਬੋਲੀ ਅਤੇ ਅਖਾਣਾਂ ਵਿਚ ਪ੍ਰਗਟ ਹੋਣਾ ਸੁਭਾਵਕ ਹੁੰਦਾ ਹੈ। ਮੁਹਾਵਰਿਆਂ ਜਾਂ ਅਖਾਣਾਂ ਜਾਂ ਸਮੁੱਚੇ ਲੋਕ ਸਾਹਿਤ ਰਾਹੀਂ ਹਰ ਬੋਲੀ ਆਪਣੇ ਲੋਕਾਂ ਦੀ ਵਿਲੱਖਣ ਸੋਚ ਅਤੇ ਨਜ਼ਰੀਏ ਨੂੰ ਹੀ ਪ੍ਰਗਟ ਕਰਦੀ ਹੈ। ਆਪਣੇ ਨਿੱਤ ਦੇ ਆਚਾਰ-ਵਿਹਾਰ ਅਤੇ ਸਭਿਆਚਾਰ ਨੂੰ ਪ੍ਰਗਟ ਕਰਦੀ ਹੈ। ਪੰਜਾਬੀ ਸੁਭਾਅ ਖੁੱਲ੍ਹਾ-ਡੁੱਲ੍ਹਾ ਮੰਨਿਆ ਜਾਂਦਾ ਹੈ। ਸਾਡੀ ਬੋਲੀ 'ਚ ਮਜ਼ਾਕ, ਟਿੱਚਰਾਂ ਅਤੇ ਵਿਅੰਗ ਆਮ ਵਰਤੇ ਜਾਂਦੇ ਹਨ। ਇਸ ਲਈ ਸਾਡੇ ਮੁਹਾਵਰਿਆਂ ਵਿਚ ਵੀ ਇਹ ਸੁਭਾਅ ਆਪਣੇ ਆਪ ਪ੍ਰਗਟ ਹੋਣ ਲਗਦਾ ਹੈ।

'ਨੰਗ ਪੁੱਤਰ ਚੋਰਾਂ 'ਚ ਖੇਡੇ' ਜਾਂ ਖੀਰ ਖਾ ਗਈ ਬਾਂਦਰੀ, ਟੰਬੇ ਖਾਣ ਨੂੰ ਰਿੱਛ' ਜਾਂ ਲੱਲੂ ਕਰੇ ਕੁਵੱਲੀਆਂ, ਰੱਬ ਸਿੱਧੀਆਂ ਪਾਵੇ' ਵਰਗੇ ਬਹੁਤ ਸਾਰੇ ਵਿਅੰਗਮਈ ਮੁਹਾਵਰੇ ਪੰਜਾਬੀ ਸੁਭਾਅ ਨੂੰ ਪ੍ਰਗਟ ਕਰਨ ਵਾਲੇ ਆਮ ਮਿਲ ਜਾਂਦੇ ਹਨ।

ਇਸੇ ਤਰ੍ਹਾਂ ਰੂਸੀਆਂ ਦੇ ਮੁਹਾਵਰੇ ਅਕਸਰ ਹੋਣੀ ਨੂੰ ਜ਼ੋਰਾਵਰ ਮੰਨਣ ਵਾਲੇ ਸੁਭਾਅ ਨੂੰ ਪ੍ਰਗਟ ਕਰਦੇ ਹਨ—

*ਕਾਨੂੰਨ ਗੱਡੇ ਦੇ ਪਹੀਏ ਵਰਗਾ ਹੁੰਦਾ ਹੈ। ਤਕੜਾ ਇਸ ਨੂੰ ਜਿਧਰ ਮਰਜ਼ੀ ਘੁਮਾ ਸਕਦਾ ਹੈ।*

-ਰੂਸ

*ਮੁਕੱਦਮਾ ਕਿਸਾਨ ਵੀ ਕਰੇ ਪਰ ਤਾਂ ਵੀ ਜਿੱਤਦਾ ਜਗੀਰਦਾਰ ਹੀ ਹੈ।*

-ਰੂਸ

ਅਫ਼ਰੀਕਾ ਅਤੇ ਅਮਰੀਕਾ ਦੇ ਆਦਿ ਵਾਸੀਆਂ ਦੀ ਬੋਲੀ ਵਿਚ ਕੁਦਰਤ ਦੀ ਮਹੱਤਤਾ ਅਤੇ ਪਸ਼ੂ-ਪੰਛੀਆਂ ਦੇ ਸੁਭਾਅ ਦਾ ਰੰਗੀਨ ਬਿਆਨ ਹਾਸਲ ਹੁੰਦਾ ਹੈ :

*ਪਾਣੀ ਵਾਲੇ ਜਾਨਵਰਾਂ ਨੂੰ ਪਾਣੀ ਪੀਣ ਦੀ ਸਲਾਹ ਨਹੀਂ ਦੇਣੀ ਚਾਹੀਦੀ।*

-ਅਫ਼ਰੀਕਾ

*ਬਾਰ ਬਾਰ ਕੋਸ਼ਿਸ਼ ਕਰਨ 'ਤੇ ਬਾਂਦਰ ਵੀ ਦਰਖ਼ਤ 'ਤੇ ਚੜ੍ਹਨਾ ਸਿੱਖ ਜਾਂਦਾ ਹੈ।*

-ਅਫ਼ਰੀਕਾ

ਫਰਾਂਸ ਦੇ ਲੋਕ ਪੜ੍ਹਨ-ਲਿਖਣ ਵਾਲੇ ਅਤੇ ਬੁੱਧੀਜੀਵੀ ਸੁਭਾਅ ਦੇ ਮੰਨੇ ਜਾਂਦੇ ਹਨ। ਇਸ ਲਈ ਉਨ੍ਹਾਂ ਦੇ ਮੁਹਾਵਰੇ ਵੀ ਦਾਰਸ਼ਨਿਕ ਭਾਵ ਫਲਸਫ਼ਾ ਭਰਪੂਰ ਹੁੰਦੇ ਹਨ। ਮਿਸਾਲ ਵਜੋਂ—

*ਇਨਸਾਫ਼ ਹਮੇਸ਼ਾ ਜੇਤੂ ਧਿਰ ਵਾਲੇ ਪਾਸੇ ਖੜ੍ਹਦਾ ਹੈ।*

-ਫਰਾਂਸ

*ਜੇ ਤ੍ਰਿਕੋਣਾਂ ਦਾ ਵੀ ਰੱਬ ਹੁੰਦਾ ਤਾਂ ਉਹ ਵੀ ਤਿੰਨ ਪਾਸਿਆਂ ਵਾਲਾ ਹੋਣਾ ਸੀ।*

-ਫਰਾਂਸ

ਵਿਸ਼ਵ ਦੇ ਵੱਖੋ ਵੱਖਰੇ ਦੇਸ਼ਾਂ, ਬੋਲੀਆਂ ਅਤੇ ਰਵਾਇਤਾਂ ਦੇ ਮੁਹਾਵਰੇ ਪੜ੍ਹਨੇ ਇਕ ਵੱਖਰੀ ਤਰ੍ਹਾਂ ਦਾ ਅਨੁਭਵ ਹੁੰਦਾ ਹੈ। ਇਹ ਸਾਡੀ ਸੋਚ ਨੂੰ ਡੂੰਘਾ ਕਰਦੇ ਹਨ। ਭਾਵਾਂ ਨੂੰ ਵਿਸ਼ਾਲਤਾ ਦਿੰਦੇ ਹਨ ਅਤੇ ਕਲਪਨਾ ਨੂੰ ਵਿਭਿੰਨ ਨਵੇਂ ਰੰਗਾਂ ਵਿਚ ਰੰਗ ਦਿੰਦੇ ਹਨ।

ਇਸ ਪੁਸਤਕ ਵਿਚ ਦੁਨੀਆ ਦੇ ਇਕ ਸੌ ਤੀਹ ਦੇਸ਼ਾਂ, ਦੋ ਸੌ ਬੋਲੀਆਂ, ਵੀਹ ਤੋਂ ਵੱਧ ਰਵਾਇਤਾਂ ਅਤੇ ਕਈ ਕਬੀਲਿਆਂ ਤੇ ਆਦਿ-ਵਾਸੀਆਂ ਦੇ ਲਗਪਗ 4000 ਮੁਹਾਵਰੇ ਸ਼ਾਮਿਲ ਕੀਤੇ ਗਏ ਹਨ।

ਦੇਸ਼-ਦੇਸ਼, ਮੂੰਹੋਂ-ਮੂੰਹ, ਪੀੜ੍ਹੀ ਦਰ ਪੀੜ੍ਹੀ ਤੁਰਦੇ ਇਹ ਮੁਹਾਵਰੇ ਸਦੀਆਂ ਦਾ ਪੈਂਡਾ ਲੰਘ ਕੇ ਸਾਡੇ ਤਕ ਪਹੁੰਚੇ ਹਨ।

**ਮਈ 2007** **ਪਰਮਿੰਦਰ ਸੋਢੀ**

**ਜਪਾਨ**



# ੳ...

*** ਉਮਰ**

ਸਫ਼ਲ ਹੋਣ ਲਈ ਤਿੰਨ ਬਜ਼ੁਰਗਾਂ ਦੀ ਸਲਾਹ ਲੈ ਲੈਣੀ ਚਾਹੀਦੀ ਹੈ।

*-ਚੀਨ*

ਹਰ ਉਮਰ ਦੇ ਆਪਣੇ ਖਿਡੌਣੇ ਹੁੰਦੇ ਹਨ।

*-ਫਰਾਂਸ*

ਸ਼ੇਰ ਬੁੱਢਾ ਹੋ ਜਾਵੇ ਤਾਂ ਗਿੱਦੜਾਂ ਦਾ ਸ਼ੁਗਲ ਬਣ ਜਾਂਦਾ ਹੈ।

*-ਫਾਰਸੀ*

ਬੰਦਾ ਵੀਹ ਸਾਲ ਦੀ ਉਮਰ ਵਿਚ ਮੋਰ ਹੁੰਦਾ ਹੈ, ਤੀਹ ਸਾਲ ਵਿਚ ਸ਼ੇਰ, ਚਾਲੀ ਵਿਚ ਊਠ, ਪੰਜਾਹ ਵਿਚ ਸੱਪ, ਸੱਠ ਵਿਚ ਕੁੱਤਾ, ਸੱਤਰ ਸਾਲ ਵਿਚ ਬਾਂਦਰ ਅਤੇ ਅੱਸੀ 'ਚ ਕੁਝ ਵੀ ਨਹੀਂ ਰਹਿੰਦਾ।

*-ਸਪੇਨ*

ਪਹਾੜਾਂ 'ਚ ਹਜ਼ਾਰ ਸਾਲ ਦੀ ਉਮਰ ਵਾਲੇ ਬਿਰਖ ਵੀ ਮਿਲ ਜਾਂਦੇ ਹਨ, ਪਰ ਹਜ਼ਾਰ ਸਾਲ ਦਾ ਬੰਦਾ ਕਦੇ ਨਹੀਂ ਮਿਲਦਾ।

*-ਚੀਨ*

ਉਮਰ ਤੇ ਵਿਆਹ ਉਜੱਡ ਨੂੰ ਵੀ ਸਿੱਧਾ ਕਰ ਦਿੰਦੇ ਹਨ।

*-ਹਾਈਤੀ*

ਜਦ ਵਸਤਾਂ ਆਪਣੇ ਜੋਬਨ 'ਤੇ ਹੁੰਦੀਆਂ ਤਾਂ ਉਨ੍ਹਾਂ ਦਾ ਢਲਣਾ ਸ਼ੁਰੂ ਹੋ ਜਾਂਦਾ ਹੈ।

*-ਤਾਓ*

ਉਮਰ ਵਧਦੀ ਹੈ ਤਾਂ ਦਿਲ 'ਚ ਇਕੱਲਤਾ ਵੀ ਵਧਦੀ ਹੈ।

*-ਜ਼ੇਨ*

ਉਮਰ ਨਾਲ ਸਿਰਫ਼ ਚਿਹਰੇ 'ਤੇ ਹੀ ਝੁਰੜੀਆਂ ਪੈਂਦੀਆਂ ਹਨ, ਪਰ ਉਤਸ਼ਾਹ ਮੁੱਕ ਜਾਵੇ ਤਾਂ ਰੂਹ ਉਪਰ ਵੀ ਝੁਰੜੀਆਂ ਪੈ ਜਾਂਦੀਆਂ ਹਨ।

*-ਡੈਨਿਸ਼*

ਪੁਰਾਣੇ ਬਾਂਸ ਨੂੰ ਲਚਕ ਦੇਣੀ ਔਖਾ ਕੰਮ ਹੁੰਦਾ ਹੈ।

*-ਆਇਰਲੈਂਡ*

ਸੱਤ ਸਾਲ ਦੀ ਉਮਰ ਵਿਚ ਤੁਸੀਂ ਜਿਸ ਤਰ੍ਹਾਂ ਦੇ ਹੁੰਦੇ ਹੋ, ਉਸੇ ਤਰ੍ਹਾਂ ਦੇ ਸੱਤਰ ਸਾਲ ਦੀ ਉਮਰ ਵਿਚ ਹੁੰਦੇ ਹੋ।

*-ਯਿੱਦੀਸ਼*

ਹਰ ਕੋਈ ਆਪਣੀ ਉਮਰ ਦੇ ਹੁਣ ਵਾਲੇ ਪੜਾਅ ਨੂੰ ਔਖਾ ਸਮਝਦਾ ਹੈ।

*-ਰੋਮਨ*

ਦੰਦ ਝੂਠ ਬੋਲ ਸਕਦੇ ਹਨ, ਵਾਲ ਧੋਖਾ ਦੇ ਸਕਦੇ ਹਨ ਪਰ ਝੁਰੜੀਆਂ ਅਸਲ ਉਮਰ ਦੱਸ ਦਿੰਦੀਆਂ ਹਨ।

*-ਸਪੇਨ*

ਜਦੋਂ ਬੰਦੇ ਦੀ ਦਾੜ੍ਹੀ ਸਫ਼ੇਦ ਹੋਣ ਲਗਦੀ ਹੈ, ਉਦੋਂ ਹੀ ਉਸ ਦੇ ਦੋਸਤਾਂ ਦੀ ਦਾੜ੍ਹੀ ਵੀ ਸਫ਼ੇਦ ਹੋ ਜਾਂਦੀ ਹੈ।

*-ਮਿਸਰ*

ਦਸ ਸਾਲ ਦੀ ਉਮਰ ਵਿਚ ਮਨੁੱਖ ਅਦਭੁਤ ਹੁੰਦਾ ਹੈ, ਵੀਹ ਸਾਲ ਦੀ ਉਮਰ ਵਿਚ ਪ੍ਰਤਿਭਾਸ਼ੀਲ ਅਤੇ ਤੀਹ ਸਾਲ ਦੀ ਉਮਰ ਵਿਚ ਸਾਧਾਰਨ ਆਦਮੀ।

*-ਜਪਾਨ*

ਕੁਆਰਾ ਮੋਰ, ਮੰਗੇਤਰ ਸ਼ੇਰ ਅਤੇ ਵਿਆਹਿਆ ਖੋਤਾ।

*-ਸਪੇਨ*

ਇਕ ਦਿਨ ਲੰਬਾ ਹੁੰਦਾ ਹੈ ਪਰ ਜੀਵਨ-ਕਾਲ ਛੋਟਾ।

*-ਰੂਸ*

ਝੜਦਾ ਪੱਤਾ ਆਦਮੀ ਦੇ ਕੰਨਾਂ ਵਿਚ ਕੁਝ ਫੁਸਫੁਸਾ ਰਿਹਾ ਹੁੰਦਾ ਹੈ।

*-ਰੂਸ*

ਮਨੁੱਖ ਦੀ ਜ਼ਿੰਦਗੀ ਦੇ ਵੀਹ ਸਾਲ ਵਧਣ 'ਤੇ ਖਰਚ ਹੁੰਦੇ ਹਨ, ਵੀਹ ਸਾਲ ਚੰਗੇ ਹੁੰਦੇ ਹਨ, ਵੀਹ ਸਾਲ ਘਟਣ 'ਤੇ ਲਗਦੇ ਹਨ ਅਤੇ ਵੀਹ ਸਾਲ ਬੇਅਰਥ ਹੁੰਦੇ ਹਨ।

*-ਆਇਰਲੈਂਡ*

ਜਿਹੜਾ ਵੀਹ ਸਾਲ ਦੀ ਉਮਰ 'ਚ ਬਹਾਦਰ ਨਾ ਹੋਵੇ, ਤੀਹ 'ਚ ਮਜ਼ਬੂਤ ਨਾ ਹੋਵੇ, ਚਾਲੀ 'ਚ ਅਮੀਰ ਨਾ ਹੋਵੇ ਅਤੇ ਪੰਜਾਹ 'ਚ ਅਨੁਭਵੀ ਨਾ ਹੋਵੇ, ਉਹ ਕਦੇ ਵੀ ਬਹਾਦਰ, ਮਜ਼ਬੂਤ, ਅਮੀਰ ਅਤੇ ਸਿਆਣਾ ਨਹੀਂ ਹੋ ਸਕਦਾ।

*-ਸਪੇਨ*

ਦੋ ਗੱਲਾਂ ਤੁਹਾਡੀ ਉਮਰ ਵਿਚ ਵਾਧਾ ਕਰਦੀਆਂ ਹਨ, ਪਹਿਲਾ ਸ਼ਾਂਤ ਮਨ ਅਤੇ ਦੂਜੀ ਮੋਹ ਕਰਨ ਵਾਲੀ ਪਤਨੀ।

*-ਅੰਗਰੇਜ਼ੀ*



*** ਉਸਾਰੀ**

ਘਰ ਦੀ ਉਸਾਰੀ ਕਰਦੇ ਸਮੇਂ ਮੇਖ ਟੁੱਟ ਜਾਵੇ ਤਾਂ ਤੁਸੀਂ ਉਸਾਰੀ ਬੰਦ ਦੇਵੋਗੇ ਜਾਂ ਮੇਖ ਬਦਲੋਗੇ ?

*-ਰਵਾਂਡਾ*

ਜਿਹੜਾ ਸੜਕ ਕਿਨਾਰੇ ਘਰ ਬਣਾਉਂਦਾ ਹੈ, ਉਸ ਨੂੰ ਜਾਂਚ ਤੇ ਨਿਰੀਖਣ ਵਾਲੇ ਕਈ ਮਿਲਣਗੇ।

*-ਇਟਲੀ*

ਪਿਛਲੇ ਸਾਲ ਦੀਆਂ ਗਰਮੀਆਂ ਲਈ ਇਸ ਸਾਲ ਘਰ ਨਹੀਂ ਉਸਾਰਿਆ ਜਾ ਸਕਦਾ।

*-ਇਥੋਪੀਆ*

*** ਉਤਸ਼ਾਹ**

ਬੇਗੁਣਾ ਗ਼ਰੀਬ ਹੁੰਦਾ ਹੈ ਤੇ ਨਿਰਉਤਸ਼ਾਹੀ ਕਮਜ਼ੋਰ।

*-ਮਾਈਕਰੋਨੇਸ਼ੀਆ*

ਉਤਸ਼ਾਹ ਸਿਰਫ਼ ਸਿਆਣਿਆਂ ਦੇ ਕੰਮ ਦੀ ਚੀਜ਼ ਹੈ, ਪਰ ਇਹ ਅਕਸਰ ਮੂਰਖਾਂ ਕੋਲ ਪਾਈ ਜਾਂਦੀ ਹੈ।

*-ਆਦਿ ਸੁਮੇਰੀ*

*** ਉਧਾਰ**

ਹੋਰਾਂ ਦੇ ਪੈਸੇ ਨਾਲ ਆਪਣਾ ਘਰ ਬਣਾਉਣ ਵਾਲਾ ਅਸਲ ਵਿਚ ਆਪਣੀ ਕਬਰ ਲਈ ਪੱਥਰ ਇਕੱਠੇ ਕਰ ਰਹੇ ਬੰਦੇ ਵਾਂਗ ਹੁੰਦਾ ਹੈ।

*-ਹੀਬਰੂ*

ਇਕ ਕੋਟ ਵਾਲਾ ਆਪਣਾ ਕੋਟ ਉਧਾਰਾ ਨਹੀਂ ਦੇ ਸਕਦਾ।

ਉਧਾਰ ਦੇਵੋ ਤੇ ਝਗੜਾ ਮੁੱਲ ਲਵੋ।

ਜਿਸ ਤੋਂ ਕੱਪੜੇ ਉਧਾਰ ਮੰਗਣੇ ਹੋਣ, ਪਹਿਲਾਂ ਉਸ ਦਾ ਪਹਿਰਾਵਾ ਦੇਖ ਲੈਣਾ ਚਾਹੀਦਾ ਹੈ।

*-ਬੇਨਿਨ*

ਜੇ ਤੁਸੀਂ ਬਾਜ਼ ਤੋਂ ਉਧਾਰ ਲਵੋਗੇ ਤਾਂ ਹਰ ਵੇਲੇ ਅਸਮਾਨ ਵੱਲ ਹੀ ਦੇਖਦੇ ਰਹੋਗੇ।

*-ਅਫ਼ਰੀਕਾ*

ਜੇ ਆਪਣੀ ਯਾਦਦਾਸ਼ਤ ਵਧਾਉਣੀ ਹੋਵੇ ਤਾਂ ਕੁਝ ਪੈਸੇ ਉਧਾਰ ਦੇ ਕੇ ਦੇਖੋ।

*-ਅਫ਼ਰੀਕਾ*

ਪੁਰਾਣੇ ਉਧਾਰ ਦਾ ਜ਼ਿਕਰ ਕਰਨ ਨਾਲ ਨਵੀਂ ਲੜਾਈ ਛਿੜਨ ਦਾ ਡਰ ਹੁੰਦਾ ਹੈ।

*-ਕੈਟਾਲੋਨ*

ਉਧਾਰ ਹਮੇਸ਼ਾ ਨਵਾਂ ਹੁੰਦਾ ਹੈ।

*-ਐਸਟੋਨੀਆ*

ਜਿਸ ਨੇ ਆਪਣੇ ਮਿੱਤਰ ਨੂੰ ਵੈਰੀ ਬਣਾਉਣਾ ਹੋਵੇ, ਉਹ ਉਸ ਨੂੰ ਉਧਾਰ ਦੇ ਦਿੰਦਾ ਹੈ।

*-ਐਸਟੋਨੀਆ*

ਉਧਾਰ ਦੀ ਚੀਜ਼ ਨੂੰ ਅੱਗੇ ਉਧਾਰ 'ਤੇ ਨਹੀਂ ਦਿੱਤਾ ਜਾ ਸਕਦਾ।

*-ਹੀਬਰੂ*

ਜੇ ਉਧਾਰ ਦੇਣਾ ਵਧੀਆ ਗੱਲ ਹੁੰਦੀ ਤਾਂ ਪਤੀ ਆਪਣੀ ਪਤਨੀ ਵੀ ਉਧਾਰ ਦੇ ਦਿੰਦਾ।

*-ਹੀਬਰੂ*

ਉਧਾਰ ਦੇਣਾ ਲੜਾਈ ਮੁੱਲ ਲੈਣਾ ਹੁੰਦਾ ਹੈ।

*-ਹਿੰਦੀ*

ਉਧਾਰ ਦਿੱਤੀ ਚੀਜ਼ ਜਾਂਦੀ ਤਾਂ ਮੁਸਕਰਾਉਂਦੀ ਹੋਈ ਹੈ, ਪਰ ਵਾਪਸ ਰੋਂਦੀ ਹੋਈ ਆਉਂਦੀ ਹੈ।

*-ਕੁਰਦੀ*

ਲਿਆ ਉਧਾਰ ਪੁਰਾਣਾ ਵੀ ਹੋ ਜਾਵੇ, ਉਹ ਤੋਹਫ਼ਾ ਨਹੀਂ ਬਣ ਜਾਂਦਾ।

*-ਹੰਗਰੀ*

ਉਧਾਰ ਦੀ ਰੋਟੀ ਹਜ਼ਮ ਕਰਨੀ ਔਖੀ ਲਗਦੀ ਹੈ।

*-ਯੁਕਰੇਨ*

ਜੇ ਤੁਸੀਂ ਕਿਸੇ ਨੂੰ ਮੁਕਾਬਲੇ 'ਚ ਪਿੱਛੇ ਛੱਡਣਾ ਚਾਹੁੰਦੇ ਹੋ ਤਾਂ ਉਸ ਨੂੰ ਕੁਝ ਪੈਸੇ ਉਧਾਰ ਦੇ ਦੇਵੋ।

*-ਚਾਡ*

ਉਧਾਰ ਦੇ ਕੱਪੜੇ ਘੱਟ ਹੀ ਮੇਚ ਆਉਂਦੇ ਹਨ।

*-ਇਟਲੀ*



ਜਿਹੜਾ ਸੌਖੇ ਹੀ ਉਧਾਰ ਮੰਗ ਲੈਂਦਾ ਹੈ, ਉਹ ਝੂਠ ਵੀ ਆਰਾਮ ਨਾਲ ਬੋਲ ਲੈਂਦਾ ਹੈ।

*-ਜਰਮਨੀ*

ਉਧਾਰ ਦੇ ਸੂਰ ਨਾਲ ਪਾਲਾ ਤਾਂ ਵਧੀਆ ਲੰਘਦਾ ਹੈ, ਪਰ ਬਸੰਤ ਮਾੜੀ ਸਿੱਧ ਹੁੰਦੀ ਹੈ।

*-ਪੁਰਤਗਾਲ*

ਉਧਾਰ ਸ਼ਬਦਾਂ ਨਾਲ ਨਹੀਂ ਚੁਕਾਇਆ ਜਾ ਸਕਦਾ।

*-ਤੁਰਕੀ*

ਉਧਾਰ ਦੋਸਤ ਨੂੰ ਦੇਵੋ ਅਤੇ ਵਾਪਸ ਵੈਰੀ ਤੋਂ ਲਵੋ।

*-ਡੈਨਿਸ਼*

ਜਦੋਂ ਤੁਸੀਂ ਕਿਸੇ ਨੂੰ ਪੈਸਾ ਉਧਾਰ ਦਿੰਦੇ ਹੋ ਤਾਂ ਬਦਲੇ ਵਿਚ ਇਕ ਦੁਸ਼ਮਣ ਖਰੀਦਦੇ ਹੋ।

*-ਯਿੱਦੀਸ਼*

ਘੋੜਾ, ਬੰਦੂਕ ਅਤੇ ਪਤਨੀ—ਇਹ ਤਿੰਨ ਚੀਜ਼ਾਂ ਉਧਾਰ ਨਹੀਂ ਦੇਣੀਆਂ ਚਾਹੀਦੀਆਂ।

*-ਸਪੇਨ*

ਸਿਰਫ਼ ਉਹੀ ਚੀਜ਼ ਉਧਾਰ ਦੇਣੀ ਚਾਹੀਦੀ ਹੈ, ਜਿਸ ਦਾ ਗੁਆਉਣਾ ਤੁਸੀਂ ਬਰਦਾਸ਼ਤ ਕਰ ਸਕਦੇ ਹੋਵੋ।

*-ਯੂਰਪ*

* **ਉਲ੍ਹਾਮਾ**

ਪਥਰੀਲੀ ਜ਼ਮੀਨ 'ਤੇ ਸਬਜ਼ੀ ਨਾ ਉੱਗੇ ਤਾਂ ਮੀਂਹ ਨੂੰ ਕਾਹਦਾ ਉਲ੍ਹਾਮਾ।

*-ਮਾਈਕਰੋਨੇਸ਼ੀਆ*

ਜਿਸ ਨੂੰ ਨੀਂਦ ਨਾ ਆਵੇ ਉਸ ਨੂੰ ਆਪਣਾ ਮੰਜਾ ਨੁਕਸ ਵਾਲਾ ਲਗਦਾ ਹੈ।

*-ਚੀਨ*

ਰਾਹਾਂ ਨੂੰ ਉਲ੍ਹਾਮੇ ਦੇਣ ਨਾਲੋਂ ਆਪ ਤੇਜ਼ ਤੁਰਨਾ ਚਾਹੀਦਾ ਹੈ।

*-ਸੇਨੇਗਲ*

ਸੁੱਜੇ ਮੂੰਹ ਨੂੰ ਸ਼ਹਿਦ ਵੀ ਕੌੜਾ ਲਗਦਾ ਹੈ।

*-ਬਾਸਕੁਆ*

ਜੇ ਆਪਣੀ ਕੁੱਕੜੀ ਚੰਗੀ ਹੋਵੇ ਤਾਂ ਉਹ ਗੁਆਂਢੀਆਂ ਦੇ ਘਰ ਆਂਡੇ ਨਾ ਦੇਵੇ।

*-ਪੰਜਾਬੀ*

# ਅ...

* **ਅਕਲ ਦੀ ਗੱਲ**

ਅੱਗ ਬੁਝਾਣੀ ਪੈ ਜਾਵੇ ਤਾਂ ਪੱਤਿਆਂ ਦੇ ਬਣੇ ਕਪੜੇ ਨਹੀਂ ਪਾਉਣੇ ਚਾਹੀਦੇ।

*-ਚੀਨ*

ਲੂੰਬੜ ਕੁਕੜੀ ਨੂੰ ਆਪਣੇ ਘਰ ਦਾਅਵਤ ਦਾ ਸੱਦਾ ਦੇਵੇ ਤਾਂ ਕੁਕੜੀ ਦਾ ਭਲਾ ਨਿਮਰਤਾ ਨਾਲ ਮਨ੍ਹਾ ਕਰਨ ਵਿਚ ਹੀ ਹੁੰਦਾ ਹੈ।

*-ਯੂਨਾਨ*

ਪਾਗਲਪਣ ਚਾਲੀ ਤਰ੍ਹਾਂ ਦਾ ਹੁੰਦਾ ਹੈ ਪਰ ਅਕਲ ਦੀ ਗੱਲ ਇਕੋ ਤਰ੍ਹਾਂ ਦੀ ਹੁੰਦੀ ਹੈ।

*-ਪੱਛਮੀ ਅਫ਼ਰੀਕਾ*

* **ਅੰਤਮ ਦਸ਼ਾ**

ਮੂੰਹ 'ਚੋਂ ਨਿਕਲਿਆ ਸ਼ਬਦ, ਕਮਾਨ 'ਚੋਂ ਨਿਕਲਿਆ ਤੀਰ; ਵਾਪਰ ਗਿਆ ਰੱਬੀ ਭਾਣਾ ਅਤੇ ਬੀਤਿਆ ਵਕਤ—ਇਹ ਚਾਰੇ ਚੀਜ਼ਾਂ ਕਦੇ ਵਾਪਸ ਨਹੀਂ ਲਿਆਂਦੀਆਂ ਜਾ ਸਕਦੀਆਂ।

*-ਅਰਬ*

ਤੇਜ਼ ਤੋਂ ਤੇਜ਼ ਭੱਜਣ ਵਾਲਾ ਘੋੜਾ ਵੀ ਮੂੰਹ 'ਚੋਂ ਨਿਕਲੇ ਬੋਲਾਂ ਤੋਂ ਅੱਗੇ ਨਹੀਂ ਲੰਘ ਸਕਦਾ।

*-ਚੀਨ*

ਬੱਚਾ ਡੁੱਬਣ ਤੋਂ ਬਾਅਦ ਖੂਹ ਦਾ ਮੂੰਹ ਬੰਦ ਕਰਨ ਦਾ ਕੋਈ ਫਾਇਦਾ ਨਹੀਂ।

*-ਜਰਮਨੀ*

ਝੜ ਗਏ ਫੁੱਲ ਮੁੜ ਕੇ ਟਹਿਣੀਆਂ 'ਤੇ ਨਹੀਂ ਲਗਦੇ।

*-ਜਾਪਾਨ*

ਜਿਵੇਂ ਸਫ਼ਰ ਤੁਰ ਕੇ ਹੀ ਮੁੱਕਦਾ ਹੈ, ਉਸੇ ਤਰ੍ਹਾਂ ਉਧਾਰ ਵਾਪਸ ਕਰਕੇ ਹੀ ਮੁੱਕਦਾ ਹੈ।

*-ਤੁਰਕੀ*

ਕੋਈ ਮੁਰਗਾ ਅੱਗ 'ਤੇ ਦੂਜੀ ਵਾਰੀ ਨਹੀਂ ਡਿੱਗਦਾ।

*-ਪੱਛਮੀ ਅਫ਼ਰੀਕਾ*



ਸ਼ਤਰੰਜ ਖ਼ਤਮ ਹੋ ਜਾਂਦੀ ਹੈ ਤਾਂ ਪਿਆਦਾ ਤੇ ਬਾਦਸ਼ਾਹ ਇਕੋ ਡੱਬੇ ਵਿਚ ਸਮਾ ਜਾਂਦੇ ਹਨ।

*-ਇਟਲੀ*

ਆਖ਼ਰ ਵਿਚ ਅੱਗ ਠੰਡੀ ਹੋ ਜਾਂਦੀ ਅਤੇ ਪਾਣੀ ਸਾਵਾ ਤੇ ਪੱਧਰਾ ਹੋ ਜਾਂਦਾ ਹੈ।

*-ਤਾਓ*

* **ਆਦਤਾਂ**

ਬੰਦਾ ਸੁਪਨੇ ਤਾਂ ਹਜ਼ਾਰ ਨਵੇਂ ਰਾਹਾਂ ਦੇ ਲੈਂਦਾ ਹੈ, ਪਰ ਤੁਰਦਾ ਪੁਰਾਣੇ ਰਾਹ 'ਤੇ ਹੀ ਹੈ।

*-ਚੀਨ*

ਪੁਰਾਣੀਆਂ ਆਦਤਾਂ ਲੋਹੇ ਦੀਆਂ ਕਮੀਜ਼ਾਂ ਹੁੰਦੀਆਂ ਹਨ।

*-ਯੁਗੋਸਲਾਵੀਆ*

ਮਨੁੱਖ 'ਚ ਕੋਈ ਗੁਣ ਹੋਵੇ ਨਾ ਹੋਵੇ, ਪਰ ਸੱਤ ਕਿਸਮ ਦੀਆਂ ਆਦਤਾਂ ਜ਼ਰੂਰ ਹੁੰਦੀਆਂ ਹਨ।

*-ਜਪਾਨ*

ਹਾਥੀ ਦੇ ਸ਼ਿਕਾਰ 'ਤੇ ਨਿਕਲਿਆ ਬੰਦਾ ਪੰਛੀਆਂ ਨੂੰ ਪੱਥਰ ਮਾਰਨੇ ਨਹੀਂ ਛੱਡ ਦਿੰਦਾ।

*-ਯੁਗਾਂਡਾ*

ਬੁੱਢੀ ਬਿੱਲੀ ਨੂੰ ਨੱਚਣਾ ਨਹੀਂ ਸਿਖਾਇਆ ਜਾ ਸਕਦਾ।

*-ਮੋਰਾਕੋ*

ਬੁੱਢੇ ਕੁੱਤੇ ਨੂੰ ਪਟੇ ਦੀ ਆਦਤ ਪਾਉਣੀ ਮੁਸ਼ਕਿਲ ਹੁੰਦੀ ਹੈ।

*-ਇਟਲੀ*

ਤਿੰਨ ਸਾਲ ਦੀ ਉਮਰ 'ਚ ਬਣੀ ਆਦਤ ਅੱਸੀ ਸਾਲ ਤਕ ਚਲਦੀ ਹੈ।

*-ਕੋਰੀਆ*

ਆਦਤ ਉਹ ਕਮੀਜ਼ ਹੈ, ਜਿਹੜੀ ਅਸੀਂ ਮਰਨ ਤਕ ਪਹਿਨੀ ਰੱਖਦੇ ਹਾਂ।

*-ਰੂਸ*

ਸੋਚ ਵਿਚਾਰ ਕੇ ਕੀਤੇ ਕੰਮਾਂ ਨਾਲੋਂ ਆਦਤ ਵੱਸ ਕੀਤੇ ਕੰਮਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ।

*-ਰੋਮਨ*

ਬੁੱਢੀ ਘੋੜੀ ਦੀ ਦੁਲੱਤੀ ਮਾਰਨ ਦੀ ਆਦਤ ਨੂੰ ਛੁਡਾਉਣਾ ਮੁਸ਼ਕਿਲ ਹੁੰਦਾ ਹੈ।

*-ਅੰਗਰੇਜ਼ੀ*

* **ਅੱਖ**

ਜਿਹੜੀ ਚੀਜ਼ ਦਿਲ ਦੇਖ ਲਵੇ, ਉਸ ਨੂੰ ਅੱਖ ਕਦੇ ਨਹੀਂ ਭੁਲਾ ਸਕਦੀ।

*-ਰਵਾਂਡਾ*

ਮਰਦ ਦੀਆਂ ਅੱਖਾਂ ਦੇਖਣ ਲਈ ਹੁੰਦੀਆਂ ਹਨ ਤੇ ਔਰਤ ਦੀਆਂ ਦਿਖਾਉਣ ਲਈ।

*-ਲਕਸਮਬਰਗ*

ਬੁਰੀ ਅੱਖ ਨੂੰ ਕੋਈ ਚੰਗਿਆਈ ਨਜ਼ਰ ਨਹੀਂ ਆ ਸਕਦੀ।

*-ਡੈਨਮਾਰਕ*

ਅੱਖ ਤੋਂ ਦੂਰ ਰਹਿਣ ਵਾਲਾ ਦਿਲ ਤੋਂ ਵੀ ਦੂਰ ਚਲੇ ਜਾਂਦਾ ਹੈ।

*-ਇਟਲੀ*

ਅੱਖ ਦਿਲ ਦਾ ਸ਼ੀਸ਼ਾ ਹੁੰਦੀ ਹੈ ਅਤੇ ਨੱਕ ਦਿਮਾਗ ਦਾ ਧੁਰਾ ਹੁੰਦਾ ਹੈ।

*-ਕੋਰੀਆ*

ਦਿਲ 'ਚ ਵਸਦੀ ਚੀਜ਼ ਅੱਖ ਨੂੰ ਵੀ ਸੋਹਣੀ ਲਗਦੀ ਹੈ।

*-ਫਾਰਸੀ*

ਜੇ ਅੱਖਾਂ ਦੇਖਣਾ ਨਾ ਚਾਹੁੰਦੀਆਂ ਹੋਣ ਤਾਂ ਨਾ ਰੌਸ਼ਨੀ ਦਾ ਤੇ ਨਾ ਹੀ ਐਨਕਾਂ ਦਾ ਕੋਈ ਫਾਇਦਾ ਹੁੰਦਾ ਹੈ।

*-ਜਰਮਨੀ*

* **ਆਲਸ**

ਰੁੱਝੇ ਹੱਥ ਭਿੱਖਿਆ ਨਹੀਂ ਮੰਗਦੇ।

*-ਅਰਮੀਨੀਆ*

ਖ਼ਾਲੀ ਗੱਲਾਂ ਕਰਨ ਨਾਲ ਚੌਲ ਨਹੀਂ ਰਿੰਨੇ ਜਾ ਸਕਦੇ।

*-ਚੀਨ*

ਭੁਰਜੀ ਬਣਾਉਣ ਲਈ ਆਂਡਾ ਭੰਨਣਾ ਹੀ ਪੈਂਦਾ ਹੈ

*-ਫਰਾਂਸ*

ਰੱਬ ਅਖ਼ਰੋਟ ਤਾਂ ਦਿੰਦਾ ਹੈ, ਪਰ ਤੋੜਨੇ ਤੁਹਾਨੂੰ ਆਪ ਹੀ ਪੈਂਦੇ ਹਨ।

*-ਜਰਮਨੀ*

ਰੱਬ ਦੀ ਦੁਕਾਨ 'ਤੇ ਵਿਕਦੀਆਂ ਚੀਜ਼ਾਂ ਖਰੀਦਣ ਲਈ ਮਿਹਨਤ ਦੀ ਕੀਮਤ ਚੁਕਾਉਣੀ ਪੈਂਦੀ ਹੈ।

*-ਯੂਨਾਨ*

ਸੁੱਤੀ ਬਿੱਲੀ ਚੂਹੇ ਨਹੀਂ ਫੜ ਸਕਦੀ।

*-ਭਾਰਤ*



ਚੋਰੀ ਨਾਲੋਂ ਮੰਗਣਾ ਚੰਗਾ ਪਰ ਮੰਗਣ ਨਾਲੋਂ ਕੰਮ ਕਰਨਾ ਚੰਗਾ।

*-ਰੂਸ*

ਸੁਸਤ ਸੂਰਾਂ ਲਈ ਖੇਤਾਂ 'ਚ ਸਦਾ ਹੀ ਸੋਕਾ ਹੁੰਦਾ ਹੈ।

*-ਸਵੀਡਨ*

ਜ਼ਬਾਨ ਨਾਲੋਂ ਹੱਥ ਰੁੱਝੇ ਚੰਗੇ ਲਗਦੇ ਹਨ।

*-ਪੱਛਮੀ ਅਫ਼ਰੀਕਾ*

ਆਲਸੀ ਮਨੁੱਖ ਮੀਂਹ ਤੋਂ ਇਸ ਤਰ੍ਹਾਂ ਡਰਦਾ ਹੈ ਜਿਵੇਂ ਮੋਰ।

*-ਕੰਨੜ*

ਆਲਸੀ ਦੀ ਮੁੱਛ 'ਤੇ ਖਜੂਰ ਡਿੱਗ ਪਏ ਤਾਂ ਉਸ ਨੂੰ ਮੂੰਹ 'ਚ ਪਾਣਾ ਵੀ ਔਖਾ ਲਗਦਾ ਹੈ।

*-ਬੰਗਾਲ*

ਸੁਸਤ ਭੇਡ ਨੂੰ ਆਪਣੀ ਉੱਨ ਵੀ ਭਾਰੀ ਲਗਦੀ ਹੈ।

ਆਲਸੀ ਆਦਮੀ ਕਦੇ ਨਾ ਕਦੇ ਆਪਣੀ ਪੈਂਟ ਵੀ ਗੁਆ ਬੈਠੇਗਾ।

*-ਫਿਲੀਪੀਨ*

ਆਲਸੀ ਦਰਜ਼ੀ ਨੂੰ ਆਪਣਾ ਧਾਗਾ ਬਹੁਤ ਲੰਬਾ ਲਗਦਾ ਹੈ।

*-ਯੂਨਾਨ*

ਆਲਸੀ ਆਦਮੀ ਨੂੰ ਆਂਡਾ ਦੇਵੋਗੇ ਤਾਂ ਉਹ ਇਸ ਨੂੰ ਛਿੱਲ ਕੇ ਦੇਣ ਲਈ ਕਹੇਗਾ।

*-ਲਿਥੂਆਨੀਆ*

* **ਆਕੜ**

ਪਹਾੜ ਨੂੰ ਸੂਈ ਦੀ ਨੋਕ 'ਤੇ ਚੁੱਕਣਾ ਸੌਖਾ ਹੁੰਦਾ ਹੈ, ਪਰ ਦਿਲ 'ਚੋਂ ਹਉਮੈ ਖ਼ਤਮ ਕਰਨੀ ਔਖੀ।

*-ਜਰਮਨੀ*

ਆਕੜ ਦਾ ਘਰ ਆਮ ਤੌਰ 'ਤੇ ਖ਼ਾਲੀ ਹੀ ਹੁੰਦਾ ਹੈ।

*-ਭਾਰਤ*

ਆਪਣੇ ਪੁਰਖਿਆਂ ਦੀ ਇੱਜ਼ਤ ਦੀਆਂ ਫੜ੍ਹਾਂ ਨਾ ਮਾਰੋ। ਤੁਹਾਡੇ ਕੋਲ ਸਿਰਫ਼ ਆਪਣੀ ਹੀ ਇੱਜ਼ਤ ਹੁੰਦੀ ਹੈ।

*-ਸਵੀਡਨ*

ਆਕੜ ਸਾਡੇ ਪਾਪਾਂ ਨੂੰ ਲੁਕਾਉਣ ਲਈ ਵਰਤਿਆ ਜਾਂਦਾ ਮਖੌਟਾ ਹੁੰਦਾ ਹੈ।

*-ਫਲਸਤੀਨ*

ਮਿੱਟੀ ਦੇ ਉਸ ਭਾਂਡੇ ਵਰਗੇ ਨਾ ਬਣੋ, ਜਿਹੜਾ ਬਿਜਲੀ ਦੀ ਗੜਗੜਾਹਟ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ

ਜੇ ਤੁਸੀਂ ਆਪਣੇ ਸਿਰ ਨੂੰ ਆਕੜ ਨਾਲ ਹੀ ਭਰੀ ਰੱਖੋਗੇ ਤਾਂ ਸਿਆਣਪ ਲਈ ਥਾਂ ਨਹੀਂ ਬਚੇਗੀ।

*-ਅਫ਼ਰੀਕਾ*

ਆਕੜਬਾਜ਼ ਸਿਆਣੇ ਨਾਲੋਂ ਰਹਿਮਦਿਲ ਮੂਰਖ਼ ਚੰਗਾ ਹੁੰਦਾ ਹੈ।

*-ਅਮਰੀਕਾ*

* **ਅਮੀਰੀ**

ਭਰੇ ਪੇਟ ਵਾਲਾ ਫ਼ਾਰਸੀ ਬੋਲਦਾ ਹੈ।

*-ਅਫ਼ਗਾਨਿਸਤਾਨ*

ਆਦਮੀ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਉਹ ਇਕੋ ਵਕਤ ਦੋ ਬਿਸਤਰਿਆਂ 'ਚ ਨਹੀਂ ਸੌਂ ਸਕਦਾ।

*-ਅਫ਼ਰੀਕਾ*

* **ਅਸਲੀਅਤ**

ਚਿੱਟਾ ਰੰਗ ਕੀਤਾ ਕਾਂ ਜਲਦੀ ਹੀ ਮੁੜ ਕੇ ਕਾਲਾ ਨਜ਼ਰ ਆਣ ਲਗਦਾ ਹੈ।

*-ਚੀਨ*

ਰੇਤ 'ਤੇ ਤੁਰਨ ਵਾਲਾ ਆਪਣੀਆਂ ਪੈੜਾਂ ਨਹੀਂ ਲੁਕਾ ਸਕਦਾ।

*-ਚੀਨ*

ਹੀਰਾ ਗੋਬਰ 'ਤੇ ਪਿਆ ਵੀ ਕੀਮਤੀ ਹੀ ਹੁੰਦਾ ਹੈ।

*-ਅੰਗਰੇਜ਼ੀ*

ਲੰਬੀ ਦਾੜ੍ਹੀ ਤੇ ਲੰਬਾ ਕੋਟ ਰਲ ਕੇ ਵੀ ਇਕ ਫ਼ਿਲਾਸਫ਼ਰ ਪੈਦਾ ਨਹੀਂ ਕਰ ਸਕਦੇ।

*-ਜਰਮਨੀ*

ਸੂਰ ਰੇਸ਼ਮੀ ਕੱਪੜਿਆਂ ਵਿਚ ਵੀ ਸੂਰ ਹੀ ਹੁੰਦਾ ਹੈ।

*-ਯੂਨਾਨ*

ਹਰ ਟੋਭੇ 'ਚ ਕੰਵਲ ਦੇ ਫੁੱਲ ਨਹੀਂ ਉੱਗ ਸਕਦੇ।

*-ਭਾਰਤ*

ਘੋੜ ਸਵਾਰਾਂ ਨੂੰ ਪੈਦਲ ਤੁਰਨ ਵਾਲਿਆਂ ਦੇ ਕਸ਼ਟ ਦਾ ਅੰਦਾਜ਼ਾ ਨਹੀਂ ਹੁੰਦਾ।

*-ਜਪਾਨ*



ਜੇ ਤੁਹਾਡਾ ਦੁਸ਼ਮਣ ਖ਼ਰਗੋਸ਼ ਹੈ ਤਾਂ ਪਹਿਲਾਂ ਇਹ ਗੱਲ ਸਵੀਕਾਰ ਕਰੋ ਕਿ ਉਹ ਨੱਠਦਾ ਤੇਜ਼ ਹੈ।

*-ਅਫ਼ਰੀਕਾ*

ਹਰ ਗੋਲ ਚੀਜ਼ ਅਖਰੋਟ ਨਹੀਂ ਹੁੰਦੀ।

*-ਫ਼ਾਰਸੀ*

ਨੌਕਰ ਦੇ ਅਸਲੀ ਕਿਰਦਾਰ ਦਾ ਉਦੋਂ ਪਤਾ ਲਗਦਾ ਹੈ, ਜਦੋਂ ਉਹ ਆਪ ਮਾਲਕ ਹੁੰਦਾ ਹੈ।

*-ਹੀਬਰੂ*

ਉਪਦੇਸ਼ ਦੇਵੋਗੇ ਤਾਂ ਅਸਲੀ ਨੁਕਤਾ ਗੁੰਮ ਗੁਆਚ ਜਾਵੇਗਾ।

*-ਜ਼ੇਨ*

* **ਅਧਿਆਪਕ**

ਚੰਗਾ ਉਸਤਾਦ ਕਿਤਾਬਾਂ ਨਾਲ ਭਰੀ ਅਲਮਾਰੀ ਤੋਂ ਬੇਹਤਰ ਹੁੰਦਾ ਹੈ।

*-ਚੀਨ*

ਜਿਸ ਨੂੰ ਗਿਆਨ ਦੀ ਭੁੱਖ ਹੋਵੇਗੀ, ਉਹ ਉਸਤਾਦ ਆਪਣੇ ਆਪ ਲੱਭ ਲਵੇਗਾ।

*-ਜਰਮਨੀ*

ਜਦੋਂ ਅਧਿਆਪਕ ਭ੍ਰਿਸ਼ਟ ਹੋ ਜਾਵੇਗਾ ਤਾਂ ਸਾਰਾ ਸੰਸਾਰ ਹੀ ਭ੍ਰਿਸ਼ਟ ਹੋ ਜਾਵੇਗਾ।

*-ਫ਼ਾਰਸੀ*

ਜਿਹੜਾ ਮੈਨੂੰ ਇਕ ਦਿਨ ਲਈ ਪੜ੍ਹਾਉਂਦਾ ਹੈ, ਉਹ ਉਮਰ ਭਰ ਲਈ ਮੇਰੇ ਪਿਤਾ ਸਮਾਨ ਹੁੰਦਾ ਹੈ।

*-ਚੀਨ*

ਪੜ੍ਹਾਉਣਾ ਵੀ ਸਿੱਖਣਾ ਹੀ ਹੁੰਦਾ ਹੈ।

*-ਜਪਾਨ*

ਤੁਸੀਂ ਜੋ ਮਰਜ਼ੀ ਪੜ੍ਹਾਓ, ਪਰ ਰਹੋ ਸੰਖੇਪ ਹੀ।

*-ਰੋਮਨ*

ਦਰਵਾਜ਼ੇ ਅਧਿਆਪਕ ਖੋਲ੍ਹਦੇ ਹਨ ਪਰ ਅੰਦਰ ਤੁਹਾਨੂੰ ਆਪ ਹੀ ਵੜਨਾ ਪੈਂਦਾ ਹੈ।

*-ਚੀਨ*

* **ਆਲੋਚਨਾ**

ਸਭ ਤੋਂ ਉੱਚੀ ਘੁਰਾੜੇ ਮਾਰਨ ਵਾਲਾ ਸਭ ਤੋਂ ਪਹਿਲਾਂ ਸੌਂ ਜਾਂਦਾ ਹੈ।

ਦੂਜਿਆਂ ਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਆਪਣਾ ਇਲਾਜ ਕਰ ਲੈਣਾ ਚਾਹੀਦਾ ਹੈ।

*-ਗਾਂਬੀਆ*

## ੲ...

*** ਈਮਾਨ**

ਚੰਗੇ ਈਮਾਨ ਵਾਲੇ ਦਾ ਸਰ੍ਹਾਣਾ ਕੂਲਾ ਹੁੰਦਾ ਹੈ।

*-ਜਰਮਨੀ*

ਜ਼ਮੀਰ ਹਜ਼ਾਰ ਗਵਾਹਾਂ ਦੇ ਬਰਾਬਰ ਹੁੰਦੀ ਹੈ।

*-ਸਲੋਵਾਕੀਆ*

ਜਿਸ ਦੇ ਕਪੜੇ ਘਾਹ ਦੇ ਬਣੇ ਹੋਣ, ਉਸ ਨੂੰ ਅੱਗ ਤੋਂ ਡਰ ਕੇ ਰਹਿਣਾ ਚਾਹੀਦਾ ਹੈ।

ਚੋਰ ਨੂੰ ਹਰ ਝਾੜੀ ਸਿਪਾਹੀ ਵਾਂਗ ਲਗਦੀ ਹੈ। ਜੋ ਆਪਣਾ ਈਮਾਨ ਸਾਫ਼ ਰੱਖਦਾ ਹੈ, ਉਹ ਮਾਰੂਥਲ ਵਿਚ ਵੀ ਬਗ਼ੈਰ ਕਿਸੇ ਡਰ ਦੇ ਸੌਂ ਸਕਦਾ ਹੈ।

*-ਅਰਬ*

ਚੰਗਾ ਈਮਾਨ ਕੋਮਲ ਸਰ੍ਹਾਣੇ ਵਾਂਗ ਹੁੰਦਾ ਹੈ।

ਰੁੱਖੇ ਸੰਤ ਨਾਲੋਂ ਨਿਮਰ ਸ਼ੈਤਾਨ ਨਾਲ ਸਹਿਮਤ ਹੋਣਾ ਸੌਖਾ ਲਗਦਾ ਹੈ।

*-ਲਿਬਨਾਨ*

ਆਪਣੇ ਈਮਾਨ ਨੂੰ ਧੋਖਾ ਦੇਣ ਨਾਲ ਮਨੁੱਖ ਆਪਣੀ ਜੀਵਨ ਭਰ ਦੀ ਖ਼ੁਸ਼ੀ ਗੁਆ ਬੈਠਦਾ ਹੈ।

*-ਚੀਨ*

ਇਕ ਈਮਾਨ ਹਜ਼ਾਰ ਗਵਾਹਾਂ ਦੇ ਬਰਾਬਰ ਹੁੰਦਾ ਹੈ।

*-ਰੋਮਨ*

*** ਈਰਖਾ**

ਤੇਜ਼ ਲੱਤਾਂ ਦੀ ਜੋੜੀ ਨੂੰ ਮਾੜਾ ਕਹਿਣ ਵਾਲਾ ਕੱਛੂਕੁੰਮਾ ਹੀ ਹੁੰਦਾ ਹੈ।

*-ਜਪਾਨ*

ਕੋੜ੍ਹ ਦੇ ਰੋਗੀ ਫੋੜਿਆਂ ਵਾਲਿਆਂ ਨੂੰ ਦੇਖ ਕੇ ਸਾੜਾ ਕਰਦੇ ਹਨ।

*-ਜਪਾਨ*

ਗੁਆਂਢੀ ਦੇ ਹੱਥਾਂ 'ਚ ਫੜੀ ਰੋਟੀ ਹਮੇਸ਼ਾ ਵੱਡੀ ਦਿਖਦੀ ਹੈ।

*-ਰੂਸੀ*



ਗੁਆਂਢੀ ਦੇ ਫੁੱਲ ਜ਼ਿਆਦਾ ਲਾਲ ਨਜ਼ਰ ਆਉਂਦੇ ਹਨ।

*-ਜਪਾਨ*

ਦੋਸਤ ਲਈ ਸਾੜਾ ਕੌੜੇ ਕੱਦੂ ਦੇ ਸੁਆਦ ਵਰਗਾ ਹੁੰਦਾ ਹੈ।

*-ਫਾਰਸੀ*

ਈਰਖਾ ਵੀ ਇਕ ਕਿਸਮ ਦੀ ਤਾਰੀਫ ਹੀ ਹੁੰਦੀ ਹੈ।

*-ਅਮਰੀਕਾ*

ਗੁਣੀ ਬੰਦੇ ਮਗਰ ਈਰਖਾ ਇਸ ਤਰ੍ਹਾਂ ਚਲਦੀ ਹੈ ਜਿਵੇਂ ਬੰਦੇ ਮਗਰ ਪਰਛਾਵਾਂ।

*-ਨਿਕਾਰਾਗੂਆ*

ਈਰਖਾਲੂ ਆਦਮੀ ਗੁਆਂਢੀ ਦੇ ਮੋਟਾਪੇ ਨੂੰ ਦੇਖ ਦੇਖ ਆਪ ਪਤਲਾ ਹੋਈ ਜਾਂਦਾ ਹੈ।

*-ਡੱਚ*

ਗੁਆਂਢੀ ਦੀ ਮੁਰਗੀ ਆਪਣੀ ਮੁਰਗੀ ਤੋਂ ਜ਼ਿਆਦਾ ਮੋਟੀ ਲਗਦੀ ਹੈ।

*-ਪੁਰਤਗਾਲ*

ਈਰਖਾ ਦਾ ਨਿਸ਼ਾਨਾ ਬੜਾ ਉੱਚਾ ਹੁੰਦਾ ਹੈ।

*-ਰੋਮਨ*

ਸਾੜਾ ਨਫ਼ਰਤ ਨੂੰ ਜਨਮ ਦਿੰਦਾ ਹੈ।

*-ਯਿੱਦੀਸ਼*

ਵਕਤ ਬੀਤਣ ਨਾਲ ਵੀ ਈਰਖਾ ਘੱਟ ਨਹੀਂ ਹੁੰਦੀ।

*-ਯੋਰੂਬ*

ਈਰਖਾ ਅੰਨ੍ਹੀ ਹੁੰਦੀ ਹੈ।

*-ਰੋਮਨ*

ਈਰਖਾ ਆਪਣੇ ਆਪ ਨੂੰ ਆਪੇ ਤਸੀਹੇ ਦੇਣਾ ਹੁੰਦਾ ਹੈ।

*-ਡੈਨਮਾਰਕ*

ਮੱਛੀ ਨੂੰ ਤੈਰਦਾ ਦੇਖ ਕੇ ਅਤੇ ਪੰਛੀ ਨੂੰ ਉੱਡਦਾ ਦੇਖ ਕੇ ਈਰਖਾ ਨਹੀਂ ਕਰਨੀ ਚਾਹੀਦੀ।

*-ਚੀਨ*

ਈਰਖਾ ਨਿਸ਼ਾਨਾ ਦੂਸਰੇ ਉਪਰ ਲਗਾਉਂਦੀ ਹੈ ਪਰ ਜ਼ਖ਼ਮੀ ਆਪਣੇ ਆਪ ਨੂੰ ਕਰਦੀ ਹੈ।

*-ਅੰਗਰੇਜ਼ੀ*

ਭਿਖਾਰੀ ਵੀ ਦੂਸਰੇ ਭਿਖਾਰੀ ਨਾਲ ਈਰਖਾ ਕਰਦਾ ਹੈ।

*-ਰੋਮਨ*

ਜੇ ਈਰਖਾ ਨਾਲ ਅੱਗ ਬਾਲੀ ਜਾ ਸਕਦੀ ਤਾਂ ਲੱਕੜੀ ਦੀ ਕੋਈ ਲੋੜ ਨਹੀਂ ਸੀ ਰਹਿਣੀ।

-ਸਰਬੀਆ

ਤਰਸ ਨਾਲੋਂ ਈਰਖਾ ਦਾ ਪਾਤਰ ਬਣਨਾ ਬਿਤਹਰ ਹੁੰਦਾ ਹੈ।

-ਸਪੇਨ

ਸੰਬੰਧਾਂ ਵਿਚੋਂ ਹੀ ਈਰਖਾ ਜਨਮ ਲੈਂਦੀ ਹੈ।

-ਰੋਮਨ

ਜਿਵੇਂ ਲੋਹੇ ਨੂੰ ਜੰਗਾਲ ਖਾਂਦਾ ਹੈ, ਉਵੇਂ ਹੀ ਬੰਦੇ ਨੂੰ ਈਰਖਾ ਖਾ ਜਾਂਦੀ ਹੈ।

-ਡੈਨਮਾਰਕ

ਖੁਸ਼ੀ ਈਰਖਾ ਨੂੰ ਸੱਦਾ ਦਿੰਦੀ ਹੈ।

-ਰੋਮਨ

*** ਇਛਾਵਾਂ**

ਮੈਂ ਤਾਂ ਪਹਾੜ ਨੂੰ ਜੱਫੀ ਪਾ ਲਵਾਂ ਪਰ ਮੇਰੀਆਂ ਬਾਹਾਂ ਸਾਥ ਨਹੀਂ ਦਿੰਦੀਆਂ।

-ਤਾਈਵਾਨ

ਇੱਛਾਵਾਂ ਤੇ ਮੱਖੀਆਂ ਦੋਵੇਂ ਹੀ ਉੱਚੀਆਂ ਛਾਲਾਂ ਮਾਰਦੀਆਂ ਹਨ।

-ਪੁਰਤਗਾਲ

ਇੱਛਾ ਭੱਦੇ ਨੂੰ ਵੀ ਸੋਹਣਾ ਬਣਾ ਦਿੰਦੀ ਹੈ।

-ਸਪੇਨ

ਦੇਰੀ ਨਾਲ ਇੱਛਾਵਾਂ ਦੀ ਅੱਗ ਹੋਰ ਭੜਕਦੀ ਹੈ।

-ਰੋਮਨ

ਕਾਠੀ ਲੱਗੇ ਘੋੜੇ ਨੂੰ ਦੇਖ ਕੇ ਆਦਮੀ ਅਕਸਰ ਉਸ ਦੀ ਸੁਆਰੀ ਕਰਨ ਲਈ ਲਲਚਾਅ ਜਾਂਦਾ ਹੈ।

-ਮੈਕਸੀਕੋ

ਪਹਾੜੀ ਵਾਦੀਆਂ ਨੂੰ ਭਰਨਾ ਸੌਖਾ ਹੁੰਦਾ ਹੈ ਪਰ ਆਦਮੀ ਦੀਆਂ ਇੱਛਾਵਾਂ ਨੂੰ ਪੂਰਾ ਕਰਨਾ ਔਖਾ।

-ਚੀਨ

*** ਇਕੋ ਵਰਗੇ**

ਬੈਂਤ ਦੀ ਟੋਕਰੀ ਤਾੜ ਦੇ ਪੱਤਿਆਂ ਦੀ ਬਣੀ ਟੋਕਰੀ ਵਿਚ ਮੀਨਮੇਖ ਕੱਢਦੀ ਹੈ, ਪਰ ਤਾਂ ਵੀ ਦੋਹਾਂ 'ਚ ਮੋਰੀਆਂ ਹੀ ਰਹਿੰਦੀਆਂ ਹਨ।

-ਫਿਲਪੀਨ



ਸੱਪ ਨਾਗ ਦੀ ਪੈੜ ਪਛਾਣਦਾ ਹੈ।

-ਜਪਾਨ

ਚੂਹੇ ਦਾ ਗਵਾਹ ਚੂਹਾ ਹੁੰਦਾ ਹੈ।

-ਇਥੋਪੀਆ

ਛੋਟੀਆਂ ਕਿਸ਼ਤੀਆਂ ਵੀ ਵੱਡੇ ਜਹਾਜ਼ਾਂ ਵਾਂਗ ਹੀ ਤੈਰਦੀਆਂ ਹਨ।

-ਫਾਰੋਇਜ਼

ਬੇੜੀ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਕੌਣ ਰਾਜਾ ਹੈ। ਇਹ ਜਦੋਂ ਉਲਟਦੀ ਹੈ ਤਾਂ ਸਾਰਿਆਂ ਨੂੰ ਗਿੱਲਾ ਕਰਦੀ ਹੈ।

-ਮੈਡਾਗਾਸਕਰ

ਉਸਤਰਾ ਕਦੇ ਦੂਜੇ ਉਸਤਰੇ ਨੂੰ ਨਹੀਂ ਕੱਟਦਾ ਤੇ ਨਾ ਹੀ ਇਕ ਧੋਖੇਬਾਜ਼ ਦੂਜੇ ਧੋਖੇਬਾਜ਼ ਨੂੰ ਠੱਗਦਾ ਹੈ।

-ਜਰਮਨੀ

ਖੋਤਿਆਂ ਵਿਚ ਦੁਲੱਤੀਆਂ ਦੇ ਅਦਾਨ-ਪ੍ਰਦਾਨ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ।

-ਇਟਲੀ

ਜਿਵੇਂ ਇਕ ਗਧਾ ਦੂਸਰੇ ਗਧੇ ਨੂੰ ਸੋਹਣਾ ਲਗਦਾ ਹੈ, ਉਸ ਤਰ੍ਹਾਂ ਇਕ ਇਕ ਸੂਰ ਦੂਜੇ ਸੂਰ ਨੂੰ ਸੋਹਣਾ ਲਗਦਾ ਹੈ।

-ਰੋਮਨ

ਜਿਹਾ ਮਾਲੀ ਤਿਹਾ ਬਾਗ।

-ਜਰਮਨੀ

ਘੋੜੀ ਦੀ ਦੁਲੱਤੀ ਨਾਲ ਘੋੜੇ ਦੇ ਸੱਟ ਨਹੀਂ ਲੱਗਦੀ।

-ਫਰਾਂਸ

ਜਿਹੀ ਮਾਂ, ਤਿਹੀ ਧੀ।

-ਰੋਮਨ

ਜਿਹਾ ਭਾਂਡਾ, ਤਿਹਾ ਢੱਕਣ।

-ਡੱਚ

ਜਿਹਾ ਸੰਤ, ਤਿਹਾ ਚੜ੍ਹਾਵਾ।

-ਇਟਲੀ

ਰੱਬ ਅਤੇ ਬਸ-ਕੰਡਕਟਰ ਮੂਹਰੇ ਅਸੀਂ ਸਾਰੇ ਇਕੋ ਬਰਾਬਰ ਹੁੰਦੇ ਹਾਂ।

-ਅੰਗਰੇਜ਼ੀ

*** ਏਕ-ਅਨੇਕ**

ਇਕ ਪੱਤੇ ਦੇ ਝੜਨ ਨਾਲ ਪਤਾ ਲੱਗ ਜਾਂਦਾ ਹੈ ਕਿ ਪਤਝੜ ਦਾ ਮੌਸਮ ਆ ਗਿਆ ਹੈ।

*-ਜਪਾਨ*

ਅਸਮਾਨ ਹੇਠ ਵੱਸਣ ਵਾਲੇ ਸਾਰੇ ਇਕ ਦੂਜੇ ਨਾਲ ਚਟਾਈ ਵਾਂਗ ਬੁਣੇ ਹੁੰਦੇ ਹਨ।

*-ਮੈਡਾਗਾਸਕਰ*

ਬੀਜਣ ਵਾਲਾ ਇਕੱਲਾ ਹੁੰਦਾ ਹੈ ਪਰ ਖਾਣ ਵਾਲੇ ਕਈ ਸਾਰੇ ਹੁੰਦੇ ਹਨ।

*-ਸਕਾਮਬਾਲਾ*

ਸਾਰੇ ਹੈ ਨੇ, ਤਾਂ ਮੈਂ ਵੀ ਹਾਂ। ਮੈਂ ਹਾਂ ਤਾਂ ਸਾਰੇ ਹਨ।

*-ਜ਼ਾਂਬੀਆ*

ਇਕ ਫੜਫੜਾਂਦਾ ਪੱਤਾ ਸਾਰੇ ਮੁਲਕਾਂ ਦੀਆਂ ਪਤਝੜਾਂ ਦਾ ਹਾਲ ਦੱਸ ਦਿੰਦਾ ਹੈ।

*-ਜ਼ੇਨ*

*** ਇਨਸਾਫ਼**

ਬਤਖ ਦੇ ਮੁਕੱਦਮੇ ਵਿਚ ਲੂੰਬੜ ਜੱਜ ਨਹੀਂ ਹੋਣਾ ਚਾਹੀਦਾ।

ਹਰੇਕ ਘੋੜੇ ਨੂੰ ਆਪਣੀ ਬੋਰੀ ਸਭ ਤੋਂ ਵੱਧ ਭਾਰੀ ਲਗਦੀ ਹੈ।

*-ਬੋਸਨੀਆ*

ਇਨਸਾਨੀਅਤ ਅਤੇ ਇਨਸਾਫ਼ ਨਾਲ ਤਲਵਾਰਾਂ ਨੂੰ ਇਕ ਪਾਸੇ ਕੀਤਾ ਜਾ ਸਕਦਾ ਹੈ।

*-ਜਪਾਨ*

*** ਇਕੱਲਾ**

ਇਕੱਲੀ ਭੇਡ ਨੂੰ ਬਘਿਆੜ ਦਾ ਖ਼ਤਰਾ ਬਣਿਆ ਹੀ ਰਹਿੰਦਾ ਹੈ।

'ਕੱਲੀ ਚੂੜੀ ਛਣ-ਛਣ ਨਹੀਂ ਕਰ ਸਕਦੀ।

*-ਜ਼ੇਅਰ*

ਮਾੜੇ ਸਾਥ ਨਾਲੋਂ ਇਕੱਲੇ ਰਹਿਣਾ ਚੰਗਾ ਹੁੰਦਾ ਹੈ।

*-ਜਰਮਨੀ*

*** ਇਜ਼ਤ**

ਨੇਕ ਆਦਮੀ ਨੂੰ ਆਪਣੇ ਮੁਲਕ ਵਿਚ ਇਜ਼ਤ ਘੱਟ ਹੀ ਮਿਲਦੀ ਹੈ।

*-ਜਮਾਇਕਾ*



*** ਇਕੋ ਗੱਲ**

ਲੱਕੜਬੱਗੇ ਦੀਆਂ ਚਾਂਗਰਾਂ ਅਤੇ ਬੱਕਰੀ ਦੇ ਗੁਆਚਣ ਦਾ ਇਕੋ ਮਤਲਬ ਹੁੰਦਾ ਹੈ।

*-ਨਾਈਜੀਰ*

ਜੇ ਤੁਸੀਂ ਪੈਰਾਂ ਨਾਲ ਚੱਲੋਗੇ ਤਾਂ ਤੁਹਾਡੇ ਜੁੱਤੇ ਘਸਣਗੇ, ਜੇ ਤੁਸੀਂ ਸਿਰ ਨਾਲ ਚੱਲੋਗੇ ਤਾਂ ਤੁਹਾਡੀ ਟੋਪੀ ਘਸੇਗੀ।

*-ਫਾਰਸੀ*

ਜਿਹੜੀ ਛੁਰੀ ਬੱਕਰੀ ਨੂੰ ਕੱਟਦੀ ਹੈ ਉਹੀ ਭੇਡ ਨੂੰ ਵੀ ਕੱਟੇਗੀ।

*-ਜਮਾਇਕਾ*

*** ਇਤਿਹਾਸ**

ਜਿਸ ਨੂੰ ਇਹ ਨਾ ਪਤਾ ਹੋਵੇ ਕਿ ਉਹ ਕਿਥੋਂ ਆ ਰਿਹਾ ਹੈ, ਉਸ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕਿਥੇ ਜਾ ਰਿਹਾ ਹੈ।

*-ਅਫ਼ਰੀਕਾ*

ਜਦ ਤਕ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਨਹੀਂ ਹੁੰਦੇ, ਉਦੋਂ ਤਕ ਸ਼ਿਕਾਰ ਦੀਆਂ ਕਥਾਵਾਂ ਵਿਚ ਸ਼ਿਕਾਰੀਆਂ ਦੀ ਹੀ ਮਹਿਮਾ ਹੁੰਦੀ ਰਹੇਗੀ।

*-ਅਫ਼ਰੀਕਾ*

ਇਤਿਹਾਸ ਜੇਤੂਆਂ ਦਾ ਲਿਖਿਆ ਹੁੰਦਾ ਹੈ।

*-ਕਲਿੰਗੋਨ*

ਇਤਿਹਾਸ ਵਿਹੂਣੀ ਕੌਮ ਚਰਾਗਾਹਾਂ 'ਚ ਵਗਦੀ ਹਵਾ ਵਾਂਗ ਹੁੰਦੀ ਹੈ।

*-ਅਮਰੀਕੀ ਆਦਿਵਾਸੀ*

ਇਤਿਹਾਸ ਜਦੋਂ ਵੀ ਆਪਣੇ ਆਪ ਨੂੰ ਦੁਹਰਾਂਦਾ ਹੈ ਤਾਂ ਮਨੁੱਖਤਾ ਨੂੰ ਇਸ ਦੀ ਕੀਮਤ ਹੋਰ ਵੀ ਜ਼ਿਆਦਾ ਚੁਕਾਉਣੀ ਪੈਂਦੀ ਹੈ।

*-ਇਟਲੀ*

ਇਕ ਤੋਂ ਬਾਅਦ ਦੂਜੀ ਲਾਹਨਤਾਂ ਦੇ ਵਾਪਰਨ ਨੂੰ ਇਤਿਹਾਸ ਕਿਹਾ ਜਾਂਦਾ ਹੈ।

*-ਅਮਰੀਕਾ*

ਸੇਬ ਆਦਮ ਨੇ ਖਾਧਾ ਸੀ ਤੇ ਸਾਡੇ ਦੰਦ ਹੁਣ ਤਕ ਦਰਦ ਕਰੀ ਜਾ ਰਹੇ ਹਨ।

*-ਹੰਗਰੀ*

*** ਇਸ਼ਾਰਾ**

ਮੈਂ ਗੱਲਾਂ ਤਾਂ ਦਰਵਾਜ਼ੇ ਨਾਲ ਕਰ ਰਿਹਾ ਹਾਂ ਪਰ ਸੁਣਾ ਕੰਧਾਂ ਨੂੰ ਰਿਹਾ ਹਾਂ।

*-ਅਫਗਾਨਿਸਤਾਨ*

# ਸ...

* **ਸਵਾਲ**

ਹਰ ਸਵਾਲ ਦਾ ਉੱਤਰ ਦੇਣਾ ਜ਼ਰੂਰੀ ਨਹੀਂ ਹੁੰਦਾ।

*-ਫਰਾਂਸ*

* **ਸਿਹਤ**

ਜਿਹੜਾ ਆਪ ਕਦੇ ਬਿਮਾਰ ਨਾ ਹੋਇਆ ਹੋਵੇ ਉਹ ਚੰਗਾ ਡਾਕਟਰ ਨਹੀਂ ਹੋ ਸਕਦਾ।

*-ਅਰਬ*

ਜਿਹੜਾ ਦੁਆਈ ਤਾਂ ਖਾਵੇ ਪਰ ਖੁਰਾਕ ਲਈ ਲਾਪਰਵਾਹ ਹੋਵੇ, ਉਹ ਡਾਕਟਰ ਦੀ ਮੁਹਾਰਤ ਨੂੰ ਵੀ ਖ਼ਰਾਬ ਕਰਦਾ ਹੈ।

*-ਚੀਨ*

ਸੂਰਜ ਨੂੰ ਘਰ ਦੀ ਬਾਰੀ 'ਚੋਂ ਬਾਹਰ ਕੱਢੋਗੇ, ਦਰਵਾਜ਼ੇ 'ਚੋਂ ਡਾਕਟਰ ਨੂੰ ਅੰਦਰ ਆਉਣਾ ਪੈਂਦਾ ਹੈ।

*-ਚੀਨ*

ਸਾਰੀਆਂ ਬੇਇਲਾਜ ਬਿਮਾਰੀਆਂ ਦਾ ਇਲਾਜ ਮੌਤ ਦੇ ਡਾਕਟਰ ਕੋਲ ਹੁੰਦਾ ਹੈ।

*-ਯੂਨਾਨ*

ਬਿਮਾਰੀ ਆਉਂਦੀ ਤਾਂ ਹਾਥੀ ਵਰਗੀ ਤੇਜ਼ੀ ਨਾਲ ਹੈ ਪਰ ਜਾਂਦੀ ਕੀੜੀ ਦੀ ਚਾਲ ਹੈ।

*-ਭਾਰਤ*

ਰੱਜ ਕੇ ਹੱਸਣਾ ਤੇ ਰੱਜ ਕੇ ਸੌਣਾ, ਇਹ ਦੋ ਇਲਾਜ ਡਾਕਟਰ ਦੀ ਕਿਤਾਬ 'ਚ ਸਭ ਤੋਂ ਵਧੀਆ ਦੱਸੇ ਗਏ ਹਨ।

*-ਆਇਰਲੈਂਡ*

ਬਿਮਾਰੀ ਡਾਕਟਰ ਦਾ ਤਿਉਹਾਰ ਹੁੰਦਾ ਹੈ।

*-ਆਇਰਲੈਂਡ*

ਮਹਿੰਗੀਆਂ ਦੁਆਈਆਂ ਦਾ ਫ਼ਾਇਦਾ ਜ਼ਰੂਰ ਹੁੰਦਾ ਹੈ। ਜੇ ਬਿਮਾਰ ਨੂੰ ਨਾ ਹੋਵੇ ਤਾਂ ਦੁਆਈਆਂ ਦੀ ਦੁਕਾਨ (ਕੈਮਿਸਟ) ਵਾਲੇ ਨੂੰ ਹੁੰਦਾ ਹੈ।

*-ਰੂਸ*

ਜਿਹੜਾ ਆਪਣੇ ਡਾਕਟਰ ਨੂੰ ਆਪਣਾ ਵਾਰਸ ਬਣਾਂਦਾ ਹੈ, ਉਹ ਮੂਰਖ਼ ਹੁੰਦਾ ਹੈ।

*-ਰੂਸ*



ਚੰਗੀ ਸਿਹਤ ਦਾ ਅੱਧ ਚੰਗੀਆਂ ਸੋਚਾਂ ਵਿਚ ਹੁੰਦਾ ਹੈ।

*-ਯੁਗੋਸਲਾਵੀਆ*

ਚੰਗੀ ਸਿਹਤ ਤੇ ਚੰਗੀ ਪਤਨੀ ਬੰਦੇ ਦਾ ਸਭ ਤੋਂ ਵੱਡਾ ਸਰਮਾਇਆ ਹੁੰਦਾ ਹੈ।

*-ਅਲਬਾਨੀਆ*

ਚੰਗੇ ਸਰਜਨ/ਡਾਕਟਰ ਦੀ ਅੱਖ ਇੱਲ ਵਰਗੀ, ਦਿਲ ਸ਼ੇਰ ਵਰਗਾ ਤੇ ਹੱਥ ਔਰਤ ਵਰਗਾ ਹੁੰਦੇ ਹਨ।

ਚੰਗੀ ਸਿਹਤ ਵਾਲੇ ਨੂੰ ਸਫ਼ਲ ਆਦਮੀ ਕਿਹਾ ਜਾ ਸਕਦਾ ਹੈ।

*-ਫਰਾਂਸ*

* **ਸਵੈ**

ਜੁੱਤੀਆਂ ਬਣਾਨ ਵਾਲੇ ਦਾ ਆਪਣਾ ਪੁੱਤ ਨੰਗੇ ਪੈਰ ਰਹਿੰਦਾ ਹੈ।

ਜਦ ਗੁਆਂਢੀ ਦੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਆਪਣਾ ਫ਼ਿਕਰ ਕਰਨਾ ਚਾਹੀਦਾ ਹੈ।

*-ਬੇਲਾਰਸ*

* **ਸਫ਼ਰ**

ਮੂਰਖ ਫਰਾਂਸ ਦੀ ਯਾਤਰਾ ਕਰਕੇ ਵੀ ਮੂਰਖ਼ ਹੀ ਰਹੇਗਾ।

*-ਲਕਸਮਬਰਗ*

ਯਾਤਰੀ ਦਾ ਸਭ ਤੋਂ ਭਾਰੀ ਸਮਾਨ ਉਸ ਦਾ ਖ਼ਾਲੀ ਪਰਸ/ਬਟੂਆ ਹੁੰਦਾ ਹੈ।

ਜੇ ਤੁਸੀਂ ਲੰਬੇ ਰਾਹਾਂ ਦੇ ਪਾਂਧੀ ਹੋ ਤਾਂ ਹੌਲੀ ਚੱਲੋ।

*-ਫਿਲੀਪੀਨ*

ਸਫ਼ਰ ਲੰਬਾ ਹੋਵੇ ਤਾਂ ਘਾਹ ਦਾ ਇਕ ਤਿਣਕਾ ਵੀ ਭਾਰੀ ਲੱਗਣ ਲਗਦਾ ਹੈ।

*-ਇਟਲੀ*

* **ਸੁਰੱਖਿਆ**

ਡੂੰਘੇ ਪਾਣੀ 'ਚ ਮੱਛੀਆਂ ਦਾ ਕੁਝ ਨਹੀਂ ਵਿਗੜਦਾ।

*-ਮਲੇਸ਼ੀਆ*

ਆਪਣੇ ਸਾਰੇ ਆਂਡੇ ਇਕੋ ਟੋਕਰੀ 'ਚ ਪਾ ਕੇ ਨਹੀਂ ਰੱਖਣੇ ਚਾਹੀਦੇ।

*-ਲਾਤਵੀਆ*

ਵੈਰੀ ਦੀ ਹੱਦ ਤੋਂ ਦੂਰ ਰਹਿਣਾ ਹੀ ਸਭ ਤੋਂ ਵਧੀਆ ਕਵਚ ਹੁੰਦਾ ਹੈ।

*-ਇਟਲੀ*

ਬਾਰੀ ਵਿਚ ਖੜ੍ਹ ਕੇ ਬਲਦ ਨੂੰ ਬੜ੍ਹਕਾਂ ਮਾਰਨੀਆਂ ਸੌਖਾ ਹੁੰਦਾ ਹੈ।

*-ਇਟਲੀ*

ਹਾਥੀ ਦੇ ਮਗਰ ਚੱਲਣ ਵਾਲਾ ਸੁਰੱਖਿਆ ਮਹਿਸੂਸ ਕਰਦਾ ਹੈ, ਪਰ ਉਸ ਨੂੰ ਹਾਥੀ ਦੀ ਲਿੱਦ ਨਾਲ ਲਿਬੜਨ ਦਾ ਖ਼ਤਰਾ ਵੀ ਹੁੰਦਾ ਹੈ।

*-ਲਾਓਸ*

ਜਿਹੜੀ ਸੜਕ 'ਤੇ ਡਾਕਾ ਪੈ ਕੇ ਹਟਿਆ ਹੋਵੇ, ਉਹ ਸੜਕ ਸਭ ਤੋਂ ਵੱਧ ਸੁਰੱਖਿਅਤ ਹੁੰਦੀ ਹੈ।

*-ਮੈਕਸੀਕੋ*

ਮੀਂਹ ਨੂੰ ਦੇਖਣਾ ਖੁਸ਼ਗਵਾਰ ਹੁੰਦਾ ਹੈ, ਖ਼ਾਸ ਕਰਕੇ ਜਦੋਂ ਬੰਦਾ ਆਪ ਸੁੱਕੀ ਥਾਂ 'ਤੇ ਖੜ੍ਹਾ ਹੋਵੇ।

*-ਹਾਲੈਂਡ*

ਜਿਸ ਨੇ ਖ਼ਤਰਾ ਦੇਖਿਆ ਹੋਵੇ ਉਹ ਹੀ ਸੁਰੱਖਿਆ ਦੀ ਕੀਮਤ ਜਾਣ ਸਕਦਾ ਹੈ।

*-ਫਾਰਸੀ*

**✶ ਸੰਗਤ**

ਇਕ ਲਿਬੜੀ ਹੋਈ ਮੱਝ ਬਾਕੀਆਂ ਨੂੰ ਵੀ ਲਥਪਥ ਕਰ ਦੇਂਦੀ ਹੈ।

*-ਕੰਬੋਡੀਆ*

**✶ ਸਲਾਹ**

ਗੱਡੀ ਟੁੱਟਣ ਤੋਂ ਬਾਅਦ ਸਲਾਹਾਂ ਦੀ ਝੜੀ ਲੱਗ ਜਾਂਦੀ ਹੈ।

*-ਅਰਮੇਨੀਆ*

ਸੂਰਾਂ ਨੂੰ ਰਸਭਰੀਆਂ ਤੇ ਮੂਰਖਾਂ ਨੂੰ ਸਲਾਹਾਂ ਦੇਣ ਦਾ ਕੋਈ ਫਾਇਦਾ ਨਹੀਂ।

*-ਆਇਰਲੈਂਡ*

ਔਰਤ ਦੀ ਸਲਾਹ ਦੀ ਬਹੁਤੀ ਕੀਮਤ ਨਹੀਂ ਹੁੰਦੀ, ਪਰ ਇਸ ਨੂੰ ਨਾ ਮੰਨਣ ਵਾਲਾ ਮੂਰਖ਼ ਹੁੰਦਾ ਹੈ।

*-ਸਪੇਨੀ*

ਦੂਜਿਆਂ ਦੀ ਸਲਾਹ ਜ਼ਰੂਰ ਲਉ, ਭਾਵੇਂ ਆਪਣੇ ਗੋਡਿਆਂ ਦੀ ਰਾਏ ਹੀ ਕਿਉਂ ਨਾ ਲੈਣੀ ਪਵੇ।

*-ਜਪਾਨ*

ਪਹਿਲਾਂ ਆਪਣੇ ਪਹੀਏ ਨੂੰ ਤੇਲ ਲਾਉਣਾ ਚਾਹੀਦਾ ਹੈ।

*-ਬੰਗਾਲ*

ਸਲਾਹ ਦੇਣ ਨਾਲੋਂ ਲੈਣੀ ਜ਼ਿਆਦਾ ਸੁਰੱਖਿਅਤ ਹੁੰਦੀ ਹੈ।

*-ਬੇਨਿਨ*



ਜਿਹੜਾ ਘਰ ਬਣਾਉਂਦੇ ਸਮੇਂ ਹਰ ਕਿਸੇ ਦੀ ਸਲਾਹ ਮੰਨਦਾ ਹੈ, ਉਸ ਦਾ ਘਰ ਵਿੰਗਾ ਟੇਢਾ ਬਣੇਗਾ।

*-ਡੈਨਮਾਰਕ*

ਮੂਰਖ ਨੂੰ ਸਲਾਹ ਦੇਣੀ ਕਾਟੋ ਨੂੰ ਲੂਣ ਦੇਣ ਵਾਲੀ ਗੱਲ ਹੁੰਦੀ ਹੈ।

*-ਕਸ਼ਮੀਰ*

ਸਿਆਣੇ ਨੂੰ ਸਲਾਹ ਦੀ ਲੋੜ ਨਹੀਂ ਹੁੰਦੀ ਤੇ ਮੂਰਖ ਨੇ ਇਸ ਨੂੰ ਸੁਣਨਾ ਨਹੀਂ ਹੁੰਦਾ।

*-ਸਮਕਾਲੀ*

ਸੱਟ ਲੱਗਣ ਤੋਂ ਬਾਅਦ ਦਿੱਤੀ ਨਸੀਹਤ ਮਰਨ ਤੋਂ ਬਾਅਦ ਦਿੱਤੀ ਦੁਆਈ ਵਾਂਗ ਹੁੰਦੀ ਹੈ।

*-ਡੈਨਿਸ਼*

ਸਲਾਹ ਹਮੇਸ਼ਾ ਬਰਾਬਰ ਵਾਲਿਆਂ ਦੀ ਲੈਣੀ ਚਾਹੀਦੀ ਹੈ ਤੇ ਮਦਦ ਆਪਣੇ ਤੋਂ ਵੱਡਿਆਂ ਦੀ।

*-ਡੈਨਮਾਰਕ*

ਸਲਾਹ ਦੇਣੀ ਚਾਹੀਦੀ ਹੈ, ਪਰ ਜੇ ਕੋਈ ਨਾ ਸੁਣੇ ਤਾਂ ਬਿਪਤਾ ਨੂੰ ਆਪਣਾ ਸਬਕ ਸਿਖਾਉਣ ਦੇਣਾ ਚਾਹੀਦਾ ਹੈ।

*-ਇਥੋਪੀਆ*

ਜਿਹੜਾ ਸਲਾਹ ਮਸ਼ਵਰੇ ਕਰਦਾ ਰਹੇ, ਉਹ ਗ਼ਲਤੀ ਘੱਟ ਹੀ ਕਰਦਾ ਹੈ।

*-ਫਿਲੀਪੀਨ*

ਭੀੜ ਨੂੰ ਕਦੇ ਵੀ ਨਸੀਹਤ ਦੇਣ ਦੀ ਕੋਸ਼ਿਸ਼ ਨਾ ਕਰੋ।

*-ਅਰਬ*

ਵੱਡੀ ਉਮਰ ਵਾਲੇ ਬੰਦੇ ਦੀ ਸਲਾਹ ਕਦੇ ਗ਼ਲਤ ਰਾਹ ਨਹੀਂ ਪਾਉਂਦੀ।

*-ਵੇਲਜ਼*

ਭਾਵੇਂ ਅੱਜ ਤੁਹਾਨੂੰ ਚੰਗੀ ਵੀ ਨਾ ਲੱਗੇ ਤਾਂ ਵੀ ਆਪਣੇ ਪਿਆਰਿਆਂ ਦੀ ਸਲਾਹ ਲਿਖ ਕੇ ਕੋਲ ਰੱਖ ਲੈਣੀ ਚਾਹੀਦੀ ਹੈ।

*-ਅੰਗਰੇਜ਼ੀ*

ਆਦਮੀ ਅਕਸਰ ਦੂਜਿਆਂ ਲਈ ਚੰਗਾ ਤੇ ਆਪਣੇ ਆਪ ਲਈ ਮਾੜਾ ਸਲਾਹਕਾਰ ਸਿੱਧ ਹੁੰਦਾ ਹੈ।

*-ਆਇਰਲੈਂਡ*

ਨਾ ਕਿਸੇ ਨੂੰ ਯੁੱਧ 'ਚ ਜਾਣ ਦੀ ਸਲਾਹ ਦੇਵੋ ਤੇ ਨਾ ਹੀ ਵਿਆਹ ਕਰਵਾਉਣ ਦੀ।

*-ਸਪੇਨ*

ਜਿਹੜਾ ਵੱਡੀ ਸੜਕ ਦੇ ਨੇੜੇ ਘਰ ਦੀ ਉਸਾਰੀ ਕਰਦਾ ਹੈ, ਉਸ ਨੂੰ ਨਿੱਤ ਨਵੇਂ ਸਲਾਹਕਾਰ ਟੱਕਰਦੇ ਹਨ।

*-ਡੱਚ*

ਜਿਹੜਾ ਸਲਾਹ ਮਸ਼ਵਰਾ ਨਹੀਂ ਕਰਦਾ ਉਸ ਦੀ ਮਦਦ ਵੀ ਨਹੀਂ ਕੀਤੀ ਜਾ ਸਕਦੀ।

*-ਆਇਰਲੈਂਡ*

ਜਿਸ ਰਾਜੇ ਦੇ ਸਲਾਹਕਾਰ ਚੰਗੇ ਹੋਣ ਉਸ ਦਾ ਰਾਜ ਸ਼ਾਂਤੀ ਨਾਲ ਚਲਦਾ ਹੈ।

*-ਅਫ਼ਰੀਕਾ*

ਸਲਾਹ ਅਜਨਬੀ ਬੰਦੇ ਵਰਗੀ ਹੁੰਦੀ ਹੈ, ਸੁਆਗਤ ਕਰੋਗੇ ਤਾਂ ਰਾਤ ਰੁਕ ਜਾਵੇਗੀ ਨਹੀਂ ਤਾਂ ਉਸੇ ਦਿਨ ਆਪਣੇ ਘਰ ਮੁੜ ਜਾਂਦੀ ਹੈ।

*-ਅਫ਼ਰੀਕਾ*

**✶ ਸਹੀ ਥਾਂ**

ਖੇਤਾਂ 'ਚੋਂ ਘੋਗਾ-ਮੱਛੀ ਨਹੀਂ ਫੜੀ ਜਾਂਦੀ।

*-ਜਪਾਨ*

ਮਿਠਾਈ ਖਰੀਦਣੀ ਹੋਵੇ ਤਾਂ ਹਲਵਾਈ ਦੀ ਦੁਕਾਨ 'ਤੇ ਜਾਣਾ ਚਾਹੀਦਾ ਹੈ।

*-ਜਪਾਨ*

**✶ ਸਿੱਖਣਾ**

ਬੰਦਾ ਅੱਸੀ ਦੀ ਉਮਰ 'ਚ ਵੀ ਖ਼ੁਸ਼ਖ਼ਤੀ (ਸੁੰਦਰ ਲਿਖਾਈ) ਲਿਖ ਸਕਦਾ ਹੈ।

*-ਜਪਾਨ*

ਸਿਰਫ਼ ਚੜ੍ਹਨਾ ਸਿੱਖਣਾ ਹੀ ਕਾਫ਼ੀ ਨਹੀਂ ਹੁੰਦਾ, ਤੁਹਾਨੂੰ ਡਿੱਗਣਾ ਵੀ ਆਉਣਾ ਚਾਹੀਦਾ ਹੈ।

*-ਮੈਕਸੀਕੋ*

ਤੁਸੀਂ ਸਾਰੀ ਉਮਰ ਸਿੱਖਦੇ ਹੋ ਪਰ ਫਿਰ ਵੀ ਅਗਿਆਨੀ ਹੀ ਮਰਦੇ ਹੋ।

*-ਲਿਥੁਆਨੀਆ*

ਸਿੱਖਣਾ ਅਮੀਰ ਲਈ ਸੋਹਣੀ ਪੁਸ਼ਾਕ ਹੁੰਦਾ ਹੈ ਤੇ ਗ਼ਰੀਬ ਲਈ ਦੌਲਤ।

*-ਮੈਨਕਸ*

**✶ ਸਾਂਝੇਦਾਰੀ**

ਚਾਹੇ ਉਹ ਭਰਾ ਲਗਦੇ ਨੇ ਪਰ ਉਨ੍ਹਾਂ ਦੀਆਂ ਜੇਬਾਂ ਭੈਣਾਂ ਨਹੀਂ ਲਗਦੀਆਂ।

*-ਤੁਰਕੀ*

ਜੇ ਤੂੰ ਰੋਟੀ ਤੇ ਕੱਪੜੇ ਨਾ ਮੰਗੇ ਤਾਂ ਮੈਂ ਤੇਰਾ ਬੱਚਿਆਂ ਵਾਂਗ ਖ਼ਿਆਲ ਰੱਖਾਂਗਾ।

*-ਤੇਲਗੂ*



ਜਿਹੜਾ ਵੱਡੀ ਸੜਕ ਦੇ ਨੇੜੇ ਘਰ ਦੀ ਉਸਾਰੀ ਕਰਦਾ ਹੈ, ਉਸ ਨੂੰ ਨਿੱਤ ਨਵੇਂ ਸਲਾਹਕਾਰ ਟੱਕਰਦੇ ਹਨ।

-ਡੱਚ

ਜਿਹੜਾ ਸਲਾਹ ਮਸ਼ਵਰਾ ਨਹੀਂ ਕਰਦਾ ਉਸ ਦੀ ਮਦਦ ਵੀ ਨਹੀਂ ਕੀਤੀ ਜਾ ਸਕਦੀ।

-ਆਇਰਲੈਂਡ

ਜਿਸ ਰਾਜੇ ਦੇ ਸਲਾਹਕਾਰ ਚੰਗੇ ਹੋਣ ਉਸ ਦਾ ਰਾਜ ਸ਼ਾਂਤੀ ਨਾਲ ਚਲਦਾ ਹੈ।

-ਅਫ਼ਰੀਕਾ

ਸਲਾਹ ਅਜਨਬੀ ਬੰਦੇ ਵਰਗੀ ਹੁੰਦੀ ਹੈ, ਸੁਆਗਤ ਕਰੋਗੇ ਤਾਂ ਰਾਤ ਰੁਕ ਜਾਵੇਗੀ ਨਹੀਂ ਤਾਂ ਉਸੇ ਦਿਨ ਆਪਣੇ ਘਰ ਮੁੜ ਜਾਂਦੀ ਹੈ।

-ਅਫ਼ਰੀਕਾ

✶ ਸਹੀ ਥਾਂ

ਖੇਤਾਂ 'ਚੋਂ ਘੋਗਾ-ਮੱਛੀ ਨਹੀਂ ਫੜੀ ਜਾਂਦੀ।

-ਜਪਾਨ

ਮਿਠਾਈ ਖਰੀਦਣੀ ਹੋਵੇ ਤਾਂ ਹਲਵਾਈ ਦੀ ਦੁਕਾਨ 'ਤੇ ਜਾਣਾ ਚਾਹੀਦਾ ਹੈ।

-ਜਪਾਨ

✶ ਸਿੱਖਣਾ

ਬੰਦਾ ਅੱਸੀ ਦੀ ਉਮਰ 'ਚ ਵੀ ਖ਼ੁਸ਼ਖ਼ਤੀ (ਸੁੰਦਰ ਲਿਖਾਈ) ਲਿਖ ਸਕਦਾ ਹੈ।

-ਜਪਾਨ

ਸਿਰਫ਼ ਚੜ੍ਹਨਾ ਸਿੱਖਣਾ ਹੀ ਕਾਫ਼ੀ ਨਹੀਂ ਹੁੰਦਾ, ਤੁਹਾਨੂੰ ਡਿੱਗਣਾ ਵੀ ਆਉਣਾ ਚਾਹੀਦਾ ਹੈ।

-ਮੈਕਸੀਕੋ

ਤੁਸੀਂ ਸਾਰੀ ਉਮਰ ਸਿੱਖਦੇ ਹੋ ਪਰ ਫਿਰ ਵੀ ਅਗਿਆਨੀ ਹੀ ਮਰਦੇ ਹੋ।

-ਲਿਥੁਆਨੀਆ

ਸਿੱਖਣਾ ਅਮੀਰ ਲਈ ਸੋਹਣੀ ਪੁਸ਼ਾਕ ਹੁੰਦਾ ਹੈ ਤੇ ਗ਼ਰੀਬ ਲਈ ਦੌਲਤ।

-ਮੈਨਕਸ

✶ ਸਾਂਝੇਦਾਰੀ

ਚਾਹੇ ਉਹ ਭਰਾ ਲਗਦੇ ਨੇ ਪਰ ਉਨ੍ਹਾਂ ਦੀਆਂ ਜੇਬਾਂ ਭੈਣਾਂ ਨਹੀਂ ਲਗਦੀਆਂ।

-ਤੁਰਕੀ

ਜੇ ਤੂੰ ਰੋਟੀ ਤੇ ਕੱਪੜੇ ਨਾ ਮੰਗੇ ਤਾਂ ਮੈਂ ਤੇਰਾ ਬੱਚਿਆਂ ਵਾਂਗ ਖ਼ਿਆਲ ਰੱਖਾਂਗਾ।

-ਤੇਲਗੂ

66 / ਸੰਸਾਰ ਪ੍ਰਸਿੱਧ ਮੁਹਾਵਰੇ

## ਹ...

* **ਹਮਦਰਦੀ**

ਸਫ਼ਰ ਵਿਚ ਸਾਥੀ ਤੇ ਜੀਵਨ ਵਿਚ ਹਮਦਰਦੀ ਜ਼ਰੂਰੀ ਹੁੰਦੇ ਹਨ।

*-ਜਪਾਨ*

ਅੰਨ੍ਹੇ ਨੂੰ ਸ਼ੀਸ਼ਾ ਖਰੀਦਣ ਤੋਂ ਨਾ ਰੋਕੋ, ਹੋ ਸਕਦਾ ਹੈ ਇਹ ਉਸ ਦੇ ਕਿਸੇ ਕੰਮ ਆਉਣਾ ਹੋਵੇ।

*-ਅਫ਼ਰੀਕਾ*

ਹਮਦਰਦੀ ਨਾਲ ਪੇਟ ਤਾਂ ਨਹੀਂ ਭਰਦਾ ਪਰ ਭੁੱਖ ਨੂੰ ਜਰਨ ਦੀ ਸ਼ਕਤੀ ਜ਼ਰੂਰ ਮਿਲਦੀ ਹੈ।

*-ਯਹੂਦੀ*

* **ਹਾਰ ਜਿੱਤ**

ਡਿੱਗਣਾ ਹਾਰ ਨਹੀਂ ਹੁੰਦੀ, ਸਗੋਂ ਡਿੱਗ ਕੇ ਉੱਠਣ ਤੋਂ ਇਨਕਾਰ ਕਰਨਾ ਹਾਰ ਹੁੰਦੀ ਹੈ।

ਜਿੱਤ ਦੇ ਸੌ ਬਾਪ ਹੁੰਦੇ ਹਨ ਅਤੇ ਹਾਰ ਯਤੀਮ ਹੁੰਦੀ ਹੈ।

*-ਅਫ਼ਰੀਕਾ*

ਤੁਸੀਂ ਸਦਾ ਹਾਰਦੇ ਹੋ।

*-ਫਿਨਲੈਂਡ*

ਅਸਲੀ ਜੇਤੂ ਉਹ ਹੁੰਦਾ ਹੈ, ਜਿਹੜਾ ਆਪਣੇ ਦੁਸ਼ਮਣ ਨੂੰ ਆਪਣੇ ਦੋਸਤ ਵਿਚ ਤਬਦੀਲ ਕਰ ਦੇਂਦਾ ਹੈ।

*-ਹੀਬਰੂ*

* **ਹਿੱਤ**

ਆਪਣੇ ਘਰ ਦਾ ਲੂਣ ਵੀ ਕਦੇ ਕੋਈ ਮੀਂਹ ਵਿਚ ਬਾਹਰ ਰੱਖਦਾ ਹੈ।

*-ਮਲੇਸ਼ੀਆ*

ਚਾਕੂ ਭਾਵੇਂ ਸੋਨੇ ਦਾ ਬਣਿਆ ਹੋਵੇ, ਬੰਦਾ ਇਸ ਨੂੰ ਆਪਣੀ ਛਾਤੀ 'ਚ ਨਹੀਂ ਖੋਭ ਸਕਦਾ।

*-ਅਫ਼ਗਾਨਿਸਤਾਨ*

* **ਹਿੰਮਤ**

ਡਰਪੋਕਾਂ ਕੋਲ ਸੁਪਨੇ ਹੁੰਦੇ ਹਨ, ਹਿੰਮਤ ਵਾਲਿਆਂ ਕੋਲ ਨਜ਼ਰ ਹੁੰਦੀ ਹੈ।

*-ਵੈਨੇਜ਼ੂਏਲਾ*

ਸੱਤ ਵਾਰੀ ਡਿੱਗੋ ਤੇ ਅੱਠ ਵਾਰੀ ਉੱਠੋ।

*-ਜਪਾਨ*



ਸ਼ੇਰ ਕਮਜ਼ੋਰ ਵੀ ਹੋਵੇ, ਤਾਂ ਵੀ ਕੁੱਤਾ ਉਸ ਨੂੰ ਵੱਢਣ ਦੀ ਹਿੰਮਤ ਨਹੀਂ ਕਰਦਾ।

*-ਨਮੀਬੀਆ*

ਹਿੰਮਤ ਦਾ ਜਨਮ ਅਕਸਰ ਡਰ ਵਿਚੋਂ ਹੁੰਦਾ ਹੈ।

*-ਫਰਾਂਸ*

ਜੇ ਹੌਸਲਾ ਦਸ ਹੈ ਤਾਂ ਦੌੜਨ ਦਾ ਗੁਣ ਨੌਂ ਹੈ।

*-ਜਾਰਜੀਆ*

ਜੇ ਕਿਨਾਰੇ ਨੂੰ ਅੱਖ ਤੋਂ ਓਹਲੇ ਹੁੰਦੇ ਦੇਖਣ ਦਾ ਹੌਸਲਾ ਨਾ ਹੋਵੇ ਤਾਂ ਤੁਸੀਂ ਸਮੁੰਦਰ ਨੂੰ ਨਹੀਂ ਗਾਹ ਸਕਦੇ।

*-ਇਟਲੀ*

ਪਿਆਰ ਕਈ ਜਣਿਆਂ ਨੂੰ ਕਰੋ, ਵਿਸਵਾਸ਼ ਕੁਝ ਇਕ ਬੰਦਿਆਂ 'ਤੇ ਹੀ ਕਰੋ ਅਤੇ ਆਪਣੀ ਬੇੜੀ ਦੇ ਚੱਪੂ ਆਪ ਹੀ ਮਾਰਦੇ ਰਹੋ।

*-ਅਮਰੀਕਾ*

ਮਨੁੱਖ ਦਾ ਸਭ ਤੋਂ ਵੱਡਾ ਆਸਰਾ ਦੇਵਤੇ ਨਹੀਂ ਹੁੰਦੇ ਸਗੋਂ ਉਸ ਦੀਆਂ ਬਾਹਾਂ ਹੁੰਦੀਆਂ ਹਨ।

*-ਯੋਰੂਬ*

ਹਾਰਿਆ ਭਲਵਾਨ ਘੁਲਣਾ ਨਹੀਂ ਛੱਡ ਜਾਂਦਾ।

*-ਤੁਰਕੀ*

* **ਹਾਲਾਤ**

ਜੇ ਹਵਾ ਇਕੋ ਦਿਸ਼ਾ 'ਚ ਵਹਿੰਦੀ ਰਹੇ ਤਾਂ ਬਿਰਖ਼ ਵੀ ਟੇਢਾ ਹੀ ਉੱਗਦਾ ਹੈ।

ਵਿੰਗੀ ਟੇਢੀ ਲੱਕੜੀ ਅੱਗ ਨਾਲ ਸਿੱਧੀ ਹੋ ਜਾਂਦੀ ਹੈ।

*-ਸੀਸੀਲਿਆਨ*

ਅਸਹਿ ਹਾਲਤਾਂ 'ਚੋਂ ਫਸਿਆ ਕੁੱਤਾ ਕੰਧ ਉਪਰੋਂ ਵੀ ਛਾਲ ਮਾਰ ਦਿੰਦਾ ਹੈ।

*-ਚੀਨ*

ਬੱਦਲਾਂ ਨੂੰ ਇਕੱਠੇ ਕਰਨ ਵਾਲੀ ਹਵਾ ਹੁੰਦੀ ਹੈ ਅਤੇ ਇਨ੍ਹਾਂ ਨੂੰ ਖਿੰਡਾਉਣ ਵਾਲੀ ਵੀ ਹਵਾ।

*-ਰੁਮਾਨੀਆ*

* **ਹੰਕਾਰੀ**

ਅੰਨ੍ਹੇ ਨੂੰ ਨਜ਼ਰ ਨਹੀਂ ਆਉਂਦਾ ਤੇ ਹੰਕਾਰੀ ਦੇਖਣਾ ਨਹੀਂ ਚਾਹੁੰਦਾ।

*-ਰੂਸ*

ਉਸ ਦਾ ਨੱਕ ਤਾਂ ਸਵਰਗ ਵੱਲ ਨੂੰ ਦੇਖਦਾ ਹੈ ਪਰ ਉਸ ਦੀਆਂ ਲੱਤਾਂ ਪਾਣੀ 'ਚ ਹਨ।

*-ਅਰਬ*

ਫ਼ਲਾਂ ਵਾਲਾ ਰੁੱਖ ਝੁਕਿਆ ਹੁੰਦਾ ਹੈ ਤੇ ਸਿਆਣਾ ਮਨੁੱਖ ਨਿਮਰ ਹੁੰਦਾ ਹੈ।ਸੁੱਕੀ ਲੱਕੜੀ ਤੇ ਮੂਰਖ਼ ਟੁੱਟ ਤਾਂ ਜਾਂਦੇ ਹਨ, ਪਰ ਲਚਕ ਨਹੀਂ ਖਾਂਦੇ।

*-ਸੰਸਕ੍ਰਿਤ*

ਪਹਾੜ ਦੀ ਉਚਾਈ 'ਤੇ ਖੜ੍ਹਾ ਰੁੱਖ ਆਪਣਾ ਵੈਰੀ ਆਪ ਹੁੰਦਾ ਹੈ।

*-ਜ਼ੇਨ*

ਹੰਕਾਰਿਆ ਸੋ ਮਾਰਿਆ।

*-ਪੰਜਾਬੀ*

ਪੰਛੀ ਕਿੰਨਾ ਵੀ ਉੱਚਾ ਕਿਉਂ ਨਾ ਉੱਡੇ ਪਰ ਦਾਣੇ ਲਈ ਉਸ ਨੂੰ ਧਰਤੀ 'ਤੇ ਹੀ ਆਉਣਾ ਪੈਂਦਾ ਹੈ।

*-ਡੈਨਿਸ਼*

* **ਹਨੇਰਾ**

ਰਾਤ ਨੂੰ ਸਾਰੀਆਂ ਬਿੱਲੀਆਂ ਹੀ ਭੂਰੀਆਂ ਨਜ਼ਰ ਆਉਂਦੀਆਂ ਹਨ।

*-ਰੂਸ*

ਚੋਰ ਅਤੇ ਹਨੇਰੇ ਦੀ ਦੋਸਤੀ ਹੁੰਦੀ ਹੈ।

*-ਅਫ਼ਰੀਕਾ*

* **ਹੋਣੀ**

ਹੋਣੀ ਦੇ ਚਾਰ ਪੈਰ ਹੁੰਦੇ ਹਨ, ਅੱਠ ਹੱਥ ਹੁੰਦੇ ਹਨ ਤੇ ਸੋਲਾਂ ਅੱਖਾਂ ਹੁੰਦੀਆਂ ਹਨ। ਫੇਰ ਭਲਾ ਬੁਰੇ ਕਰਮ ਕਰਨ ਵਾਲਾ ਬੰਦਾ ਹੋਣੀ ਤੋਂ ਕਿਵੇਂ ਬਚ ਸਕਦਾ ਹੈ, ਜਿਸ ਦੇ ਕਿ ਸਿਰਫ਼ ਦੋ ਦੋ ਹੱਥ ਪੈਰ ਤੇ ਅੱਖਾਂ ਹੁੰਦੀਆਂ ਹਨ।

*-ਚੀਨ*

ਰੱਬ ਦੀ ਕਿਤਾਬ 'ਚੋਂ ਕੁਝ ਨਹੀਂ ਮਿਟਾਇਆ ਜਾ ਸਕਦਾ।

*-ਆਇਰਲੈਂਡ*

ਜਿਸ ਦੀ ਕਿਸਮਤ 'ਚ ਫਾਂਸੀ ਚੜ੍ਹਨਾ ਲਿਖਿਆ ਹੋਵੇ, ਉਹ ਡੁੱਬ ਕੇ ਨਹੀਂ ਮਰ ਸਕਦਾ।

*-ਰੂਸ*

ਬੰਦੇ ਦੀ ਹੋਣੀ ਅਕਸਰ ਉਥੇ ਹੀ ਪਈ ਹੁੰਦੀ ਹੈ, ਜਿਥੇ ਬੰਦਾ ਇਸ ਤੋਂ ਬਚ ਕੇ ਲੁਕਦਾ ਹੈ।

*-ਨਿਕਾਰਾਗੂਆ*

ਧੂੰਏ ਤੋਂ ਭੱਜਿਆ ਉਹ ਅੱਗ 'ਚ ਜਾ ਡਿਗਿਆ।

*-ਡੱਚ*



ਫਿਸਲਣ ਨਾਲ ਜਿਹੜੀ ਕਸਰ ਬਾਕੀ ਰਹਿ ਗਈ ਸੀ, ਉਹ ਪੌੜੀ ਨੇ ਉਸ ਉਪਰ ਡਿੱਗ ਕੇ ਪੂਰੀ ਕਰ ਦਿੱਤੀ।

*-ਕੋਰੀਆ*

ਜਿਸ ਦਿਨ ਬਾਂਦਰ ਨੇ ਮਰਨਾ ਹੋਵੇ, ਉਸ ਦਿਨ ਸਾਰੇ ਹੀ ਪੇੜ ਤਿਲਕਵੇਂ ਹੋ ਜਾਂਦੇ ਹਨ।

*-ਅਫ਼ਰੀਕਾ*

ਜਿਸ ਦਾ ਮਰਨਾ ਹਨੇਰੇ ਵਿਚ ਲਿਖਿਆ ਹੋਵੇ ਉਹ ਹਨੇਰੇ ਵਿਚ ਹੀ ਮਰਦਾ ਹੈ ਭਾਵੇਂ ਕਿ ਉਹ ਮੋਮਬੱਤੀਆਂ ਦਾ ਵਪਾਰੀ ਹੀ ਕਿਉਂ ਨਾ ਹੋਵੇ।

*-ਕੋਲੰਬੀਆ*

ਜਿਹੜੀ ਬੱਲੀ ਅੱਜ ਸਭ ਤੋਂ ਉਪਰ ਲੱਗੀ ਹੋਈ ਹੈ, ਉਹ ਜਲਦੀ ਹੀ ਬਾਲਣ ਦੀ ਲੱਕੜ ਹੋਵੇਗੀ।

*-ਬਰਮਾ*

ਦੇਵਤੇ ਸਾਨੂੰ ਮਨੁੱਖਾਂ ਨੂੰ ਖੇਡਣ ਵਾਲੀਆਂ ਗੇਂਦਾਂ ਵਾਂਗ ਸਮਝਦੇ ਹਨ।

*-ਰੋਮਨ*

* **ਹਠੀ**

ਜੇ ਤੁਸੀਂ ਕਿਸੇ ਨੂੰ ਸਿਰ ਵਲੋਂ ਨਹੀਂ ਫੜ ਸਕਦੇ ਤਾਂ ਪੂਛ ਵੱਲੋਂ ਕਾਬੂ ਕਰ ਲਵੋ।

*-ਅਰਬ*

ਵੱਡੀਆਂ ਚੀਜ਼ਾਂ ਨੂੰ ਘਟਾ ਕੇ ਛੋਟਾ ਕੀਤਾ ਜਾ ਸਕਦਾ ਹੈ ਤੇ ਛੋਟੀਆਂ ਨੂੰ ਘਟਾ ਕੇ ਖ਼ਤਮ ਕੀਤਾ ਜਾ ਸਕਦਾ ਹੈ।

*-ਚੀਨ*

ਤਿੰਨ ਫੁੱਟ ਬਰਫ਼ ਇਕ ਦਿਨ 'ਚ ਨਹੀਂ ਜੰਮਦੀ।

*-ਚੀਨ*

ਲੋਹੇ ਦੀ ਇੱਟ ਨੂੰ ਵੀ ਲਗਾਤਾਰ ਤਿੱਖਾ ਕਰਨ ਨਾਲ ਸੂਈ ਬਣਾਈ ਜਾ ਸਕਦੀ ਹੈ।

*-ਚੀਨ*

ਸੱਤ ਵਾਰੀ ਡਿੱਗ ਕੇ, ਅੱਠ ਵਾਰ ਖੜ੍ਹੇ।

*-ਜਪਾਨ*

ਜੇ ਤੁਸੀਂ ਉੱਚੇ ਤੋਂ ਉੱਚਾ ਗਿਆਨ ਹਾਸਲ ਕਰਨਾ ਹੈ ਤਾਂ ਤੁਹਾਨੂੰ ੳ ਅ ਤੋਂ ਸ਼ੁਰੂ ਕਰਨਾ ਪਵੇਗਾ।

*-ਜਪਾਨੀ*

ਇਕ ਇਕ ਵਾਲ ਖਿੱਚਣ ਨਾਲ ਪੂਰੀ ਦਾੜ੍ਹੀ ਪੁੱਟੀ ਜਾ ਸਕਦੀ ਹੈ।

*-ਰੂਸ*

# ਕ...

* **ਕਿਤਾਬਾਂ**

ਕਿਤਾਬ ਨੂੰ ਖੋਲ੍ਹਣ ਨਾਲ ਤੁਸੀਂ ਕੁਝ ਨਾ ਕੁਝ ਜ਼ਰੂਰ ਸਿੱਖੋਗੇ।

*-ਚੀਨ*

ਅੰਨ੍ਹੇ ਲਈ ਕਿਤਾਬ ਦਾ ਕੋਈ ਮਤਲਬ ਨਹੀਂ ਹੁੰਦਾ।

*-ਆਇਰਲੈਂਡ*

ਜਿਹੜਾ ਕਿਤਾਬ ਉਧਾਰ ਦੇਵੇ, ਉਸ ਦਾ ਇਕ ਹੱਥ ਵੱਢ ਦੇਣਾ ਚਾਹੀਦਾ ਹੈ ਅਤੇ ਜਿਹੜਾ ਇਸ ਨੂੰ ਵਾਪਸ ਕਰ ਦੇਵੇ, ਉਸ ਦੇ ਦੋਵੇਂ ਹੱਥ ਵੱਢ ਦੇਣੇ ਚਾਹੀਦੇ ਹਨ।

*-ਫ਼ਾਰਸੀ*

ਕਿਤਾਬਾਂ ਪੜ੍ਹਨ ਨਾਲ ਤੁਹਾਡੇ ਦਿਲ ਦੇ ਕਈ ਦੁੱਖ ਦੂਰ ਹੋ ਜਾਂਦੇ ਹਨ।

*-ਮਰਾਕੋ*

ਕਿਤਾਬ ਤਾਂ ਜੇਬ 'ਚ ਪਏ ਬਾਗ ਬਗੀਚੇ ਵਾਂਗ ਹੁੰਦੀ ਹੈ।

*-ਸਾਊਦੀ ਅਰਬ*

ਕਿਤਾਬ ਵਿਹੂਣਾ ਅੰਨ੍ਹਾ ਹੁੰਦਾ ਹੈ।

*-ਫ਼ਾਰੋਇਜ਼*

ਕਿਤਾਬ ਵਿਹੂਣੇ ਹੋਣ ਨਾਲੋਂ ਜੁੱਤੀ ਵਿਹੂਣਾ ਹੋਣਾ ਬਿਹਤਰ ਹੈ।

*-ਆਈਸਲੈਂਡ*

ਬਿਨਾਂ ਕਿਤਾਬਾਂ ਦੇ ਘਰ ਉਸ ਕਮਰੇ ਵਰਗਾ ਹੁੰਦਾ ਹੈ, ਜਿਸ ਦੀ ਕੋਈ ਬਾਰੀ ਨਹੀਂ ਹੁੰਦੀ।

*-ਅਮਰੀਕਾ*

ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ।

*-ਹੰਗਰੀ*

ਕਿਤਾਬ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ।

*-ਚੀਨ*

ਬੰਦ ਪਈ ਕਿਤਾਬ ਲੱਕੜ ਦੇ ਟੋਟੇ ਵਰਗੀ ਹੀ ਹੁੰਦੀ ਹੈ।

*-ਅਰਬ*

ਜਿਲਦ ਦੇਖ ਕੇ ਕਿਤਾਬ ਦੀ ਪਰਖ ਨਹੀਂ ਕੀਤੀ ਜਾ ਸਕਦੀ।

*-ਅਮਰੀਕਾ*



ਅੱਖਰ ਅੱਖਰ ਜੁੜ ਕੇ ਹੀ ਵੱਡੀ ਕਿਤਾਬ ਬਣਦੀ ਹੈ।

*-ਫਰਾਂਸ*

* **ਕਾਨੂੰਨ**

ਆਦਮੀ ਕਾਨੂੰਨ ਬਣਾਉਂਦੇ ਹਨ ਪਰ ਔਰਤਾਂ ਨੇਕ ਚਲਣ ਦਾ ਆਧਾਰ ਬਣਦੀਆਂ ਹਨ।

*-ਫਰਾਂਸ*

ਫਜ਼ੂਲ ਦੇ ਕਾਨੂੰਨ ਜ਼ਰੂਰੀ ਕਾਨੂੰਨਾਂ ਦੀ ਤਾਕਤ ਨੂੰ ਘਟਾਉਂਦੇ ਹਨ।

*-ਫਰਾਂਸ*

ਗੁਆਚੀ ਭੇਡ ਲੱਭਣ ਲਈ ਕਾਨੂੰਨ ਦੀ ਮਦਦ ਲੈਣ ਜਾਵੋਗੇ ਤਾਂ ਆਪਣੀ ਗਾਂ ਵੀ ਗੁਆ ਕੇ ਮੁੜੋਗੇ।

*-ਜਰਮਨੀ*

ਮੁਕੱਦਮੇਬਾਜ਼ੀ ਨਾਲ ਦੋਵੇਂ ਧਿਰਾਂ ਸੁੱਕਦੀਆਂ ਹਨ ਤੇ ਵਕੀਲ ਮੋਟੇ ਹੁੰਦੇ ਹਨ।

*-ਜਰਮਨੀ*

ਚੰਗਾ ਵਕੀਲ ਮਾੜਾ ਗੁਆਂਢੀ ਹੋ ਸਕਦਾ ਹੈ।

*-ਸ਼ਕਾਟਲੈਂਡ*

ਕਨੂੰਨ ਮੱਕੜੀ ਦੇ ਜਾਲੇ ਵਾਂਗ ਹੁੰਦੇ ਹਨ, ਜਿਹੜੀ ਛੋਟੇ ਮੋਟੇ ਕੀਟ ਪਤੰਗਿਆਂ ਨੂੰ ਤਾਂ ਫੜ੍ਹ ਲੈਂਦੇ ਹਨ, ਪਰ ਬਾਜ਼ਾਂ ਨੂੰ ਆਜ਼ਾਦ ਛੱਡੀ ਰੱਖਦੇ ਹਨ।

*-ਸਪੇਨ*

ਜਦ ਰਿਸ਼ਵਤ ਦਰਵਾਜ਼ੇ 'ਚੋਂ ਅੰਦਰ ਵੜਦੀ ਹੈ ਤਾਂ ਕਾਨੂੰਨ ਚਿਮਨੀ ਰਾਹੀਂ ਬਾਹਰ ਨਿਕਲ ਜਾਂਦਾ ਹੈ।

*-ਤੁਰਕੀ*

ਜੋਰ ਜ਼ਬਰੀ ਦੇ ਮਾਹੌਲ 'ਚ ਕਾਨੂੰਨ ਵੀ ਮਜ਼ਾਕ ਬਣ ਕੇ ਰਹਿ ਜਾਂਦਾ ਹੈ।

*-ਕੋਲੰਬੀਆ*

ਸੰਵਿਧਾਨ ਤਾਂ ਕਾਗਜ਼ ਦਾ ਹੁੰਦਾ ਹੈ ਪਰ ਹੱਥਕੜੀਆਂ ਲੋਹੇ ਦੀਆਂ ਹੁੰਦੀਆਂ ਹਨ।

*-ਹਾਈਤੀ*

ਜਿਥੇ ਕਾਨੂੰਨ ਨਹੀਂ ਹੁੰਦੇ, ਉਥੇ ਇਹ ਤੋੜੇ ਵੀ ਨਹੀਂ ਜਾ ਸਕਦੇ।

*-ਯੁਗੋਸਲਾਵੀਆ*

ਕਾਨੂੰਨ ਦਾ ਨੱਕ ਮੋਮ ਦਾ ਬਣਿਆ ਹੁੰਦਾ ਹੈ।

*-ਚੈੱਕਸਲੋਵਾਕੀਆ*

ਸਿਰੇ ਦੇ ਕਾਨੂੰਨਾਂ ਵਿਚ ਨੁਕਸ ਵੀ ਸਿਰੇ ਦੇ ਹੁੰਦੇ ਹਨ।

*-ਰੋਮਨ*

ਰਾਜਿਆਂ ਅਤੇ ਮੂਰਖਾਂ ਲਈ ਕੋਈ ਕਾਨੂੰਨ ਨਹੀਂ ਹੁੰਦੇ।

*-ਜਰਮਨੀ*

ਪੈੱਨ ਹੀ ਨਹੀਂ, ਅਕਸਰ ਹਥਿਆਰ ਵੀ ਕਾਨੂੰਨ ਲਿਖਦੇ ਹਨ।

*-ਹੰਗਰੀ*

ਜਿਹਾ ਰਾਜਾ ਤਿਹੇ ਕਾਨੂੰਨ, ਜਿਹੇ ਕਾਨੂੰਨ ਤਿਹੇ ਲੋਕ।

*-ਪੁਰਤਗਾਲ*

* **ਕੀਮਤ**

ਆਦਮੀ ਦੀ ਕੀਮਤ ਓਨੀ ਹੀ ਹੁੰਦੀ ਹੈ, ਜਿੰਨੀ ਉਹ ਮਿੱਥਦਾ ਹੈ।

*-ਫਰਾਂਸ*

ਮਾਰੂਥਲਾਂ 'ਚ ਮੋਤੀਆਂ ਦੀ ਕੋਈ ਕੀਮਤ ਨਹੀਂ ਹੁੰਦੀ।

*-ਭਾਰਤ*

ਨੰਗਿਆਂ ਦੀ ਬਸਤੀ ਵਿਚ ਧੋਬੀ ਦਾ ਕੀ ਕੰਮ।

*-ਭਾਰਤ*

ਜੇ ਟਿਕਟ ਲੱਗੀ ਹੋਵੇ ਤਾਂ ਸਤਰੰਗੀ ਪੀਂਘ ਹੋਰ ਵੀ ਸੋਹਣੀ ਲਗਦੀ ਹੈ।

*-ਨੀਦਰਲੈਂਡ ਐਨਟਿੱਲਸ*

ਮਹਿੰਗੀ ਤੋਂ ਮਹਿੰਗੀ ਘੜੀ ਵੀ ਇਕ ਘੰਟੇ ਵਿਚ ਸੱਠ ਮਿੰਟ ਹੀ ਦਰਸਾਂਦੀ ਹੈ।

*-ਹੀਬਰੂ*

ਜਿਹੜੀ ਚੀਜ਼ ਚੋਰ ਲੈ ਜਾਵੇ ਉਸ ਨੂੰ ਮਹਿੰਗੀ ਹੀ ਕਿਹਾ ਜਾਂਦਾ ਹੈ।

*-ਫ਼ਾਰਸੀ*

ਜਦ ਊਠ ਰੁਪਈਏ ਦਾ ਵਿਕੇ ਤਾਂ ਖੋਤੇ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ।

*-ਫ਼ਾਰਸੀ*

ਆਪਣੀ ਚੀਜ਼ ਦੀ ਕੀਮਤ ਉਦੋਂ ਤਕ ਪਤਾ ਨਹੀਂ ਚਲਦੀ ਜਦੋਂ ਤਕ ਉਹ ਗੁਆਚ ਨਾ ਜਾਵੇ।

ਗਾਂ ਜਦੋਂ ਤਕ ਆਪਣੀ ਪੂਛ ਗੁਆ ਨਹੀਂ ਲੈਂਦੀ, ਉਦੋਂ ਤਕ ਉਸ ਨੂੰ ਇਸ ਦੀ ਕੀਮਤ ਦਾ ਅਹਿਸਾਸ ਨਹੀਂ ਹੁੰਦਾ।

*-ਫਰਾਂਸ*

* **ਕਾਹਲੀ**

ਬੱਦਲ ਗਰਜਦੇ ਸੁਣ ਕੇ ਆਪਣੇ ਭਾਂਡੇ 'ਚ ਪਏ ਪਾਣੀ ਨੂੰ ਸੁੱਟ ਨਹੀਂ ਦੇਣਾ ਚਾਹੀਦਾ।

*-ਬਰਮਾ*



ਕਾਹਲੀ 'ਚ ਬੰਦਾ ਲੰਬੇ ਰਾਹ ਪੈ ਜਾਂਦਾ ਹੈ।

*-ਜਪਾਨ*

ਨਦੀ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਪੜੇ ਨਹੀਂ ਲਾਹ ਦੇਣੇ ਚਾਹੀਦੇ।

*-ਅਫ਼ਗਾਨ*

ਕਾਹਲੀ 'ਚ ਕੀਤੇ ਸੁਆਲ ਦਾ ਜਵਾਬ ਹੌਲੀ ਦੇਣਾ ਚਾਹੀਦਾ ਹੈ।

*-ਇਟਲੀ*

ਆਪਣੇ ਪੈਰਾਂ ਨੂੰ ਆਪਣੇ ਬੂਟਾਂ ਤੋਂ ਤੇਜ਼ ਨਾ ਭੱਜਣ ਦੇਵੋ।

*-ਸਕਾਟਲੈਂਡ*

ਚੰਚਲ ਪੈਰ ਸੱਪ ਦੀ ਖੁੱਡ ਉਪਰ ਜਾ ਪੈਂਦਾ ਹੈ।

*-ਇਥੋਪੀਆ*

ਕਾਹਲੀ ਮੱਖੀ ਦੁੱਧ 'ਚ ਜਾ ਡਿੱਗਦੀ ਹੈ।

*-ਖਾਕਾਸ*

ਲੰਗੜੇ ਹੋਣ ਤੋਂ ਪਹਿਲਾਂ ਹੀ ਲੰਗ ਨਹੀਂ ਮਾਰਨੇ ਚਾਹੀਦੇ।

*-ਬਾਜਾਨ*

ਜਿਹੜਾ ਆਦਮੀ ਬੱਚਾ ਹਾਸਲ ਕਰਨ ਲਈ ਬਹੁਤਾ ਕਾਹਲਾ ਹੁੰਦਾ ਹੈ, ਉਹ ਕਿਸੇ ਗਰਭਵਤੀ ਨਾਲ ਵਿਆਹ ਕਰਵਾ ਬੈਠਦਾ ਹੈ।

*-ਬਾਮਬਰਾ*

ਕਾਹਲੀ ਤਰੁੱਟੀ ਦੀ ਮਾਂ ਹੁੰਦੀ ਹੈ।

*-ਬ੍ਰਾਜ਼ੀਲ*

ਕੰਮ ਕੋਈ ਬਘਿਆੜ ਨਹੀਂ ਹੁੰਦਾ, ਜਿਹੜਾ ਦੌੜ ਕੇ ਜੰਗਲ 'ਚ ਜਾ ਲੁਕੇਗਾ।

*-ਬੇਲਾਰਸ*

ਜਿਹੜਾ ਕਾਰ ਦੇ ਮਗਰ ਭੱਜਦਾ ਹੈ, ਉਸ ਨੇ ਸਾਹੋ-ਸਾਹ ਹੋਣਾ ਹੀ ਹੈ।

*-ਸਮਕਾਲੀ*

ਨੌਂ ਕੋਹ ਦਰਿਆ, ਤੰਬਾ ਮੋਢੇ 'ਤੇ।

*-ਪੰਜਾਬੀ*

ਇਕੋ ਸਮੇਂ ਕਈ ਕੰਮ ਸ਼ੁਰੂ ਕਰੀ ਰੱਖਣੇ ਮੂਰਖ਼ਤਾ ਦੀ ਨਿਸ਼ਾਨੀ ਹੁੰਦਾ ਹੈ।

*-ਰੋਮਨ*

ਜੇ ਤੁਸੀਂ ਜਲਦੀ ਜਾਗ ਜਾਓ ਤਾਂ ਸਵੇਰ ਵੀ ਜਲਦੀ ਨਹੀਂ ਆ ਜਾਂਦੀ।

*-ਸਪੇਨ*

ਕਾਹਲੇ ਮਨੁੱਖ ਲਈ ਹਰ ਦੇਰੀ ਹੀ ਬੜੀ ਲੰਬੀ ਹੁੰਦੀ ਹੈ।

*-ਰੋਮਨ*

ਬਹੁਤਾ ਕਾਹਲਾ ਚੰਗੀ ਭਲੀ ਸੜਕ 'ਤੇ ਵੀ ਠੋਕਰ ਖਾ ਕੇ ਡਿੱਗ ਜਾਂਦਾ ਹੈ।

*-ਫਰਾਂਸ*

ਜਦੋਂ ਕਾਹਲੀ ਹੋਵੇ ਉਦੋਂ ਤਿਆਰੀ ਹੌਲੀ ਹੌਲੀ ਕਰਨੀ ਚਾਹੀਦੀ ਹੈ।

*-ਫਰਾਂਸ*

ਮੂਰਖ ਦੀ ਕਾਹਲੀ ਨੂੰ ਤੇਜ਼ੀ ਨਹੀਂ ਕਿਹਾ ਜਾ ਸਕਦਾ।

*-ਅੰਗਰੇਜ਼ੀ*

* **ਕੁਦਰਤ**

ਮੁਲਕ ਤਬਾਹ ਹੋ ਜਾਂਦੇ ਹਨ ਪਰ ਇਸ ਦੇ ਪਹਾੜ ਤੇ ਨਦੀਆਂ ਕਾਇਮ ਰਹਿੰਦੇ ਹਨ।

*-ਜਪਾਨ*

ਸਾਰੇ ਪੇੜ ਪੌਦੇ ਸਾਡੇ ਭੈਣ ਭਰਾ ਹੀ ਹਨ।ਜੇ ਅਸੀਂ ਧਿਆਨ ਦੇਈਏ ਤਾਂ ਇਨ੍ਹਾਂ ਦੀਆਂ ਗੱਲਾਂ ਵੀ ਸੁਣ ਸਕਦੇ ਹਾਂ।

*-ਅਫ਼ਰੀਕਾ*

ਮਨੁੱਖ ਦੇ ਕਾਨੂੰਨ ਉਸ ਦੀ ਸਮਝ ਅਨੁਸਾਰ ਬਦਲਦੇ ਰਹਿੰਦੇ ਹਨ, ਪਰ ਕੁਦਰਤ ਦਾ ਕਾਨੂੰਨ ਸਦਾ ਇਕ ਰਹਿੰਦਾ ਹੈ।

*-ਕਰੋ ਇੰਡੀਅਨਜ਼*

ਤਾਰਿਆਂ ਨੂੰ ਹਮੇਸ਼ਾ ਹੀ ਪ੍ਰਣਾਮ ਕੀਤਾ ਜਾਂਦਾ ਹੈ।

*-ਕਲਿੰਗੋਨ*

ਜਦੋਂ ਬੰਦਾ ਕੁਦਰਤ ਤੋਂ ਦੂਰ ਆ ਜਾਂਦਾ ਹੈ ਤਾਂ ਉਸ ਦਾ ਦਿਲ ਪੱਥਰ ਵਾਂਗ ਹੋ ਜਾਂਦਾ ਹੈ।

*-ਲਾਕੋਟਾ*

ਜਦੋਂ ਆਖ਼ਰੀ ਰੁੱਖ ਉੱਜੜ ਜਾਵੇਗਾ, ਜਦੋਂ ਆਖ਼ਰੀ ਮੱਛੀ ਫੜੀ ਜਾਵੇਗੀ ਅਤੇ ਜਦੋਂ ਆਖ਼ਰੀ ਨਦੀ ਸੁੱਕ ਜਾਵੇਗੀ ਤਾਂ ਹੀ ਸਾਨੂੰ ਇਹ ਗੱਲ ਸਮਝ ਆਵੇਗੀ ਕਿ ਅਸੀਂ ਪੈਸਾ ਨਹੀਂ ਖਾ ਸਕਦੇ।

*-ਕਰੀ ਆਦਿਵਾਸੀ*

ਜਿਹੜੇ ਪੰਛੀ ਉੱਚਾ ਨਹੀਂ ਉੱਡ ਸਕਦੇ, ਉਨ੍ਹਾਂ ਲਈ ਕੁਦਰਤ ਨੇ ਨੀਵੀਆਂ ਟਾਹਣੀਆਂ ਬਣਾਈਆਂ ਹਨ।

*-ਤੁਰਕੀ*



* **ਕੰਜਰਖਾਨਾ**

ਜਿਸ ਦਾ ਇਕ ਪੈਰ ਕੰਜਰਖਾਨੇ ਵਿਚ ਹੋਵੇ, ਉਸ ਦਾ ਦੂਜਾ ਪੈਰ ਹਸਪਤਾਲ ਵਿਚ ਹੁੰਦਾ ਹੈ।

*-ਜਰਮਨੀ*

* **ਕਮਾਈ**

ਗ਼ਲਤ ਕਮਾਈ ਖਰਚੀ ਵੀ ਗ਼ਲਤ ਰਾਹਾਂ 'ਤੇ ਹੀ ਜਾਂਦੀ ਹੈ।

*-ਇਥੋਪੀਆ*

* **ਕਸ਼ਟ**

ਕਸ਼ਟ ਦੇਣੇ ਸੌਖੇ ਹੁੰਦੇ ਹਨ, ਪਰ ਇਨ੍ਹਾਂ ਦਾ ਇਲਾਜ ਕਰਨਾ ਔਖਾ ਹੁੰਦਾ ਹੈ।

*-ਜਰਮਨੀ*

* **ਕ੍ਰੋਧ**

ਕ੍ਰੋਧ ਨਾਲ ਦਿਮਾਗ ਕਾਹਲਾ ਪੈ ਜਾਂਦਾ ਹੈ।

*-ਰੋਮਨ*

* **ਕਥਨ**

ਵਧੀਆ ਕਥਨ ਸਿਆਣੇ ਆਦਮੀ ਲਈ ਉਂਗਲ 'ਚ ਪਾਈ ਹੀਰੇ ਦੀ ਅੰਗੂਠੀ ਵਾਂਗ ਹੁੰਦਾ ਹੈ ਅਤੇ ਮੂਰਖ ਲਈ ਹਥੇਲੀ ਉਪਰ ਰੱਖੇ ਪੱਥਰ ਵਾਂਗ।

*-ਫਰਾਂਸ*

* **ਕਲਮ**

ਵਿਦਵਾਨ ਦੀ ਸ਼ਿਆਹੀ ਸ਼ਹੀਦ ਦੇ ਖ਼ੂਨ ਨਾਲੋਂ ਜ਼ਿਆਦਾ ਚਿਰ ਬਰਕਰਾਰ ਰਹਿੰਦੀ ਹੈ।

*-ਆਇਰਲੈਂਡ*

* **ਕਾਗ਼ਜ਼**

ਬਿਨਾਂ ਦੇਖੇ ਕੁਝ ਪੀਓ ਨਾ ਅਤੇ ਬਿਨਾਂ ਪੜ੍ਹੇ ਕਿਸੇ ਕਾਗ਼ਜ਼ 'ਤੇ ਦਸਖ਼ਤ ਨਾ ਕਰੋ।

*-ਸਪੇਨ*

* **ਕਦਮ**

ਹਰ ਕਦਮ ਮੌਤ ਵੱਲ ਲੈ ਕੇ ਜਾਣ ਵਾਲਾ ਹੁੰਦਾ ਹੈ।

*-ਫਿਲਪੀਨ*

* **ਕਹਾਣੀ**

ਬਚਦੀ ਅੱਧੀ ਕਹਾਣੀ ਨੂੰ ਅੱਜ ਤਕ ਕੋਈ ਨਹੀਂ ਸੁਣਾ ਸਕਿਆ।

*-ਜਮਾਇਕਾ*

# ਖ...

* **ਖ਼ੁਸ਼ੀ**

ਖ਼ੁਸ਼ਦਿਲ ਲੋਕ ਕਈ ਤਰ੍ਹਾਂ ਨਾਲ ਅਮੀਰ ਹੁੰਦੇ ਹਨ।

ਖੁਸ਼ੀ ਤੇ ਗ਼ਮ ਇਕ ਦੂਜੇ ਦੇ ਗੁਆਂਢੀ ਹੁੰਦੇ ਹਨ।

ਜੇ ਤੁਸੀਂ ਖੁਸ਼ ਹੋ ਤਾਂ ਨੱਚਣਾ ਕਦੇ ਵੀ ਸਿੱਖ ਸਕਦੇ ਹੋ।

*-ਬਾਲੀਨੀਜ਼*

ਤਿੰਨ ਚੀਜ਼ਾਂ ਨੇੜੇ ਹੋਣ ਤਾਂ ਦੁੱਖ ਉਡਾਰੀ ਮਾਰ ਜਾਂਦੇ ਹਨ—ਪਹਿਲਾ ਪਾਣੀ, ਦੂਜਾ ਹਰੇ ਬਿਰਖ ਤੇ ਤੀਜਾ ਸੋਹਣਾ ਮੁਖੜਾ।

*-ਮਰਾਕੋ*

ਖੁਸ਼ੀ ਕਿਸੇ ਨਿਸ਼ਾਨੇ 'ਤੇ ਪਹੁੰਚਣ ਨਾਲ ਨਹੀਂ ਮਿਲਦੀ ਸਗੋਂ ਇਹ ਤਾਂ ਤੁਹਾਡੇ ਸਫ਼ਰ ਕਰਨ ਦੇ ਤੌਰ ਤਰੀਕੇ 'ਤੇ ਨਿਰਭਰ ਕਰਦੀ ਹੈ।

*-ਸਮਕਾਲੀ*

ਖੁਸ਼ ਰਹਿਣਾ ਸਿੱਖੋ, ਕਿਉਂਕਿ ਦੁਨੀਆ 'ਚ ਅਜਿਹੀ ਕੋਈ ਚੀਜ਼ ਨਹੀਂ ਹੈ, ਜਿਸ ਨੂੰ ਤੁਸੀਂ ਆਪਣਾ ਕਹਿ ਸਕੋ।

*-ਮਾਲਟਾ*

ਜੇ ਇਕ ਸਾਲ ਖੁਸ਼ ਰਹਿਣਾ ਚਾਹੁੰਦੇ ਹੋ ਤਾਂ ਧੰਨ ਹਾਸਲ ਕਰੋ ਤੇ ਜੇ ਉਮਰ ਭਰ ਖੁਸ਼ ਰਹਿਣਾ ਚਾਹੁੰਦੇ ਹੋ ਤਾਂ ਕਿਸੇ ਦੀ ਮਦਦ ਕਰੋ।

*-ਚੀਨ*

ਖੁਸ਼ ਦਿਲ ਭਰੇ ਬਟੂਏ ਨਾਲੋਂ ਬੇਹਤਰ ਹੁੰਦਾ ਹੈ।

*-ਇਟਲੀ*

ਜੇ ਨੇੜੇ ਵਾਲਿਆਂ ਨੂੰ ਖੁਸ਼ ਰੱਖੋਗੇ ਤਾਂ ਦੂਰ ਵਾਲੇ ਆਪੇ ਆ ਜਾਣਗੇ।

*-ਚੀਨ*

ਕਈ ਖੁਸ਼ੀਆਂ ਨੀਰਸ ਹੁੰਦੀਆਂ ਹਨ ਅਤੇ ਕਈ ਗ਼ਮ ਵੀ ਸੁਖਾਵੇਂ ਹੁੰਦੇ ਹਨ।

*-ਸਪੇਨ*



* **ਖੁਸ਼ਹਾਲੀ**

ਖੁਸ਼ਹਾਲੀ ਦੋਸਤ ਲੈ ਕੇ ਆਉਂਦੀ ਹੈ ਤੇ ਬਿਪਤਾ ਉਨ੍ਹਾਂ ਨੂੰ ਦੂਰ ਲੈ ਜਾਂਦੀ ਹੈ।

ਖੁਸ਼ਹਾਲੀ ਮਨੁੱਖ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ ਤੇ ਮੰਦਹਾਲੀ ਇਸ ਨੂੰ ਵਿਗਾੜਦੀ ਹੈ।

*-ਕਸ਼ਮੀਰ*

* **ਖੁਸ਼-ਫਹਿਮੀ**

ਡੱਡੂ ਨੂੰ ਕਿਸੇ ਨੂੰ ਪੁੱਛਿਆ, "ਤੂੰ ਹਮੇਸ਼ਾਂ ਟਰੈਂ ਟਰੈਂ ਕਿਉਂ ਕਰਦਾ ਰਹਿੰਦਾ ਹੈਂ ?" ਉਸ ਨੇ ਉੱਤਰ ਦਿੱਤਾ, "ਮੈਂ ਆਪਣੀ ਆਵਾਜ਼ 'ਤੇ ਮਸਤ ਹੁੰਦਾ ਹਾਂ!"

*-ਅਰਮੀਨੀਆ*

ਬਾਜ਼ ਦੇ ਮਗਰ ਉੱਡ ਰਹੀ ਚਿੜੀ ਸੋਚਦੀ ਹੈ ਕਿ ਬਾਜ਼ ਡਰ ਕੇ ਦੌੜ ਰਿਹਾ ਹੈ।

*-ਜਪਾਨ*

* **ਖ਼ਤਰਾ**

ਖ਼ਤਰਾ ਇਕ ਇੰਚ ਦੇ ਫ਼ਾਸਲੇ 'ਤੇ ਹੀ ਪਿਆ ਹੁੰਦਾ ਹੈ।

*-ਜਪਾਨ*

ਬਘਿਆੜ ਤੋਂ ਨੱਸੇ ਨੂੰ ਰਿੱਛ ਦਾ ਸਾਹਮਣਾ।

*-ਰੂਸ*

ਜਦ ਤਿੱਖੇ ਔਜ਼ਾਰ ਵਰਤੇ ਜਾਂਦੇ ਹਨ ਤਾਂ ਲਹੂ ਵਹਿੰਦਾ ਹੀ ਹੈ।

*-ਅਫ਼ਗਾਨਿਸਤਾਨ*

ਜਦ ਛੁਰੀ ਬੰਦੇ ਦੇ ਸਿਰ 'ਤੇ ਹੁੰਦੀ ਹੈ ਤਾਂ ਉਹ ਰੱਬ ਨੂੰ ਯਾਦ ਕਰਦਾ ਹੈ।

*-ਅਫ਼ਗਾਨਿਸਤਾਨ*

ਹਰ ਪੱਥਰ ਹੇਠ ਇਕ ਬਿੱਛੂ ਲੁਕਿਆ ਹੁੰਦਾ ਹੈ।

*-ਕੋਂਗੋ*

ਤੁਸੀਂ ਸਾਨ੍ਹ ਨਾਲ ਉਦੋਂ ਤਕ ਹੀ ਖੇਡ ਸਕਦੇ ਹੋ ਜਦੋਂ ਤਕ ਉਸ ਦਾ ਸਿੰਗ ਤੁਹਾਡੀ ਅੱਖ 'ਚ ਨਹੀਂ ਵੱਜਦਾ।

*-ਮਰਾਕੋ*

ਬੱਚਿਆਂ ਤੇ ਮੂਰਖਾਂ ਨੂੰ ਤਿੱਖੀਆਂ ਨੁੱਕਰਾਂ ਵਾਲੇ ਸੰਦਾਂ ਨਾਲ ਨਹੀਂ ਖੇਡਣਾ ਚਾਹੀਦਾ।

*-ਜ਼ਿੰਬਾਬਵੇ*

ਪਾਇਲਟ ਦੇ ਚਿਹਰੇ ਦਾ ਰੰਗ ਉੱਡਣ ਦਾ ਮਤਲਬ ਤੂਫ਼ਾਨ ਹੁੰਦਾ ਹੈ।

*-ਲੂਥੀਨੀਆ*

ਰਿੱਛ ਦੇ ਕੰਨ ਵਿਚ ਫੂਕ ਨਹੀਂ ਮਾਰਨੀ ਚਾਹੀਦੀ।

-ਚੈਕੋਸਲਾਵੀਆ

ਖਤਰੇ ਦਾ ਸਾਹਮਣੇ ਕਰਕੇ ਸੋਗ ਮਨਾਉਣ ਨਾਲੋਂ ਖ਼ਤਰੇ ਤੋਂ ਭੱਜ ਕੇ ਹਾਸੇ ਦਾ ਪਾਤਰ ਬਣਨਾ ਬੇਹਤਰ ਹੁੰਦਾ ਹੈ।

-ਅਫ਼ਰੀਕਾ

ਖਤਰੇ ਤੋਂ ਬਚ ਕੇ ਰਹਿਣਾ ਡਰਪੋਕੀ ਨਹੀਂ ਹੁੰਦੀ।

-ਫਿਲੀਪੀਨ

ਸੱਪ ਮਰਿਆ ਨਾ ਹੋਵੇ ਤਾਂ ਸੋਟੀ ਸੁੱਟਣੀ ਨਹੀਂ ਚਾਹੀਦੀ।

-ਇਵੋਰੀ

ਕੰਮ ਆਉਣ ਵਾਲੇ ਪੇੜ ਪਹਿਲਾਂ ਵੱਢੇ ਜਾਂਦੇ ਹਨ।

-ਕੋਰੀਆ

ਬੇਹੱਦ ਖ਼ਤਰੇ ਵਾਲੇ ਸਮੇਂ ਵਿਚ ਤੁਹਾਨੂੰ ਸ਼ੈਤਾਨ ਨਾਲ ਉਦੋਂ ਤਕ ਤੁਰਨ ਦੀ ਇਜਾਜ਼ਤ ਹੁੰਦੀ ਹੈ ਜਦੋਂ ਤਕ ਤੁਸੀਂ ਪੁਲ ਪਾਰ ਨਹੀਂ ਲੰਘ ਜਾਂਦੇ।

-ਬਲਗਾਰੀਆ

ਜੇ ਤੁਸੀਂ ਘੋੜੇ ਦੀ ਧੌਣ ਨੂੰ ਕਾਬੂ ਨਹੀਂ ਕਰ ਸਕਦੇ ਤਾਂ ਉਸ ਦੀ ਪੂਛ ਨਾਲ ਲਟਕਣ ਦੀ ਕੋਸ਼ਿਸ਼ ਵੀ ਨਾ ਕਰੋ।

-ਸਰਬੀਆ

ਚੁੱਪ-ਚੁਪੀਤਾ ਕੁੱਤਾ ਅਤੇ ਸ਼ਾਂਤ ਪਾਣੀ ਦੋਵੇਂ ਹੀ ਖ਼ਤਰਨਾਕ ਹੁੰਦੇ ਹਨ।

-ਜਰਮਨੀ

ਅਗਲੇ ਇਕ ਘੰਟੇ ਵਿਚ ਆਉਣ ਵਾਲੇ ਖਤਰੇ ਤੋਂ ਕੋਈ ਵੀ ਮਨੁੱਖ ਪੂਰੀ ਤਰ੍ਹਾਂ ਸਾਵਧਾਨ ਨਹੀਂ ਹੁੰਦਾ।

-ਰੋਮਨ

ਜਦੋਂ ਤਾਕਤਵਰਾਂ ਵਿਚ ਅਸਹਿਮਤੀ ਚੱਲ ਰਹੀ ਹੋਵੇ ਤਾਂ ਸਭ ਤੋਂ ਵੱਧ ਖ਼ਤਰਾ ਆਮ ਬੰਦਿਆਂ ਨੂੰ ਹੁੰਦਾ ਹੈ।

-ਰੋਮਨ

ਔਰਤਾਂ ਅਤੇ ਸ਼ੀਸ਼ੇ ਹਰ ਵਕਤ ਖ਼ਤਰੇ ਵਿਚ ਹੀ ਹੁੰਦੇ ਹਨ।

-ਪੁਰਤਗਾਲ

ਬਘਿਆੜਾਂ ਦਾ ਸ਼ਿਕਾਰ ਕਰਨ ਵਾਲਾ ਕੁੱਤਾ ਮਰਦਾ ਵੀ ਬਘਿਆੜਾਂ ਹੱਥੋਂ ਹੀ ਹੈ।

-ਸਪੇਨ



ਜਿਸ ਨੂੰ ਤੂਫ਼ਾਨ ਚੰਗੇ ਨਾ ਲਗਦੇ ਹੋਣ, ਉਸ ਨੂੰ ਮਲਾਹ ਨਹੀਂ ਬਣਨਾ ਚਾਹੀਦਾ।

-ਮੈਕਸੀਕੋ

*** ਖੁਸ਼ਾਮਦੀ**

ਖੁਸ਼ਾਮਦੀ ਲੁਕਵਾਂ ਦੁਸ਼ਮਣ ਹੁੰਦਾ ਹੈ।

-ਹੰਗਰੀ

ਉਹ ਆਦਮੀ ਤਾਂ ਚੰਗਾ ਹੈ ਪਰ ਉਸ ਦੇ ਕੁੱਤੇ ਤੁਹਾਨੂੰ ਉਸ ਦੇ ਨੇੜੇ ਨਹੀਂ ਜਾਣ ਦੇਣਗੇ।

-ਯਿੱਦੀਸ਼

ਪੂਛ ਹਿਲਾਉਣ ਨਾਲ ਕੁੱਤਾ ਵੀ ਰੋਟੀ ਹਾਸਲ ਕਰ ਲੈਂਦਾ ਹੈ।

-ਇਟਲੀ

ਜਦੋਂ ਕੁੱਤਾ ਪੂਛ ਹਿਲਾ ਰਿਹਾ ਹੁੰਦਾ ਹੈ ਤਾਂ ਇਹ ਮਾਲਕ ਬਾਰੇ ਨਹੀਂ, ਸਗੋਂ ਰੋਟੀ ਬਾਰੇ ਸੋਚ ਰਿਹਾ ਹੁੰਦਾ ਹੈ।

-ਜਰਮਨੀ

ਖੁਸ਼ਾਮਦੀ ਦੇ ਇਕ ਹੱਥ ਵਿਚ ਪਾਣੀ ਅਤੇ ਦੂਜੇ ਹੱਥ 'ਚ ਅੱਗ ਹੁੰਦੀ ਹੈ।

-ਜਰਮਨੀ

ਚਾਪਲੂਸੀ ਦੋਹਾਂ ਕੰਨਾਂ ਨਾਲ ਸੁਣੀ ਜਾਂਦੀ ਹੈ ਅਤੇ ਸੱਚ ਸਿਰਫ਼ ਅੱਧੇ ਕੰਨ ਨਾਲ।

-ਸਪੇਨ

ਖੁਸ਼ਾਮਦ ਕਰਨ ਨਾਲ ਦੋਸਤ ਬਣਦੇ ਹਨ ਅਤੇ ਸੱਚ ਬੋਲਣ ਨਾਲ ਦੁਸ਼ਮਣ।

-ਯਿੱਦੀਸ਼

ਜੇ ਅਸੀਂ ਆਪਣੀ ਖੁਸ਼ਾਮਦ ਆਪ ਨਾ ਕਰੀਏ ਤਾਂ ਦੂਸਰੇ ਵੀ ਨਹੀਂ ਕਰਨਗੇ।

-ਯਿੱਦੀਸ਼

ਬੱਚੇ ਦਾ ਨੱਕ ਪੂੰਝਣ ਵਾਲਾ ਮਾਂ ਦੀ ਗੱਲ੍ਹ 'ਤੇ ਚੁੰਮਣ ਲੈ ਲੈਂਦਾ ਹੈ।

-ਜਰਮਨੀ

ਚਾਪਲੂਸ ਨੂੰ ਬੈਠਕ 'ਚ ਬਿਠਾਇਆ ਜਾਂਦਾ ਹੈ ਤੇ ਸਾਫ਼ ਸਪਸ਼ਟ ਗੱਲ ਕਰਨ ਵਾਲੇ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ।

-ਯਹੂਦੀ

*** ਖੁੱਲ੍ਹ ਦਿਲੀ**

ਰੱਬ ਸਾਨੂੰ ਸਾਡੇ ਦਿਲ ਦੇ ਆਕਾਰ ਅਨੁਸਾਰ ਹੀ ਦਿੰਦਾ ਹੈ।

-ਫ਼ਾਰਸੀ

ਜਿਹੜਾ ਗੁਲਾਬ ਚਾਹੁੰਦਾ ਹੈ ਉਹ ਕੰਡਿਆਂ ਦਾ ਵੀ ਮਾਣ ਕਰਦਾ ਹੈ।

-ਫਾਰਸੀ

ਮਰਨ ਤੋਂ ਬਾਅਦ ਬੰਦੇ ਦੇ ਹੱਥਾਂ ਵਿਚ ਸਿਰਫ਼ ਉਹੀ ਚੀਜ਼ ਰਹਿ ਜਾਂਦੀ ਹੈ, ਜਿਹੜੀ ਉਸ ਨੇ ਕਦੇ ਕਿਸੇ ਨੂੰ ਦਿੱਤੀ ਸੀ।

*-ਫਾਰਸੀ*

ਜੋ ਤੁਸੀਂ ਦਿੰਦੇ ਹੋ, ਉਹੀ ਦਸ ਗੁਣਾ ਹੋ ਕੇ ਵਾਪਸ ਤੁਹਾਨੂੰ ਮਿਲਦਾ ਹੈ।

*-ਬੈਨਿਨ*

ਚੰਗਾ ਦਰਖ਼ਤ ਹਜ਼ਾਰ ਪੰਛੀਆਂ ਨੂੰ ਪਨਾਹ ਦੇ ਸਕਦਾ ਹੈ।

*-ਬਰਮਾ*

ਗਰੀਬ ਦੀ ਖੁੱਲ੍ਹਦਿਲੀ ਸਭ ਤੋਂ ਵੱਧ ਚੰਗੀ ਹੁੰਦੀ ਹੈ।

*-ਅਰਬ*

* **ਖੋਖਲਾਪਣ**

ਖ਼ਾਲੀ ਠੇਲ੍ਹਾ ਜ਼ਿਆਦਾ ਭੁੜਕਦਾ ਹੈ।

*-ਕੋਰੀਆ*

ਘੰਟੀ ਦੀ ਆਵਾਜ਼ ਉੱਚੀ ਇਸ ਲਈ ਹੁੰਦੀ ਹੈ, ਕਿਉਂਕਿ ਇਹ ਖੋਖਲੀ ਹੁੰਦੀ ਹੈ।

*-ਪੋਲੈਂਡ*

ਵੱਡਾ ਢੋਲ ਰੌਲਾ ਵੀ ਵੱਧ ਪਾਉਂਦਾ ਹੈ।

*-ਕੋਰੀਆ*

ਜਿਸ ਦੇ ਅੰਦਰ ਰੌਸ਼ਨੀ ਨਾ ਹੋਵੇ, ਉਸ ਨੂੰ ਕਿਹੜਾ ਲੈਂਪ ਫਾਇਦਾ ਦੇ ਸਕਦਾ ਹੈ ?

*-ਚੀਨ*

* **ਖੁਸ਼ਕਿਸਮਤ**

ਲੂਲ੍ਹੇ ਨੂੰ ਲੰਗੜਾ ਵੀ ਖੁਸ਼ਕਿਸਮਤ ਲਗਦਾ ਹੈ।

*-ਤਾਮਲ*

* **ਖਿਝ**

ਮੱਖੀ, ਕੰਜਰੀ, ਮੰਗਤਾ, ਚੂਹਾ, ਝੱਖੜ, ਸਰਪੰਚ ਤੇ ਟੈਕਸ ਉਗਰਾਹੀ ਕਰਨ ਵਾਲਾ—
ਇਹ ਸੱਤੋ ਦੇ ਸੱਤ ਦੂਜਿਆਂ ਨੂੰ ਖਿਝਾਉਣ ਵਾਲੇ ਹੁੰਦੇ ਹਨ।

*-ਭਾਰਤ*

* **ਖਰਾ-ਖੋਟਾ**

ਖੋਟੇ ਬੰਦੇ ਨਾਲ ਖਰਾ ਵਿਵਹਾਰ ਕਰਨਾ ਮਹਿੰਗਾ ਪੈ ਸਕਦਾ ਹੈ।

*-ਤਾਓ*



* **ਖਿੱਚ**

ਜਿਹੜੀ ਚੀਜ਼ ਅੱਖਾਂ ਨੂੰ ਖਿੱਚ ਨਾ ਪਾਵੇ, ਉਸ ਚੀਜ਼ ਲਈ ਦਿਲ ਵੀ ਕੋਈ ਤਾਂਘ ਨਹੀਂ ਰੱਖਦਾ।

*-ਪੱਛਮੀ ਅਫ਼ਰੀਕਾ*

* **ਖਾਲੀ ਜੇਬ**

ਖਾਲੀ ਜੇਬ ਅੰਦਰ ਸ਼ੈਤਾਨ ਨੱਚਦਾ ਹੈ।

*-ਜਰਮਨੀ*

* **ਖਾਹਸ਼ਾਂ**

ਕੰਢੇ ਉਪਰ ਖੜ੍ਹੇ ਹੋ ਕੇ ਮੱਛੀ ਦੀ ਇੱਛਾ ਕਰੀ ਜਾਣ ਨਾਲੋਂ ਘਰ ਜਾ ਕੇ ਜਾਲ ਬੁਣਨਾ ਚਾਹੀਦਾ ਹੈ।

*-ਚੀਨ*

ਖਾਹਸ਼ਾਂ ਨਾਲ ਝੋਲਾ ਨਹੀਂ ਭਰਿਆ ਜਾ ਸਕਦਾ।

*-ਫਰਾਂਸ*

ਔਰਤਾਂ ਅਤੇ ਉਹਨਾਂ ਦੀਆਂ ਖਾਹਸ਼ਾਂ ਖ਼ਤਰਨਾਕ ਚੋਟੀਆਂ ਵਰਗੀਆਂ ਹੁੰਦੀਆਂ ਹਨ।

*-ਅੰਗਰੇਜ਼ੀ*

## ਗ...

* **ਗਲਤੀ**

ਕਲਮ ਦੇ ਫਿਸਲਣ ਨਾਲੋਂ ਪੈਰ ਦਾ ਫਿਸਲਣਾ ਚੰਗਾ ਹੁੰਦਾ ਹੈ।

*-ਅਰਬ*

ਤੇਜ਼ ਦੌੜਨ ਦਾ ਕੀ ਫਾਇਦਾ, ਜੇ ਬੰਦਾ ਗ਼ਲਤ ਰਾਹ 'ਤੇ ਭੱਜ ਰਿਹਾ ਹੋਵੇ।

*-ਅੰਗਰੇਜ਼ੀ*

ਜੇ ਤੁਸੀਂ ਗ਼ਲਤ ਟੋਪੀ ਚੁੱਕ ਲਈ ਹੋਵੇ ਤਾਂ ਏਨਾ ਪੱਕਾ ਕਰ ਲਉ ਕਿ ਇਹ ਕਿਸੇ ਭਲਵਾਨ ਦੀ ਨਾ ਹੋਵੇ।

*-ਆਇਰਲੈਂਡ*

ਇਕ ਗ਼ਲਤੀ ਨਾਲ ਬੰਦਾ ਕਦੇ ਨਹੀਂ ਮਰਦਾ।

*-ਪੱਛਮੀ ਅਫ਼ਰੀਕਾ*

ਬਾਂਦਰ ਵੀ ਕਈ ਵਾਰ ਬਿਰਖ਼ਾਂ ਤੋਂ ਫਿਸਲ ਕੇ ਡਿੱਗ ਜਾਂਦੇ ਹਨ।

*-ਜਪਾਨ*

ਹਾਥੀ ਵੀ ਫਿਸਲ ਜਾਂਦੇ ਹਨ।

*-ਤਾਮਲ*

ਬਗ਼ੈਰ ਕਿਸੇ ਨੁਕਸ ਦੇ ਘੋੜਾ ਲੱਭਣ ਵਾਲੇ ਨੂੰ ਪੈਦਲ ਹੀ ਜਾਣਾ ਪੈਂਦਾ ਹੈ।

*-ਇੰਗਲੈਂਡ*

ਦੰਦ ਵੀ ਕਈ ਵਾਰ ਜੀਭ ਨੂੰ ਦੰਦੀ ਵੱਢ ਬੈਠਦੇ ਹਨ।

*-ਜਪਾਨ*

ਇਕ ਟੋਏ ਵਿਚ ਦੋ ਵਾਰੀ ਡਿੱਗਣ ਵਾਲੇ ਨੂੰ ਮੂਰਖ ਕਿਹਾ ਜਾਂਦਾ ਹੈ।

*-ਤੁਰਕਿਸਤਾਨ*

ਚੈਂਪੀਅਨ ਵੀ ਗਲਤੀਆਂ ਕਰ ਬੈਠਦੇ ਹਨ, ਅਜਿਹਾ ਕੋਈ ਨਹੀਂ, ਜਿਸ ਨੇ ਗਲਤੀ ਨਾ ਕੀਤੀ ਹੋਵੇ।

*-ਤਾਈਵਾਨ*

ਗਲਤੀ ਕਰਨ ਤੋਂ ਡਰੀ ਜਾਣਾ ਵੀ ਇਕ ਗਲਤੀ ਹੈ।

*-ਸਮਕਾਲੀ*



ਗਲਤੀ ਨੂੰ ਮੰਨ ਲੈਣਾ ਕਿਸੇ ਆਰਾਮ ਦੇਣ ਵਾਲੀ ਦਵਾਈ ਵਾਂਗ ਹੁੰਦਾ ਹੈ।

*-ਰੋਮਨ*

ਮਗਰਮੱਛ ਵੀ ਕਈ ਵਾਰ ਡੁੱਬ ਕੇ ਮਰ ਜਾਂਦਾ ਹੈ।

*-ਜਪਾਨ*

ਇਕ ਇੰਚ ਦੀ ਗਲਤੀ ਨਾਲ ਸ਼ੁਰੂ ਕਰਿਆ ਕੰਮ ਨਿਸ਼ਾਨੇ ਤੋਂ ਹਜ਼ਾਰ ਮੀਲ ਦੂਰ ਜਾ ਕੇ ਮੁੱਕਦਾ ਹੈ।

*-ਚੀਨ*

ਸਿਆਣੇ ਤੋਂ ਸਿਆਣਾ ਆਦਮੀ ਵੀ ਕਦੇ ਕਦੇ ਗ਼ਲਤੀ ਕਰ ਬੈਠਦਾ ਹੈ।

*-ਜਰਮਨੀ*

ਇਕ ਪਲ ਦੀ ਗਲਤੀ ਉਮਰ ਭਰ ਦਾ ਦੁੱਖ ਬਣ ਜਾਂਦੀ ਹੈ।

*-ਚੀਨ*

ਆਪਣੀ ਗਲਤੀ ਨੂੰ ਸੁਧਾਰਨ ਤੋਂ ਡਰਨਾ ਨਹੀਂ ਚਾਹੀਦਾ।

*-ਜਪਾਨ*

ਹਰ ਗਲਤੀ ਨੂੰ ਮੂਰਖ਼ਤਾ ਨਹੀਂ ਕਿਹਾ ਜਾ ਸਕਦਾ।

*-ਰੋਮਨ*

ਗਲਤੀ ਕਰਨਾ ਇਨਸਾਨੀ ਵਰਤਾਰਾ ਹੈ ਪਰ ਇਸ ਨੂੰ ਨਿਭਾਈ ਜਾਣਾ ਸ਼ੈਤਾਨੀ ਕਰਮ ਹੁੰਦਾ ਹੈ।

*-ਜਰਮਨੀ*

* **ਗਲਤੀਆਂ ਤੇ ਨੇਕੀ**

ਰਾਤ ਦੇ ਪਹਿਲੇ ਅੱਧ ਵਿਚ ਆਪਣੀਆਂ ਗ਼ਲਤੀਆਂ ਬਾਰੇ ਸੋਚਣਾ ਚਾਹੀਦਾ ਹੈ ਤੇ ਦੂਜੇ ਅੱਧ ਵਿਚ ਹੋਰਾਂ ਦੀਆਂ ਗ਼ਲਤੀਆਂ ਬਾਰੇ।

*-ਚੀਨ*

ਜਿਹੜਾ ਮੈਨੂੰ ਮੇਰੀਆਂ ਗ਼ਲਤੀਆਂ ਬਾਰੇ ਦਸਦਾ ਹੈ, ਉਹ ਮੈਨੂੰ ਸਿਖਾਉਂਦਾ ਹੈ। ਜਿਹੜਾ ਮੇਰੀ ਨੇਕੀ ਬਾਰੇ ਦਸਦਾ ਹੈ, ਉਹ ਮੈਨੂੰ ਲੁੱਟਦਾ ਹੈ।

*-ਚੀਨ*

ਗ਼ਲਤੀ ਕਰਕੇ ਮੁੱਕਰ ਜਾਣਾ, ਦੂਹਰੀ ਗ਼ਲਤੀ ਕਰਨਾ ਹੈ।

*-ਫਰਾਂਸ*

ਛੋਟੀ ਮੋਟੀ ਗ਼ਲਤੀ 'ਤੇ ਹੱਸ ਛੱਡਣਾ ਠੀਕ ਹੁੰਦਾ ਹੈ, ਕਿਉਂਕਿ ਤੁਹਾਡੇ ਕੋਲੋਂ ਵੱਡੀਆਂ ਵੱਡੀਆਂ ਗ਼ਲਤੀਆਂ ਵੀ ਹੋਈਆਂ ਹਨ।

*-ਸਕਾਟਲੈਂਡ*

ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਸਾਡੀਆਂ ਗ਼ਲਤੀਆਂ ਸਾਡੇ ਚਿਹਰਿਆਂ 'ਤੇ ਨਹੀਂ ਉਕਰੀਆਂ ਹੋਈਆਂ।

*-ਸਕਾਟਲੈਂਡ*

* **ਗੁਣ**

ਮੂਰਖ ਅੰਦਰ ਵੀ ਇਕ ਗੁਣ ਜ਼ਰੂਰ ਹੁੰਦਾ ਹੈ।

*-ਜਪਾਨ*

ਕਈ ਵਾਰ ਬੰਦੇ ਦਾ ਗੁਣ ਹੀ ਉਸ ਦਾ ਵੈਰੀ ਬਣ ਜਾਂਦਾ ਹੈ।

*-ਜਪਾਨ*

ਬੱਦਲ ਕਾਲੇ ਹੁੰਦੇ ਹਨ ਪਰ ਇਨ੍ਹਾਂ 'ਚੋਂ ਗਿਰਨ ਵਾਲਾ ਪਾਣੀ ਸਾਫ਼ ਹੁੰਦਾ ਹੈ।

*-ਅਫ਼ਗਾਨਿਸਤਾਨ*

ਜੇ ਤੁਸੀਂ ਸੋਹਣੇ ਨਹੀਂ ਹੋ ਤਾਂ ਨੱਚਣਾ ਸਿੱਖੋ।

*-ਜ਼ਾਂਬੀਆ*

ਹਾਥੀ ਜਿੰਨਾ ਵੀ ਗਰੀਬ ਹੋਵੇ, ਇਹ ਦਸ ਡੱਡੂਆਂ ਨਾਲੋਂ ਜ਼ਿਆਦਾ ਮੁੱਲਵਾਨ ਹੁੰਦਾ ਹੈ।

*-ਨਾਈਜੀਰੀਆ*

ਚੁੱਪ ਰਹਿਣ ਵਾਲੇ ਆਦਮੀ ਨੂੰ ਐਵੇਂ ਨਾ ਸਮਝੋ, ਹੋ ਸਕਦਾ ਹੈ ਉਸ ਦੀ ਚੁੱਪ ਹੇਠਾਂ ਗੁਣਾਂ ਦਾ ਭੰਡਾਰ ਲੁਕਿਆ ਹੋਵੇ।

*-ਸਿੰਘਾਪੁਰ*

ਅੰਨ੍ਹਾ ਸੁਣਨ ਵਿਚ ਅਤੇ ਬੋਲਾ ਦੇਖਣ ਵਿਚ ਤੇਜ਼ ਹੁੰਦਾ ਹੈ।

*-ਚੀਨ*

ਕੰਨਖਜੂਰਾ ਇਕ ਲੱਤ ਗੁਆ ਵੀ ਲਵੇ ਤਾਂ ਵੀ ਤੁਰਨਾ ਬੰਦ ਨਹੀਂ ਕਰ ਦਿੰਦਾ।

*-ਅਫ਼ਰੀਕਾ*

ਨੱਚਣ ਲਈ ਸੋਹਣੀ ਜੁੱਤੀ ਹੀ ਕਾਫੀ ਨਹੀਂ ਹੁੰਦੀ।

*-ਡੈਨਿਸ਼*

ਪੂਰੇ ਪੱਥਰ ਨਾਲੋਂ ਤਰੇੜ ਵਾਲਾ ਹੀਰਾ ਬੇਹਤਰ ਹੁੰਦਾ ਹੈ।

*-ਚੀਨ*

ਚੱਲਣ ਵਾਲੇ ਪੈਰ ਟਿਕ ਕੇ ਨਹੀਂ ਬੈਠ ਸਕਦੇ।

*-ਪੁਰਤਗਾਲ*

ਭਰੇ ਬਰਤਨ ਸਭ ਤੋਂ ਘੱਟ ਆਵਾਜ਼ ਕਰਦੇ ਹਨ।

*-ਜਰਮਨੀ*



ਸੋਨਾ ਚਿੱਕੜ ਵਿਚ ਪਿਆ ਵੀ ਚਮਕਦਾ ਹੈ।

*-ਯਿੱਦੀਸ਼*

ਸ਼ੇਰ ਦੀ ਖ਼ਲ ਕਦੇ ਵੀ ਸਸਤੀ ਨਹੀਂ ਵਿਕਦੀ ਹੁੰਦੀ।

*-ਫਰਾਂਸ*

* **ਗਰੀਬੀ**

ਅਮੀਰ ਅਮੀਰੀ 'ਚ ਵਾਧਾ ਕਰਦਾ ਹੈ, ਗ਼ਰੀਬ ਸਾਲਾਂ 'ਚ ਸਾਲ ਜੋੜਦਾ ਹੈ।

*-ਚੀਨ*

ਗਰੀਬ ਹੀ ਗਰੀਬ ਦੀ ਮਦਦ ਕਰਦਾ ਹੈ।

*-ਜਾਪਾਨ*

ਸ਼ਰਾਬ ਪੀਣ ਲੱਗੇ ਆਪਣੇ ਪਰਿਵਾਰ ਦੀ ਗ਼ਰੀਬੀ ਜ਼ਰੂਰ ਯਾਦ ਕਰ ਲਵੋ।

*-ਜਪਾਨ*

ਗ਼ਰੀਬ ਲਈ ਮੁਸੀਬਤਾਂ ਕੰਧਾਂ 'ਚੋਂ ਵੀ ਡਿੱਗਦੀਆਂ ਹਨ ਤੇ ਦਰਵਾਜ਼ਿਆਂ 'ਚੋਂ ਵੀ।

*-ਫ਼ਾਰਸੀ*

ਸ਼ੇਰ ਦੇ ਹੌਸਲੇ ਨੂੰ ਲੂੰਬੜੀ ਵਾਲੇ ਡਰ 'ਚ ਬਦਲਣ ਵਾਲੀ ਚੀਜ਼ ਨੂੰ ਗ਼ਰੀਬੀ ਕਿਹਾ ਜਾਂਦਾ ਹੈ।

*-ਫ਼ਾਰਸੀ*

ਗ਼ਰੀਬੀ ਦੁੱਖ ਹੈ, ਪਰ ਸ਼ਰਮ ਨਹੀਂ।

*-ਸਕਾਟਲੈਂਡ*

ਲਲਾਰੀ ਆਪ ਵਿਚਾਰੇ ਬੇਰੰਗ ਕੱਪੜੇ ਪਾਉਂਦੇ ਹਨ।

*-ਜਪਾਨ*

ਮੰਗਤਾ ਕਦੇ ਦੀਵਾਲੀਆ ਨਹੀਂ ਹੁੰਦਾ।

*-ਇਟਲੀ*

ਗਰੀਬ ਹੋਣਾ ਪਾਪ ਨਹੀਂ ਹੈ, ਪਰ ਫਿਰ ਵੀ ਇਸ ਤੋਂ ਬਚਣਾ ਹੀ ਚੰਗਾ ਹੁੰਦਾ ਹੈ।

*-ਬੰਗਾਲੀ*

ਪਾਲਾ ਆਦਮੀ ਨੂੰ ਕੋਇਲੇ ਚੋਰੀ ਕਰਨਾ ਸਿਖਾ ਦਿੰਦਾ ਹੈ।

*-ਮਰਾਕੋ*

ਮਹਾਨ ਆਦਮੀ ਝੁੱਗੀ ਵਿਚ ਵੀ ਪੈਦਾ ਹੋ ਸਕਦਾ ਹੈ।

*-ਇਟਲੀ*

ਗੁਰਬਤ ਸਿਆਣਪ ਨੂੰ ਖੁੰਢਾ ਕਰ ਦਿੰਦੀ ਹੈ।

*-ਜਪਾਨ*

# ਘ...

* **ਘਰ**

ਹਰ ਆਦਮੀ ਲਈ ਆਪਣਾ ਘਰ ਹੀ ਕਸ਼ਮੀਰ ਹੁੰਦਾ ਹੈ।

*-ਅਫ਼ਗਾਨਿਸਤਾਨ*

ਆਪਣੇ ਘਰ 'ਚ ਸੂਰਜ ਹੋਰ ਥਾਵਾਂ ਨਾਲੋਂ ਵਧੇਰੇ ਨਿੱਘਾ ਲਗਦਾ ਹੈ।

*-ਅਲਬਾਨੀਆ*

ਘਰ ਦੀ ਕਿੰਨੀ ਵੀ ਮੁਰੰਮਤ ਕਿਉਂ ਨਾ ਕਰ ਲਉ, ਇਹ ਫਿਰ ਵੀ ਪੂਰਾ ਨਹੀਂ ਹੁੰਦਾ।

*-ਅਫ਼ਰੀਕਾ*

ਘਰ ਦੇ ਮਸਲੇ ਬਾਜ਼ਾਰ 'ਚ ਖੜ੍ਹੇ ਹੋ ਕੇ ਹੱਲ ਨਹੀਂ ਕਰਨੇ ਚਾਹੀਦੇ।

*-ਕੀਕੂਯੂ*

ਘਰ ਦੀ ਦਹਿਲੀਜ਼ ਸਾਰੇ ਪਹਾੜਾਂ ਤੋਂ ਵੱਧ ਉੱਚੀ ਹੁੰਦੀ ਹੈ।

*-ਸਲੋਵੇਨੀਆ*

ਪਰਿੰਦਾ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ ਪਰ ਉਹ ਸਦਾ ਆਪਣਾ ਆਲ੍ਹਣਾ ਜ਼ਰੂਰ ਚਾਹੁੰਦਾ ਹੈ।

*-ਡੈਨਿਸ਼*

ਜਦੋਂ ਸ਼ੈਤਾਨ ਕਚਹਿਰੀ ਵਿਚ ਪੁੱਜਾ ਤਾਂ ਬੋਲਿਆ, "ਘਰ ਘਰ ਹੀ ਹੁੰਦਾ ਹੈ।"

*-ਰੋਮਨ*

ਅੱਧਾ ਬਣਿਆ ਘਰ ਅੱਧਾ ਨਰਕ ਹੁੰਦਾ ਹੈ।

*-ਜਰਮਨੀ*

ਬੰਦੇ ਦੀ ਸਿਆਣਪ ਅਤੇ ਔਰਤ ਦਾ ਸਬਰ ਮਿਲ ਕੇ ਘਰ 'ਚ ਸੁਖ ਤੇ ਸ਼ਾਂਤੀ ਪੈਦਾ ਕਰਦੇ ਹਨ।

*-ਡੱਚ*

ਖੁਸ਼ੀਆਂ ਵਾਲੇ ਘਰ ਵਿਚ ਬੈਂਗਣ ਦੇ ਬੂਟੇ ਨੂੰ ਵੀ ਖਰਬੂਜ਼ੇ ਲਗਦੇ ਹਨ।

*-ਕੋਰੀਆ*



* **ਘੁਮੰਡੀ**

ਘੁਮੰਡੀ ਆਦਮੀ ਕਿਸੇ ਦੂਸਰੇ ਦੀ ਤਾਰੀਫ਼ ਸੁਣਦਾ ਹੈ ਤਾਂ ਉਸ ਨੂੰ ਬੁਰਾ ਲਗਦਾ ਹੈ।

*-ਅੰਗਰੇਜ਼ੀ*

* **ਘੋੜਾ**

ਘੋੜੇ ਖਰੀਦਣ ਜਾਣਾ ਹੋਵੇ ਤਾਂ ਘੋੜੇ 'ਤੇ ਹੀ ਚੜ੍ਹ ਕੇ ਜਾਣਾ ਚਾਹੀਦਾ ਹੈ।

*-ਗੁਆਨਾ*

ਉਹ ਘੋੜਾ ਤਾਂ ਖਰੀਦਣਾ ਚਾਹੁੰਦਾ ਹੈ, ਪਰ ਅਜਿਹਾ ਘੋੜਾ ਜਿਹੜਾ ਘਾਹ ਨਾ ਖਾਂਦਾ ਹੋਵੇ।

*-ਪੈਰਾਗੁਆ*

ਬੁੱਢਾ ਘੋੜਾ ਰਾਹ ਨਹੀਂ ਭੁੱਲਦਾ।

*-ਪੇਰੂ*

* **ਘਰ ਪਰਿਵਾਰ**

ਦੇਸ਼ ਦੀ ਹਾਲਤ ਘਰ ਦੇ ਅੰਦਰੋਂ ਨਜ਼ਰ ਆਉਂਦੀ ਹੈ।

*-ਮੈਕਸੀਕੋ*

* **ਘਿਰਣਾ**

ਪਿਆਰ ਤੇ ਘਿਰਣਾ ਦੋਵੇਂ ਹੀ ਹਰ ਗੱਲ ਨੂੰ ਵਧਾ-ਚੜ੍ਹਾ ਕੇ ਕਰਦੇ ਹਨ।

*-ਹੀਬਰੂ*

ਪਿਆਰ ਮਾੜੀਆਂ ਗੱਲਾਂ ਲਈ ਤੇ ਨਫ਼ਰਤ ਚੰਗੀਆਂ ਗੱਲਾਂ ਲਈ ਅੰਨ੍ਹੇ ਹੁੰਦੇ ਹਨ।

*-ਹੀਬਰੂ*

ਬੰਦਿਆਂ ਨੇ ਵੱਡੀ ਤੋਂ ਵੱਡੀ ਦੂਰੀ ਨੂੰ ਖ਼ਤਮ ਕਰ ਦਿੱਤਾ ਹੈ, ਪਰ ਉਹ ਇਕ ਦੂਸਰੇ ਵਿਚਲੀ ਦੂਰੀ ਨੂੰ ਖ਼ਤਮ ਨਹੀਂ ਕਰ ਸਕੇ।

*-ਹੀਬਰੂ*

ਛੋਟੇ ਜਿਹੇ ਜ਼ਖ਼ਮ ਨੂੰ, ਗਰੀਬ ਰਿਸ਼ਤੇਦਾਰ ਨੂੰ ਅਤੇ ਕਮਜ਼ੋਰ ਵੈਰੀ ਨੂੰ ਘਿਰਣਾ ਨਹੀਂ ਕਰਨੀ ਚਾਹੀਦੀ।

*-ਡੈਨਿਸ਼*

* **ਘਰ ਦਾ ਭੇਤੀ**

ਕਿਲ੍ਹੇ ਨੂੰ ਘੇਰਾ ਅੰਦਰੋਂ ਪੈਂਦਾ ਹੈ।

*-ਬਰਾਜ਼ੀਲ*

## ਚ...

* **ਚੰਗਾ ਤੇ ਮਾੜਾ**

ਬੰਦੇ ਨੂੰ ਨੇਕ ਬਣਨ 'ਚ ਸੌ ਸਾਲ ਲਗ ਸਕਦੇ ਹਨ ਪਰ ਵਿਗੜਨ ਲਈ ਇਕੋ ਦਿਨ ਬਹੁਤ ਹੁੰਦਾ ਹੈ।

*-ਚੀਨ*

ਗਲ਼ ਗਈ ਲੱਕੜ 'ਤੇ ਨੱਕਾਸ਼ੀ ਨਹੀਂ ਹੋ ਸਕਦੀ।

*-ਚੀਨ*

ਨੇਕੀ ਦਾ ਦਰਵਾਜ਼ਾ ਸਖ਼ਤ ਤੇ ਭਾਰੀ ਹੁੰਦਾ ਹੈ, ਇਸ ਨੂੰ ਆਸਾਨੀ ਨਾਲ ਨਹੀਂ ਧੱਕਿਆ ਜਾ ਸਕਦਾ।

*-ਚੀਨ*

ਬੁਰਾਈ ਆਉਂਦੀ ਤਾਂ ਪਰਾਂ 'ਤੇ ਉੱਡ ਕੇ ਹੈ ਪਰ ਜਾਂਦੀ ਲੰਗੜਾਅ ਲੰਗੜਾਅ ਕੇ ਹੈ।

*-ਫਰਾਂਸ*

ਮੰਦਰ ਨੂੰ ਜਾਂਦਾ ਸਭ ਤੋਂ ਨੇੜਲਾ ਰਾਹ ਜਾਣਨ ਵਾਲਾ ਅਕਸਰ ਸਭ ਤੋਂ ਵੱਧ ਦੁਰਾਚਾਰੀ ਹੁੰਦਾ ਹੈ।

*-ਜਪਾਨ*

ਬੁਰਾਈ ਛੱਡਣੀ ਸੋਨੇ ਦੇ ਤਿੰਨ ਸਿੱਕਿਆਂ ਬਰਾਬਰ ਹੁੰਦੀ ਹੈ ਪਰ ਮੁੱਢੋਂ ਹੀ ਬੁਰਾਈ ਦੇ ਮਗਰ ਨਾ ਲੱਗਣਾ ਪੰਜ ਦੇ ਬਰਾਬਰ।

*-ਜਪਾਨ*

ਸ਼ਰੀਫ ਬੰਦੇ ਨੂੰ ਬੰਨ੍ਹਣ ਲਈ ਧਾਗਾ ਹੀ ਬਹੁਤ ਹੁੰਦਾ ਹੈ, ਲੁੱਚੇ ਨੂੰ ਰੱਸੇ ਨਾਲ ਬੰਨ੍ਹ ਕੇ ਰੋਕਣਾ ਵੀ ਮੁਸ਼ਕਿਲ।

*-ਸਕਾਟਲੈਂਡ*

ਬੁਰਾਈ ਵੜਦੀ ਤਾਂ ਸੂਈ ਵਾਂਗ ਹੈ, ਪਰ ਫੈਲਦੀ ਬੋਹੜ ਦੇ ਬਿਰਛ ਵਾਂਗ ਹੈ।

*-ਪੱਛਮੀ ਅਫ਼ਰੀਕਾ*

ਚੰਗੇ ਲਈ ਸਾਡੇ ਕੋਲ ਰਜ਼ਾਮੰਦੀ ਹੈ ਤੇ ਮੂਰਖ਼ ਲਈ ਅਸੀਂ ਕੋਠੇ 'ਤੇ ਡਾਂਗ ਰੱਖੀ ਹੋਈ ਹੈ।

*-ਮੰਗੋਲੀਆ*



ਚੰਗਾ ਕਰੋ ਤਾਂ ਭੁੱਲ ਜਾਵੋ, ਮਾੜਾ ਕਰੋ ਤਾਂ ਯਾਦ ਰੱਖੋ।

*-ਮਾਲਟਾ*

ਚੰਗਾ ਤੇ ਮਾੜਾ ਦੋਵੇਂ ਮਿਲ ਕੇ ਹੀ ਪਿੰਡ ਬਣਦਾ ਹੈ।

*-ਪੁਰਤਗਾਲ*

ਹਰ ਥਾਂ 'ਤੇ ਚੰਗੇ ਤੇ ਮਾੜੇ ਦੋਵੇਂ ਤਰ੍ਹਾਂ ਦੇ ਲੋਕ ਮਿਲ ਜਾਂਦੇ ਹਨ।

*-ਇਟਲੀ*

ਚੰਗੀ ਗੱਲ ਅਕਸਰ ਭੁੱਲ ਜਾਂਦੀ ਹੈ ਅਤੇ ਮਾੜੀ ਨੂੰ ਲੁਕਾ ਲਿਆ ਜਾਂਦਾ ਹੈ।

*-ਨਾਰਵੇ*

ਚੰਗਾ ਅਤੇ ਮਾੜਾ ਆਪਸ ਵਿਚ ਜਾਲ ਵਾਂਗ ਬੁਣੇ ਹੁੰਦੇ ਹਨ।

*-ਜਪਾਨ*

ਚੰਗਿਆਈ ਗੂੰਜਦੀ ਹੈ ਅਤੇ ਬਦੀ ਘੁਸਰ-ਮੁਸਰ ਕਰਦੀ ਹੈ।

*-ਬਾਲੀ*

* **ਚੰਗੀ ਮਾੜੀ ਕਿਸਮਤ**

ਕਿਸਮਤ ਇਕ ਘੰਟਾ ਤੁਹਾਡੇ ਹੱਕ 'ਚ ਖੜ੍ਹਦੀ ਹੈ ਤੇ ਦਸ ਘੰਟੇ ਤੁਹਾਡੇ ਉਲਟ।

*-ਅਰਬ*

ਉਸ ਨੂੰ ਦਰਿਆ 'ਚ ਧੱਕਾ ਦੇਵੋਗੇ ਤਾਂ ਉਹ ਮੂੰਹ 'ਚ ਮੱਛੀ ਲੈ ਕੇ ਬਾਹਰ ਨਿਕਲੇਗਾ।

*-ਅਰਬ*

ਮੈਂ ਤਾਂ ਜੇ ਕਫ਼ਨ ਵੇਚਣ ਦਾ ਵਪਾਰ ਸ਼ੁਰੂ ਕਰ ਲਵਾਂ ਤਾਂ ਲੋਕ ਮਰਨਾ ਛੱਡ ਦੇਣਗੇ।

*-ਅਰਬ*

ਬੰਦਾ ਮੂਹਰਲੇ ਦਰਵਾਜ਼ੇ 'ਚੋਂ ਸ਼ੇਰ ਬਾਹਰ ਕੱਢਦਾ ਹੈ ਤਾਂ ਬਘਿਆੜ ਪਿਛਲੇ ਦਰਵਾਜ਼ੇ 'ਚੋਂ ਅੰਦਰ ਆ ਜਾਂਦਾ ਹੈ।

*-ਚੀਨ*

ਜਿਸ ਦਿਨ ਤੁਹਾਡਾ ਘੋੜਾ ਮਰ ਜਾਵੇ ਤੇ ਤੁਹਾਡਾ ਸੋਨਾ ਗੁੰਮ ਹੋ ਜਾਵੇ, ਉਸ ਦਿਨ ਤੁਹਾਡੇ ਰਿਸ਼ਤੇਦਾਰ ਸੜਕ 'ਤੇ ਤੁਰੇ ਫਿਰਦੇ ਅਜਨਬੀਆਂ ਵਾਂਗ ਹੁੰਦੇ ਹਨ।

*-ਚੀਨ*

ਚੰਗੀ ਕਿਸਮਤ ਤੇ ਮਾੜੀ ਕਿਸਮਤ ਇਕੋ ਖੂਹ 'ਚ ਲਟਕਦੀਆਂ ਦੋ ਬਾਲਟੀਆਂ ਹਨ।

*-ਜਰਮਨੀ*

ਅਜਿਹਾ ਕਿਹੜਾ ਬਿਰਛ ਹੈ, ਜਿਥੇ ਹਵਾ ਨਾ ਪਹੁੰਚ ਸਕੇ।

*-ਭਾਰਤ*

ਜਦੋਂ ਹਾਥੀ ਟੋਏ 'ਚ ਡਿੱਗ ਰਿਹਾ ਹੋਵੇ ਤਾਂ ਡੱਡੂ ਵੀ ਪਿੱਛੇ ਤੋਂ ਉਸ ਦੇ ਠੁੱਡ ਮਾਰਦੇ ਹਨ।

*-ਭਾਰਤ*

ਤੇਜ਼ ਬਾਰਸ਼ ਵੀ ਚੋਂਦੇ ਘਰਾਂ 'ਤੇ ਜ਼ਿਆਦਾ ਪੈਂਦੀ ਹੈ।

*-ਜਪਾਨ*

ਰੋਂਦੇ ਮੂੰਹ 'ਤੇ ਸ਼ਹਿਦ ਦੀ ਮੱਖੀ ਵੀ ਜ਼ਿਆਦਾ ਲੜਦੀ ਹੈ।

*-ਜਪਾਨ*

ਮਾੜੀ ਕਿਸਮਤ ਨੂੰ ਤਿੰਨ ਸਾਲ ਤਕ ਸਾਂਭ ਕੇ ਰੱਖੋ, ਸ਼ਾਇਦ ਕੋਈ ਫਾਇਦਾ ਹੋ ਜਾਵੇ।

*-ਜਪਾਨ*

ਤੇਜ਼ ਚੱਲਣ ਵਾਲਾ ਸ਼ਾਮਤ ਨੂੰ ਜਾ ਰਲਦਾ ਹੈ। ਹੌਲੀ ਚੱਲਣ ਵਾਲੇ ਨੂੰ ਸ਼ਾਮਤ ਆ ਰਲਦੀ ਹੈ।

*-ਰੂਸ*

ਨਰਕ 'ਚ ਜਾ ਕੇ ਵੀ ਗ਼ਰੀਬ ਕਿਸਾਨ ਨੂੰ ਅਮੀਰ ਜਗੀਰਦਾਰ ਦੀ ਸੇਵਾ ਕਰਨੀ ਪੈਣੀ ਹੈ, ਕਿਉਂਕਿ ਅਮੀਰ ਨੂੰ ਜਿਸ ਦੇਗ 'ਚ ਉਬਾਲਿਆ ਜਾਂਦਾ ਹੈ, ਉਸ ਦੇ ਹੇਠਾਂ ਲੱਕੜ ਗ਼ਰੀਬ ਨੇ ਹੀ ਬਾਲਣੀ ਹੈ।

*-ਰੂਸ*

ਬਿੱਛੂ ਤੋਂ ਡਰ ਕੇ ਦੌੜੇ ਨੂੰ ਸੱਪ ਦਾ ਡੰਗ।

*-ਸੰਸਕ੍ਰਿਤ*

ਮੁਸੀਬਤਾਂ ਦਾ ਮੀਂਹ ਵੀ ਪਹਿਲਾਂ ਤੋਂ ਹੀ ਭਿੱਜੇ 'ਤੇ ਪੈਂਦਾ ਹੈ।

*-ਸਪੇਨ*

ਪਿੰਜਰੇ 'ਚ ਫਸਿਆ ਚੂਹਾ ਕਹਿੰਦਾ ਹੈ ਕਿ ਮੈਨੂੰ ਖਾਣ ਨੂੰ ਕੁਝ ਨਹੀਂ ਚਾਹੀਦਾ।

*-ਸਪੇਨ*

ਮੀਂਹ ਤੋਂ ਬਚ ਕੇ ਭੱਜੇ ਨੂੰ ਤੂਫ਼ਾਨ ਨੇ ਘੇਰ ਲਿਆ।

*-ਤੁਰਕੀ*

ਨਦੀ 'ਚ ਨਹਾਉਂਦਾ ਮਗਰਮੱਛ ਦੇ ਮੂੰਹ 'ਚੋਂ ਤਾਂ ਬਚ ਕੇ ਨਿਕਲ ਗਿਆ, ਪਰ ਘਰ ਮੁੜਦੇ ਨੂੰ ਚੀਤਾ ਟੱਕਰ ਗਿਆ।

*-ਪੱਛਮੀ ਅਫ਼ਰੀਕਾ*

ਦੁੱਖ ਤਾਂ ਦੁਰਲਭ ਖਜ਼ਾਨੇ ਵਾਂਗ ਹੁੰਦੇ ਹਨ ਜੋ ਸਿਰਫ਼ ਦੋਸਤਾਂ ਨੂੰ ਹੀ ਦਿਖਾਏ ਜਾ ਸਕਦੇ ਹਨ।

*-ਪੱਛਮੀ ਅਫ਼ਰੀਕਾ*



ਸ਼ਾਮਤ ਕਦੇ ਛੁੱਟੀ ਨਹੀਂ ਕਰਦੀ।

*-ਯੁਗੋਸਲਾਵੀਆ*

ਖੀਰ ਖਾ ਗਈ ਬਾਂਦਰੀ, ਟੰਬੇ ਖਾਣ ਨੂੰ ਰਿੱਛ।

*-ਪੰਜਾਬੀ*

ਚੰਗੀ ਕਿਸਮਤ ਅਤੇ ਮਾੜੀ ਕਿਸਮਤ ਇਕੋ ਖੂਹ ਵਿਚ ਪਈਆਂ ਬਾਲਟੀਆਂ ਹੁੰਦੀਆਂ ਹਨ।

*-ਜਰਮਨੀ*

ਚੰਗੀ ਤੋਂ ਮਾੜੀ ਕਿਸਮਤ ਤਾਂ ਇਕ ਕਦਮ ਦੂਰ ਹੀ ਹੁੰਦੀ ਹੈ ਪਰ ਮਾੜੀ ਤੋਂ ਚੰਗੀ ਕਿਸਮਤ ਤਕ ਦਾ ਫ਼ਾਸਲਾ ਬੜਾ ਲੰਬਾ ਹੁੰਦਾ ਹੈ।

*-ਯਿੱਦੀਸ਼*

*** ਚੰਗਾ ਮਨੁੱਖ**

ਚੰਗਾ ਮਨੁੱਖ ਆਪਣੀਆਂ ਅੱਖਾਂ ਤੋਂ ਪਹਿਚਾਣਿਆ ਜਾ ਸਕਦਾ ਹੈ ਜਿਵੇਂ ਕਿ ਘੋੜੇ ਦੀ ਉਮਰ ਉਸ ਦੇ ਦੰਦਾਂ ਤੋਂ ਜਾਣੀ ਜਾ ਸਕਦੀ ਹੈ।

*-ਅਰਬ*

*** ਚੰਗੀ ਗੱਲ**

ਚੰਗੀ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਭਾਵੇਂ ਇਹ ਬੱਚੇ ਜਾਂ ਤੋਤੇ ਦੇ ਮੂੰਹੋਂ ਹੀ ਨਿਕਲੀ ਹੋਵੇ।

*-ਸੰਸਕ੍ਰਿਤੀ*

*** ਚੋਣ**

ਬਗ਼ੈਰ ਸਿਰ ਦੇ ਹੋਣ ਨਾਲੋਂ ਅੱਧੇ ਲਾਲ ਸਿਰ ਵਾਲਾ ਹੋਣਾ ਚੰਗਾ ਹੁੰਦਾ ਹੈ।

*-ਆਇਰਲੈਂਡ*

ਅਮੀਰੀ ਨਾਲੋਂ ਸਿਆਣਪ ਚੰਗੀ ਹੁੰਦੀ ਹੈ।

*-ਸਵੀਡਨ*

ਭੂਤ ਦੇ ਡਰ ਤੋਂ ਮੁਰਦੇ ਨੂੰ ਜੱਫਾ।

*-ਮਲੇਸ਼ੀਆ*

ਕੁੱਤੇ ਨੂੰ ਭਜਾਉਣ ਲਈ ਸ਼ੇਰ ਨੂੰ ਆਵਾਜ਼ਾਂ।

*-ਚੀਨ*

ਦਰਵਾਜ਼ਾ ਜਾਂ ਤਾਂ ਬੰਦ ਹੁੰਦਾ ਹੈ ਜਾਂ ਫਿਰ ਖੁੱਲ੍ਹਾ ਹੁੰਦਾ ਹੈ।

*-ਪੋਲੈਂਡ*

ਜੇ ਤੁਸੀਂ ਡੁੱਬ ਕੇ ਹੀ ਮਰਨਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਘੱਟ ਡੂੰਘੇ ਪਾਣੀ ਵਿਚ ਤਸੀਹੇ ਨਾ ਦੇਵੋ।

*-ਬਲਗਾਰੀਆ*

ਕੁੱਤੇ ਨੂੰ ਖੰਭੇ ਤੇ ਪੇੜ ਵਿਚੋਂ ਇਕ ਦੀ ਚੋਣ ਕਰਨ ਲਈ ਨਾ ਕਹੋ।

*-ਡਾਕਰੋਵਾਨ*

ਕਈ ਵਾਰ ਤੁਹਾਨੂੰ ਆਪਣਾ ਸਿਰ ਬਚਾਉਣ ਲਈ ਆਪਣੀ ਰੋਟੀ ਦੀ ਕੁਰਬਾਨੀ ਕਰਨੀ ਪੈਂਦੀ ਹੈ।

*-ਇਰਾਕ*

ਜੇ ਤੁਹਾਡਾ ਮਾਚਸ ਦੀ ਡੱਬੀ 'ਚ ਬੈਠ ਕੇ ਸਰਦਾ ਹੋਵੇ ਤਾਂ ਤੁਹਾਨੂੰ ਬੰਦੂਕ ਦੀ ਨਾਲੀ 'ਚ ਨਹੀਂ ਵੜਨਾ ਚਾਹੀਦਾ।

*-ਜਮਾਇਕਾ*

ਜੇ ਤੁਸੀਂ ਪੱਕੇ ਨੂੰ ਕੱਚੇ ਲਈ ਛੱਡ ਦੇਵੋਗੇ ਤਾਂ ਕੱਚੇ ਤੇ ਪੱਕੇ ਦੋਹਾਂ ਨੂੰ ਗੁਆ ਬੈਠੋਗੇ।

*-ਸੰਸਕ੍ਰਿਤ*

ਸ਼ਹਿਰ ਦੀ ਪੂਛ ਬਣਨ ਨਾਲੋਂ ਪਿੰਡ ਦਾ ਸਿਰ ਹੋਣਾ ਚੰਗਾ ਹੁੰਦਾ ਹੈ।

*-ਕੋਰਸਿਕਾ*

ਹੜ੍ਹ ਤੋਂ ਬਚਣ ਲਈ ਸ਼ੇਰ ਦੀ ਪੂਛ ਨਹੀਂ ਫੜ ਲੈਣੀ ਚਾਹੀਦੀ।

*-ਚੀਨ*

ਮੌਤ ਦੇ ਬੂਹੇ 'ਤੇ ਆਦਮੀ ਬੀਮਾਰੀ ਦੀ ਭਿੱਖ ਮੰਗਦਾ ਹੈ।

*-ਅਰਮਾਨੀਆ*

ਦੋਸਤ ਦੀ ਚੋਣ ਕਿਸੇ ਬੁੱਢੇ ਦੀ ਅੱਖ ਨਾਲ ਕਰੋ ਅਤੇ ਘੋੜੇ ਦੀ ਚੋਣ ਕਿਸੇ ਜੁਆਨ ਦੀ ਅੱਖ ਨਾਲ।

*-ਅਰਮਾਨੀਆ*

ਬਲਦ ਦੀ ਪੂਛ ਹੋਣ ਨਾਲੋਂ ਕੁੱਕੜ ਦੀ ਕਲਗੀ ਹੋਣਾ ਜ਼ਿਆਦਾ ਚੰਗਾ ਹੁੰਦਾ ਹੈ।

*-ਕੋਰੀਆ*

ਗਲਤ ਰਾਹ 'ਤੇ ਭੱਜਣ ਨਾਲੋਂ ਵਾਪਸ ਭੱਜਣਾ ਜ਼ਿਆਦਾ ਚੰਗਾ ਹੁੰਦਾ ਹੈ।

*-ਰੋਮਨ*

ਔਰਤ ਅਤੇ ਖਰਬੂਜ਼ੇ ਨੂੰ ਚੁਣਨਾ ਸੌਖਾ ਨਹੀਂ ਹੁੰਦਾ।

*-ਫਰਾਂਸ*

ਵੱਢੇ ਜਾਣ ਨਾਲੋਂ ਕੁੱਤੇ ਨੂੰ ਭੌਂਕਣ ਦੇਣਾ ਚੰਗਾ ਹੁੰਦਾ ਹੈ।

*-ਯੂਰਪ*



### * ਚੁੱਪ

ਮੂਰਖ਼ ਦਾ ਦਿਲ ਉਸ ਦੀ ਜ਼ੁਬਾਨ 'ਤੇ ਪਿਆ ਮਿਲਦਾ ਹੈ।

*-ਹੋਨਡੂਰਸ*

ਚੁੱਪ ਦਾ ਅਸਰ ਉੱਚੀ ਆਵਾਜ਼ 'ਚ ਕੱਢੀਆਂ ਗਾਲ੍ਹਾਂ ਨਾਲੋਂ ਜ਼ਿਆਦਾ ਹੁੰਦਾ ਹੈ।

ਚੁੱਪ ਨਾਲ ਲੜਾਈ ਨਹੀਂ ਚੌਕਸੀ ਨਾਲ ਡਰ ਨਹੀਂ।

*-ਸੰਸਕ੍ਰਿਤ*

ਚੁੱਪ ਰਹੋ ਲੋਕ ਤੁਹਾਨੂੰ ਫ਼ਿਲਾਸਫ਼ਰ ਸਮਝਣਗੇ।

*-ਲਾਤੀਨ*

ਨਾ ਬੋਲਣ ਵਾਲੇ ਬੰਦੇ ਤੋਂ ਅਤੇ ਨਾ ਭੌਂਕਣ ਵਾਲੇ ਕੁੱਤੇ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ।

*-ਪੁਰਤਗਾਲ*

ਮੈਂ ਸਿਆਣੇ ਲੋਕਾਂ 'ਚ ਜੰਮਿਆ ਪਲਿਆ ਹਾਂ ਤੇ ਮੈਨੂੰ ਇਹ ਪੱਕਾ ਪਤਾ ਲੱਗਾ ਹੈ ਕਿ ਬੰਦੇ ਲਈ ਚੁੱਪ ਤੋਂ ਵਧ ਕੇ ਚੰਗੀ ਚੀਜ਼ ਕੋਈ ਨਹੀਂ ਹੁੰਦੀ।

*-ਸਿਏਰਾ ਲੀਓਨੇ*

ਜਾਂ ਤਾਂ ਚੁੱਪ ਰਹੋ ਜਾਂ ਫਿਰ ਅਜਿਹੀ ਗੱਲ ਕਰੋ, ਜਿਹੜੀ ਚੁੱਪ ਨੂੰ ਵੀ ਸਵਾਰਨ ਵਾਲੀ ਹੋਵੇ।

*-ਯੂਨਾਨ*

ਬੋਲਣ ਨਾਲੋਂ ਚੁੱਪ ਰਹਿਣਾ ਔਖਾ ਹੁੰਦਾ ਹੈ।

*-ਯੂਨਾਨ*

ਚੁੱਪ ਸਿਆਣਪ ਦੁਆਲੇ ਬਣਾਈ ਵਾੜ ਹੁੰਦੀ ਹੈ।

*-ਹੀਬਰੂ*

ਚੁੱਪ ਸੰਚਾਰ ਦਾ ਸਭ ਤੋਂ ਵੱਧ ਅਸਰਦਾਰ ਸਾਧਨ ਹੈ।

*-ਸਮਕਾਲੀ*

ਜਿਹੜੀ ਮੱਛੀ ਆਪਣਾ ਮੂੰਹ ਬੰਦ ਰੱਖਦੀ ਹੈ ਉਹ ਕਦੇ ਨਹੀਂ ਫੜੀ ਜਾਂਦੀ।

*-ਜਮਾਇਕਾ*

ਮੂਰਖ਼ ਨੂੰ ਸਹੀ ਜੁਆਬ ਚੁੱਪ ਰਹਿ ਕੇ ਹੀ ਦਿੱਤਾ ਜਾ ਸਕਦਾ ਹੈ।

*-ਅਫ਼ਗਾਨਿਸਤਾਨ*

ਬੰਦ ਮੂੰਹ ਬੰਦੇ ਨੂੰ ਕਈ ਤਰ੍ਹਾਂ ਦੇ ਝੰਜਟ-ਝੇੜਿਆਂ ਤੋਂ ਬਚਾ ਕੇ ਰੱਖਦਾ ਹੈ।

*-ਪੁਰਤਗਾਲ*

## ਛ...

*** ਛੋਟੀਆਂ ਚੀਜ਼ਾਂ**

ਛੋਟੀ ਜਿਹੀ ਮੋਰੀ ਵੱਡੇ ਜਹਾਜ਼ਾਂ ਨੂੰ ਡੁਬੋ ਦਿੰਦੀ ਹੈ।

ਛੋਟਾ ਭਾਂਡਾ ਜਲਦੀ ਗਰਮ ਹੁੰਦਾ ਹੈ।

ਛੋਟੀ ਜਿਹੀ ਮਿਰਚ ਵੀ ਵੱਡੇ ਤੋਂ ਵੱਡੇ ਮੂੰਹ ਨੂੰ ਲੜ ਸਕਦੀ ਹੈ।

*-ਜਮਾਇਕਾ*

ਛੋਟੀ ਜਿਹੀ ਲਾਟ ਵੀ ਵੱਡੀ ਅੱਗ ਬਾਲ ਸਕਦੀ ਹੈ।

*-ਸੀਰੀਆ*

ਹਜ਼ਾਰ ਮਾਚਸਾਂ ਬਣਾਉਣ ਲਈ ਇਕ ਰੁੱਖ ਦੀ ਲੋੜ ਪੈਂਦੀ ਹੈ ਅਤੇ ਹਜ਼ਾਰ ਰੁੱਖ ਫੂਕਣ ਲਈ ਇਕ ਮਾਚਸ ਸੀ।

*-ਸਮਕਾਲੀ*

ਹੋ ਸਕਦਾ ਹੈ ਕਿ ਤੁਸੀਂ ਵੱਡੀਆਂ ਚੀਜ਼ਾਂ ਕਰਨ ਦੇ ਯੋਗ ਹੋਵੋ, ਪਰ ਜ਼ਿੰਦਗੀ ਤਾਂ ਛੋਟੀਆਂ ਛੋਟੀਆਂ ਚੀਜ਼ਾਂ ਨਾਲ ਬਣੀ ਹੋਈ ਹੈ।

*-ਤਾਓ*

*** ਛੋਟਾ ਵੱਡਾ**

ਲੱਕੜ ਦਾ ਅੱਡਾ ਤਰਖਾਣ ਨੂੰ ਹੁਕਮ ਨਹੀਂ ਦੇ ਸਕਦਾ।

*-ਨਿਊਜ਼ੀਲੈਂਡ*

ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਬਹੁਤ ਛੋਟੇ ਹੋ ਤਾਂ ਮੱਛਰਾਂ ਨਾਲ ਭਰੇ ਕਮਰੇ ਵਿਚ ਸੌਂ ਕੇ ਦੇਖੋ।

*-ਅਫ਼ਰੀਕਾ*

ਹਾਥੀ ਦੀਆਂ ਪੈੜਾਂ ਕੀੜੀਆਂ ਦੀਆਂ ਪੈੜਾਂ ਨੂੰ ਖ਼ਤਮ ਕਰ ਦਿੰਦੀਆਂ ਹਨ।

*-ਡੁਆਲਾ*

ਛੋਟੇ ਮਨੁੱਖ ਸੋਚਦੇ ਹਨ ਕਿ ਉਹ ਛੋਟੇ ਹਨ ਪਰ ਮਹਾਨ ਮਨੁੱਖਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਮਹਾਨ ਹਨ।

*-ਚੀਨ*



ਬਾਰਸ਼ ਦੀ ਛੋਟੀ ਵਾਛੜ ਜ਼ਿਆਦਾ ਧੂੜ ਉਡਾਉਂਦੀ ਹੈ।

*-ਇਟਲੀ*

*** ਛੇੜ**

ਛੇੜਾਂ ਜਾਂ ਅੱਲਾਂ ਸ਼ੈਤਾਨ ਵਲੋਂ ਬੰਦੇ ਵੱਲ ਸੁੱਟੇ ਗਏ ਸਭ ਤੋਂ ਭੈੜੇ ਪੱਥਰ ਹੁੰਦੇ ਹਨ।

*-ਅਫ਼ਰੀਕਾ*

*** ਛਿਣ ਭੰਗਰ**

ਜੀਵਨ ਕੀ ਹੈ ? ਇਹ ਤਾਂ ਰਾਤ ਦੇ ਜੁਗਨੂੰ ਦੇ ਸਾਹ ਵਰਗਾ ਹੈ। ਇਹ ਤਾਂ ਘਾਹ 'ਚ ਭੱਜੇ ਜਾਂਦੇ ਪਰਛਾਵੇਂ ਵਰਗਾ ਹੈ, ਜਿਹੜਾ ਸੂਰਜ ਡੁੱਬਣ ਨਾਲ ਅਲੋਪ ਹੋ ਜਾਂਦਾ ਹੈ।

*-ਬਲੈਕਫੁੱਟ ਆਦਿਵਾਸੀ*

ਜ਼ਿੰਦਗੀ ਬੀਤਣ ਨੂੰ ਇੰਨਾ ਕੁ ਵਕਤ ਹੀ ਲਗਦਾ ਹੈ, ਜਿੰਨਾ ਕਿਸੇ ਨੂੰ ਖਿੜਕੀ ਦੇ ਸਾਹਮਣੇ ਤੋਂ ਲੰਘਣ ਸਮੇਂ ਲਗਦਾ ਹੈ।

*-ਕਰੋਸਿਕਾ*

ਇਹ ਜੱਗ ਮਿੱਠਾ, ਅਗਲਾ ਕੀਹਨੇ ਡਿੱਠਾ।

*-ਪੰਜਾਬੀ*

*** ਛੋਟਾ ਦਿਲ**

ਜਲਦੀ ਗਰਮ ਹੋਣ ਵਾਲਾ ਕਮਰਾ ਠੰਡਾ ਵੀ ਜਲਦੀ ਹੋ ਜਾਂਦਾ ਹੈ।

*-ਕੋਰੀਆ*

ਜੇ ਤੁਸੀਂ ਗਰਮੀ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਰਸੋਈ 'ਚੋਂ ਬਾਹਰ ਨਿਕਲ ਜਾਓ।

*-ਅਮਰੀਕਾ*

*** ਛੋਟੇ ਕੰਮ**

ਛੋਟੇ ਛੋਟੇ ਬੁਰੇ ਕੰਮ ਹੀ ਸਾਡੇ ਹੌਕਿਆਂ ਦਾ ਚਸ਼ਮਾ ਹੁੰਦੇ ਹਨ। ਬੰਦਾ ਪਹਾੜ ਨਾਲ ਨਹੀਂ, ਛੋਟੇ ਛੋਟੇ ਪੱਥਰਾਂ ਨਾਲ ਠੋਕਰਾਂ ਖਾਂਦਾ ਹੈ।

*-ਚੀਨ*

*** ਛੇੜਖਾਨੀ**

ਛੇੜਖਾਨੀ ਥੋੜ੍ਹੀ ਦੇਰ ਬਾਅਦ ਝਗੜੇ ਵਿਚ ਬਦਲ ਜਾਂਦੀ ਹੈ।

*-ਬਰਮਾ*

# ਜ...

* **ਜਲਦਬਾਜ਼ੀ**

ਉਹ ਇਕ ਹੱਥ ਨਾਲ ਮੁਰਗੀਆਂ ਨੂੰ ਦਾਣਾ ਪਾਉਂਦਾ ਹੈ ਤੇ ਦੂਜੇ ਹੱਥ ਨਾਲ ਆਂਡੇ ਲੱਭਦਾ ਹੈ।

*-ਅਰਮੀਨੀਆ*

ਜਦ ਤਕ ਫੜ੍ਹੀ ਨਾ ਜਾਵੇ, ਉਦੋਂ ਤਕ ਮੱਛੀ ਖੁਆਉਣ ਦਾ ਵਾਅਦਾ ਕਦੇ ਨਾ ਕਰੋ।

*-ਆਇਰਲੈਂਡ*

ਨਦੀ ਤਕ ਪਹੁੰਚਣ ਤੋਂ ਪਹਿਲਾਂ ਹੀ ਆਪਣੀ ਪਤਲੂਨ ਦੇ ਪਹੁੰਚੇ ਨਾ ਟੁੰਗ ਲਉ।

*-ਤੁਰਕਿਸਤਾਨ*

ਹਿਰਨ ਫੜ੍ਹਨ ਤੋਂ ਪਹਿਲਾਂ ਹੀ ਖੱਲ ਵੇਚਣ ਨਹੀਂ ਜਾਣਾ ਚਾਹੀਦਾ।

*-ਯੁਗੋਸਲਾਵੀਆ*

* **ਜੈਸੇ ਨੂੰ ਤੈਸਾ**

ਬਹੁਤਾ ਫਿਰਨ ਵਾਲੇ ਕੁੱਤੇ ਨੂੰ ਸੋਟੀ ਟੱਕਰ ਹੀ ਪੈਂਦੀ ਹੈ।

*-ਜਪਾਨ*

* **ਜਲਦੀ**

ਜਲਦੀ ਪੱਕਣ ਵਾਲੀ ਚੀਜ਼ ਜਲਦੀ ਖ਼ਰਾਬ ਵੀ ਹੁੰਦੀ ਹੈ।

*-ਜਪਾਨ*

ਰਿੜ੍ਹਦਾ ਪੱਥਰ ਚਿੱਕੜ ਇਕੱਠਾ ਨਹੀਂ ਕਰਦਾ।

*-ਫਰਾਂਸ*

* **ਜੀਵਨ**

ਜੀਵਨ ਤਾਂ ਹਵਾ ਮੂਹਰੇ ਜਗਦੀ ਮੋਮਬੱਤੀ ਹੁੰਦਾ ਹੈ।

*-ਜਪਾਨ*

ਜ਼ਿੰਦਗੀ ਸਾਇਕਲ ਵਾਂਗ ਹੈ, ਜਦੋਂ ਤਕ ਤੁਸੀਂ ਪੈਡਲ ਮਾਰਦੇ ਰਹੋਗੇ, ਡਿੱਗੋਗੇ ਨਹੀਂ।

*-ਅਫ਼ਰੀਕਾ*



ਜੀਵਨ ਪਹੀਏ ਵਾਂਗ ਹੁੰਦਾ ਹੈ, ਕਦੇ ਉਪਰ ਕਦੇ ਥੱਲੇ।

*-ਫਿਲੀਪੀਨ*

ਸ਼ੁਰੂ ਤੋਂ ਅਖ਼ੀਰ ਤਕ ਤੁਹਾਨੂੰ ਆਪਣਾ ਜੀਵਨ ਆਪ ਹੀ ਜਿਉਣਾ ਪੈਣਾ ਹੈ। ਕੋਈ ਹੋਰ ਤੁਹਾਡਾ ਇਹ ਕੰਮ ਨਹੀਂ ਕਰ ਸਕਦਾ।

*-ਹੋਪੀ ਆਦਿਵਾਸੀ*

ਜੀਵਨ ਸਭ ਤੋਂ ਵਧੀਆ ਸੌਦਾ ਹੁੰਦਾ ਹੈ, ਕਿਉਂਕਿ ਇਹ ਸਾਨੂੰ ਬਿਨਾਂ ਕਿਸੇ ਕੀਮਤ ਦੇ ਮਿਲਿਆ ਹੁੰਦਾ ਹੈ।

*-ਯਹੂਦੀ*

ਜਸ਼ਨ ਮਨਾਓ, ਕੱਲ੍ਹ ਅਸੀਂ ਮਰ ਵੀ ਸਕਦੇ ਹਾਂ।

*-ਕਲਿੰਗੋਨ*

ਜੀਵਨ ਪਰਛਾਵੇਂ ਤੇ ਧੁੰਦ ਵਾਂਗ ਹੁੰਦਾ ਹੈ, ਜਲਦੀ ਲੰਘ ਜਾਂਦਾ ਹੈ ਤੇ ਪਿੱਛੇ ਕੋਈ ਨਿਸ਼ਾਨ ਨਹੀਂ ਛੱਡਦਾ।

*-ਮੈਡਾਗਾਸਕਰ*

ਸਾਰੇ ਪੇੜ-ਪੌਦੇ ਸਾਡੇ ਭੈਣ-ਭਾਈ ਹੀ ਹਨ। ਉਹ ਸਾਡੇ ਨਾਲ ਗੱਲਾਂ ਕਰਦੇ ਹਨ। ਜੇ ਅਸੀਂ ਧਿਆਨ ਦੇਈਏ ਤਾਂ ਸੁਣ ਸਕਦੇ ਹਾਂ।

*-ਆਰਾਪਾਹੋ/ਅਮਰੀਕੀ ਆਦਿਵਾਸੀ*

ਅਸੀਂ ਰੋਂਦੇ ਹੋਏ ਜੰਮਦੇ ਹਾਂ, ਸ਼ਿਕਾਇਤਾਂ ਕਰਦੇ ਹੋਏ ਜਿਉਂਦੇ ਹਾਂ ਅਤੇ ਨਿਰਾਸ਼ਾ 'ਚ ਡੁੱਬੇ ਮਰ ਜਾਂਦੇ ਹਾਂ।

*-ਅੰਗਰੇਜ਼ੀ*

ਅਸੀਂ ਹਵਾ 'ਚ ਬਲਦੇ ਦੀਵੇ ਤੋਂ ਵੱਧ ਹੋਰ ਕੁਝ ਨਹੀਂ ਹਾਂ।

*-ਜਪਾਨ*

ਹਰ ਨਵੇਂ ਦਿਨ ਨੂੰ ਆਪਣੇ ਜੀਵਨ ਦਾ ਆਖ਼ਰੀ ਦਿਨ ਮੰਨਣਾ ਚਾਹੀਦਾ ਹੈ।

*-ਰੋਮਨ*

* **ਜੀਵ**

ਇਕ ਇੰਚ ਦੇ ਕੀੜੇ 'ਚ ਵੀ ਅੱਧੀ ਇੰਚ ਦੀ ਆਤਮਾ ਹੁੰਦੀ ਹੈ।

*-ਜਪਾਨ*

ਮੱਛੀ ਸੁਆਦ ਹੁੰਦੀ ਹੈ ਪਰ ਜੀਵਨ ਬਹੁਮੁੱਲਾ ਹੁੰਦਾ ਹੈ।

*-ਜਪਾਨ*

ਜੇ ਅਸੀਂ ਜੀਵਾਂ ਦਾ ਆਦਰ ਕਰਦੇ ਹਾਂ ਤਾਂ ਉਹ ਵੀ ਸਾਨੂੰ ਆਦਰ ਦਿੰਦੇ ਹਨ।

*-ਆਰਾਪਾਹੋ/ਅਮਰੀਕੀ ਆਦਿਵਾਸੀ*

* **ਜੀਵਨ ਜਾਚ**

ਜੀਵਨ ਵਿਚ ਸ਼ੇਰ ਵਰਗੀ ਤਾਕਤ, ਹਾਥੀ ਵਰਗੀ ਸਮਝਦਾਰੀ ਤੇ ਬੱਕਰੀ ਵਰਗੀ ਮਿਠਾਸ ਰੱਖਣੀ ਚਾਹੀਦੀ ਹੈ।

*-ਤੁਰਕੀ*

* **ਜੂਆ**

ਜੂਏ ਵਿਚ ਇਕ ਮੂਰਖ਼ ਹੁੰਦਾ ਹੈ ਤੇ ਦੂਜਾ ਚੋਰ।

ਸੌ ਸ਼ਰਾਬੀ ਇਕ ਜੁਆਰੀ ਨਾਲੋਂ ਚੰਗੇ ਹੁੰਦੇ ਹਨ।

*-ਟੂਨੀਸ਼ੀਆ*

* **ਜੁਰਮ**

ਜੁਰਮ ਸਜ਼ਾ ਨੂੰ 'ਵਾਜਾਂ ਮਾਰਦਾ ਹੈ।

*-ਫਿਲਪੀਨ*

ਜੁਰਮ ਸਦਾ ਡਰ ਕੇ ਰਹਿੰਦਾ ਹੈ।

*-ਰੋਮਨ*

ਜੁਰਮ ਜਦੋਂ ਸਫ਼ਲ ਹੋ ਜਾਵੇ ਤਾਂ ਨੇਕੀ ਅਖਵਾਂਦਾ ਹੈ।

*-ਰੋਮਨ*

ਜਿਥੇ ਬਚਪਨ ਤੋਂ ਹੀ ਜੁਰਮ ਸਿਖਾਇਆ ਜਾਂਦਾ ਹੈ, ਉਹ ਇਹ ਆਦਮੀ ਦਾ ਸੁਭਾਅ ਹੀ ਬਣ ਜਾਂਦਾ ਹੈ।

*-ਰੋਮਨ*

ਜੁਰਮ ਦੀ ਮਾਂ ਗਰੀਬੀ ਹੁੰਦੀ ਹੈ ਅਤੇ ਨਲਾਇਕੀ ਇਸ ਦਾ ਬਾਪ ਹੁੰਦਾ ਹੈ।

*-ਫਰਾਂਸ*

* **ਜਵਾਈ**

ਜ਼ਿੰਦਗੀ ਦੇ ਵੱਡੇ ਰਹੱਸਾਂ ਵਿਚੋਂ ਇਕ ਰਹੱਸ ਇਹ ਹੁੰਦਾ ਹੈ ਕਿ ਜਿਹੜਾਂ ਮੁੰਡਾ ਤੁਹਾਡੀ ਬੇਟੀ ਨਾਲ ਵਿਆਹ ਕਰਨ ਦੇ ਯੋਗ ਨਹੀਂ ਸੀ ਹੁੰਦਾ, ਉਹ ਦੁਨੀਆ ਦੇ ਸਭ ਤੋਂ ਚੰਗੇ ਦੋਹਤੇ ਜਾਂ ਦੋਹਤੀ ਦਾ ਬਾਪ ਕਿਵੇਂ ਹੋ ਸਕਦਾ ਹੈ ?

*-ਯਹੂਦੀ*

ਜੇ ਤੁਹਾਡਾ ਜੁਆਈ ਚੰਗਾ ਹੈ ਤਾਂ ਤੁਹਾਨੂੰ ਇਕ ਪੁੱਤਰ ਮਿਲ ਜਾਂਦਾ ਹੈ। ਜੇ ਉਹ ਮਾੜਾ ਹੋਵੇ ਤਾਂ ਤੁਹਾਡੀ ਇਕ ਪੁੱਤਰੀ ਗੁਆਚ ਜਾਂਦੀ ਹੈ।

*-ਹੀਬਰੂ*



ਜਵਾਈ ਦਾ ਝੋਲਾ ਕਦੇ ਨਹੀਂ ਭਰਦਾ।

*-ਪੁਰਤਗਾਲ*

* **ਜੁਆਬ**

ਸੁਆਲ ਕਰਨ ਵਾਲਾ ਜੁਆਬਾਂ ਤੋਂ ਬਚ ਨਹੀਂ ਸਕਦਾ।

*-ਕੈਮਰੂਨ*

* **ਜਤਨ**

ਸੜਕ ਨੂੰ ਫਿਟਕਾਰਾਂ ਪਾਉਣ ਨਾਲੋਂ ਸੜਕ 'ਤੇ ਤੁਰਨਾ ਚਾਹੀਦਾ ਹੈ।

*-ਬੋਤਸਵਾਨਾ*

ਜਿਹੜਾ ਚੱਪੂ ਮਾਰਦਾ ਹੈ, ਓਹੀ ਕਿਤੇ ਪਹੁੰਚਦਾ ਹੈ।

*-ਐਸਟੋਨੀਆ*

ਜੇ ਤੁਸੀਂ ਕਮਰੇ ਦਾ ਇਕ ਚੱਕਰ ਵੀ ਲਗਾਉਗੇ ਤਾਂ ਉਸ ਆਦਮੀ ਨਾਲੋਂ ਸਿਆਣੇ ਹੋਵੋਗੇ ਜਿਹੜਾ ਬੈਠਾ ਹੀ ਰਿਹਾ ਸੀ।

*-ਐਸਟੋਨੀਆ*

ਹੌਲੀ ਹੌਲੀ ਚੱਲ ਕੇ ਬਾਂਦਰ ਵੀ ਤਿੱਬਤ ਪਹੁੰਚ ਜਾਂਦਾ ਹੈ।

*-ਭਾਰਤ*

* **ਜੜ੍ਹਾਂ**

ਡੂੰਘੀ ਜੜ੍ਹ ਵਾਲਾ ਪੇੜ ਝੱਖੜ ਤੋਂ ਨਹੀਂ ਡਰਦਾ।

*-ਇੰਡੋਨੇਸ਼ੀਆ*

* **ਜੱਦੀ**

ਧਰਤੀ ਦੀ ਸੰਭਾਲ ਚੰਗੀ ਤਰ੍ਹਾਂ ਕਰਨੀ ਚਾਹੀਦੀ ਹੈ। ਇਹ ਤੁਹਾਡੇ ਮਾਪਿਆਂ ਤੋਂ ਮਿਲਿਆ ਤੋਹਫ਼ਾ ਨਹੀਂ ਹੈ। ਇਹ ਤਾਂ ਤੁਹਾਡੇ ਬੱਚਿਆਂ ਦੀ ਅਮਾਨਤ ਹੈ।

*-ਕੀਨੀਆ*

ਜੱਦੀ ਜਾਇਦਾਦ 'ਚ ਝਗੜੇ ਵੀ ਸ਼ਾਮਿਲ ਹੁੰਦੇ ਹਨ।

*-ਨਾਮੀਬੀਆ*

ਜਿਹੜੇ ਲੋਕ ਜੱਦੀ ਰੁਤਬਿਆਂ 'ਤੇ ਮਾਣ ਕਰਨ, ਉਨ੍ਹਾਂ ਤੋਂ ਬਚ ਕੇ ਰਹੋ।

*-ਜਰਮਨੀ*

* **ਜੇਲ੍ਹ**

ਤੁਸੀਂ ਕਿਸੇ ਵੀ ਦੇਸ਼ ਦੇ ਸੱਚ ਨੂੰ ਉਦੋਂ ਤਕ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ, ਜਦੋਂ ਤਕ ਉਥੋਂ ਦੀ ਜੇਲ੍ਹ ਵਿਚ ਨਾ ਰਹੇ ਹੋਵੋ।

*-ਅਫ਼ਰੀਕਾ*

* **ਜੋਰੂ ਦਾ ਗੁਲਾਮ**
ਜੋਰੂ ਦੇ ਗੁਲਾਮ ਨੂੰ ਤਲਾਕ ਦੇ ਕੇਸ ਵਿਚ ਗਵਾਹ ਨਹੀਂ ਮਿਲਦੇ।

*-ਹੀਬਰੂ*

* **ਜੇਬ**
ਸਭ ਤੋਂ ਭਾਰੀ ਚੀਜ਼ ਆਪਣੀ ਖ਼ਾਲੀ ਜੇਬ ਹੁੰਦੀ ਹੈ।

*-ਯਹੂਦੀ*

* **ਜਵਾਨੀ**
ਜਵਾਨੀ 'ਚ ਸੁਪਨੇ ਹੀ ਸੁਪਨੇ ਹੁੰਦੇ ਹਨ ਤੇ ਬੁਢਾਪੇ 'ਚ ਯਾਦਾਂ ਹੀ ਯਾਦਾਂ।

*-ਮੈਕਸੀਕੋ*

* **ਜੁਆਬ**
ਹਰ ਸ਼ਬਦ ਜੁਆਬ ਦੇਣ ਦੇ ਯੋਗ ਨਹੀਂ ਹੁੰਦਾ।

*-ਇਟਲੀ*

ਦੂਜਿਆਂ ਦੀ ਥਾਂ ਜੁਆਬ ਬੋਲਣ ਵਾਲੇ ਨੂੰ ਕੀਮਤ ਵੀ ਆਪ ਤਾਰਨੀ ਪੈਂਦੀ ਹੈ।

*-ਫਰਾਂਸ*

* **ਜੇਤੂ**
ਜੇਤੂ ਰਾਜੇ ਅਖਵਾਂਦੇ ਹਨ ਅਤੇ ਹਾਰੇ ਹੋਏ ਡਾਕੂ।

*-ਚੀਨ*

* **ਜੰਮਣ ਮਰਨ**
ਅਸੀਂ ਜੰਮਦੇ ਹਾਂ, ਅਸੀਂ ਮਰ ਜਾਂਦੇ ਹਾਂ ਅਤੇ ਕਹਾਣੀ ਖ਼ਤਮ ਹੋ ਜਾਂਦੀ ਹੈ।

*-ਅਮਰੀਕਾ*

* **ਜਨਮ**
ਬੰਦੇ ਦਾ ਜਨਮ ਰਾਜੇ ਵਜੋਂ ਹੋਣਾ ਚਾਹੀਦਾ ਹੈ ਜਾਂ ਫਿਰ ਮੂਰਖ਼ ਵਜੋਂ।

*-ਜਰਮਨੀ*

* **ਜੇ**
ਜੇ ਬਿੱਲੀ ਵੀ ਮੁਰਗੀ ਹੁੰਦੀ ਤਾਂ ਇਸ ਨੇ ਵੀ ਆਂਡੇ ਦੇਣੇ ਸਨ।

*-ਜਰਮਨੀ*

* **ਜਿੱਤ ਹਾਰ**
ਜਿੱਤਣ ਨਾਲ ਅਸੀਂ ਓਨਾ ਨਹੀਂ ਸਿੱਖਦੇ ਜਿੰਨਾ ਹਾਰਨ ਨਾਲ ਸਿੱਖਦੇ ਹਾਂ।

*-ਜਪਾਨ*



ਜ਼ੋਰ ਨਾਲ ਨਹੀਂ ਸਗੋਂ ਨੇਕੀ ਨਾਲ, ਹਥਿਆਰਾਂ ਨਾਲ ਨਹੀਂ ਸਗੋਂ ਕਲਾ ਨਾਲ ਜਿੱਤ ਹਾਸਲ ਹੁੰਦੀ ਹੈ।

*-ਰੋਮਨ*

ਜਿੱਤ ਦੇ ਸੌ ਪਿਉ ਹੁੰਦੇ ਹਨ ਪਰ ਹਾਰ ਯਤੀਮ ਹੁੰਦੀ ਹੈ।

*-ਚੀਨ*

ਜੀਵਨ ਵਿਚ ਕਦੇ ਤੁਸੀਂ ਜਿੱਤਦੇ ਹੋ ਤੇ ਕਦੇ ਹਾਰਦੇ ਹੋ।

*-ਜਮਾਇਕਾ*

* **ਜੱਫੀ**
ਵਿਛੜਨ ਨਾਲੋਂ ਮਿਲਣ ਵੇਲੇ ਦੀ ਜੱਫੀ ਜ਼ਿਆਦਾ ਚੰਗੀ ਹੁੰਦੀ ਹੈ।

*-ਮਿਸਰ*

* **ਜੱਜ**
ਮੂਰਖ ਜੱਜ ਦਾ ਫ਼ੈਸਲਾ ਛੋਟਾ ਹੁੰਦਾ ਹੈ।

*-ਫਰਾਂਸ*

ਜਿਹੜਾ ਸਿਰਫ਼ ਇਕੋ ਧਿਰ ਦੀ ਗੱਲ ਸੁਣਦਾ ਹੈ, ਉਸ ਨੂੰ ਜੱਜ ਨਹੀਂ ਕਿਹਾ ਜਾਂਦਾ।

*-ਕੋਰੀਆ*

ਰੱਬ ਨੂੰ ਸੱਚੋ-ਸੱਚ ਦੱਸੋ, ਪਰ ਜੱਜ ਨੂੰ ਪੈਸੇ ਦੇਣ ਤੋਂ ਗੁਰੇਜ਼ ਨਾ ਕਰੋ।

*-ਰੂਸ*

ਜਿਸ ਦਾ ਬਾਪ ਜੱਜ ਹੋਵੇ, ਉਹ ਮੁਕੱਦਮਾ ਲੜਨ ਬੇਫ਼ਿਕਰ ਹੋ ਕੇ ਜਾਂਦਾ ਹੈ।

*-ਯੂਰਪ*

* **ਜੁਆਨ**
ਜੇ ਜੁਆਨਾਂ ਕੋਲ ਸਿਆਣਪ ਅਤੇ ਬਿਰਧਾਂ ਕੋਲ ਤਾਕਤ ਹੁੰਦੀ ਤਾਂ ਹਰ ਗੱਲ ਚੰਗੀ ਤਰ੍ਹਾਂ ਸਿਰੇ ਚੜ੍ਹਾਈ ਜਾ ਸਕਦੀ ਸੀ।

*-ਇਟਲੀ*

## ਝ...

* **ਝਗੜਾ**

ਗੁੱਸਾ ਪਾਗਲਪਣ ਤੋਂ ਸ਼ੁਰੂ ਹੁੰਦਾ ਹੈ ਤੇ ਪਛਤਾਵੇ 'ਤੇ ਆ ਕੇ ਮੁੱਕਦਾ ਹੈ।

*-ਅਰਬ*

ਜੇ ਉਹ ਮੈਨੂੰ ਉਸ ਦੇ ਹੇਠੋਂ ਨਾ ਕੱਢਦੇ ਤਾਂ ਮੈਂ ਉਸ ਨੂੰ ਮਾਰ ਕੇ ਹਟਣਾ ਸੀ।

*-ਅਰਬ*

ਝਗੜੇ ਲੱਭਣ ਵਾਲੇ ਨੂੰ ਨੇੜੇ ਹੀ ਮੌਕੇ ਮਿਲ ਜਾਂਦੇ ਹਨ।

*-ਇਟਲੀ*

ਭਰਾ ਘਰ ਦੇ ਅੰਦਰ ਚੋਰਾਂ ਵਾਂਗ ਲੜਦੇ ਹਨ, ਪਰ ਘਰ ਦੇ ਬਾਹਰ ਇਕ ਦੂਜੇ ਦੀ ਢਾਲ ਬਣਦੇ ਹਨ।

*-ਜਪਾਨ*

ਚੰਗੀ ਲੜਾਈ ਨਾਲੋਂ ਮਾੜੀ ਸ਼ਾਂਤੀ ਚੰਗੀ ਹੁੰਦੀ ਹੈ।

*-ਰੂਸ*

ਜਿਸਦੀ ਪਤਨੀ ਸੋਹਣੀ ਹੋਵੇ, ਜਿਸ ਦਾ ਕਿਲਾ ਸਰਹੱਦ 'ਤੇ ਹੋਵੇ ਜਾਂ ਜਿਸ ਦੇ ਅੰਗੂਰਾਂ ਦਾ ਬਾਗ ਸੜਕ ਨਾਲ ਲਗਦਾ ਹੋਵੇ, ਉਸ ਨੂੰ ਲੜਾਈ ਦੇ ਮੌਕੇ ਮਿਲਦੇ ਰਹਿਣਗੇ।

*-ਸਪੇਨ*

ਹਰ ਰੁੱਖ ਦਾ ਤਣਾ ਹੁੰਦਾ ਹੈ ਤੇ ਹਰ ਝਗੜੇ ਦਾ ਕੋਈ ਕਾਰਨ।

*-ਪੱਛਮੀ ਅਫ਼ਰੀਕਾ*

ਝਗੜੇ ਵਾਲੀ ਥਾਂ 'ਤੇ ਮੇਜ਼ ਉਪਰ ਪਏ ਬੱਤੀ ਕਿਸਮ ਦੇ ਭੋਜਨ ਨਾਲੋਂ ਸ਼ਾਂਤੀ ਵਾਲੀ ਥਾਂ 'ਤੇ ਮਿਲਦਾ ਜੂਸ ਦਾ ਚਮਚਾ ਵੀ ਬੇਹਤਰ ਹੁੰਦਾ ਹੈ।

*-ਯੁਗੋਸਲਾਵੀਆ*

ਇਕ ਝਗੜੇ 'ਚੋਂ ਸੌ ਪਾਪ ਪੈਦਾ ਹੁੰਦਾ ਹਨ।

*-ਸਰਵੀਅਨ*

ਜੇ ਅਸੀਂ ਨਹੀਂ ਲੜਦੇ ਤਾਂ ਦੋਵੇਂ ਬਰਾਬਰ ਹਾਂ ਤੇ ਜੇ ਅਸੀਂ ਲੜਦੇ ਹਾਂ ਤਾਂ ਸਾਡੇ ਵਿਚੋਂ ਇਕ ਜਣਾ ਹੀ ਜੇਤੂ ਅਖਵਾਏਗਾ।

*-ਮੈਡਾਗਾਸਕਰ*



ਦੋ ਬੰਦਿਆਂ ਦੀ ਲੜਾਈ ਵਿਚ ਸਿਰਫ਼ ਇਕੋ ਧਿਰ ਜ਼ਿੰਮੇਵਾਰ ਨਹੀਂ ਹੋ ਸਕਦੀ।

*-ਸਵੀਡਨ*

ਭਰਾਵਾਂ ਦੀ ਲੜਾਈ ਸਭ ਤੋਂ ਵੱਧ ਭੈੜੀ ਹੁੰਦੀ ਹੈ।

*-ਰੋਮਨ*

* **ਝੂਠ**

ਜਿੰਨਾ ਲੰਬਾ ਵੇਰਵਾ, ਓਨਾ ਹੀ ਵੱਡਾ ਝੂਠ।

ਝੂਠਾ ਆਦਮੀ ਲੰਗੜੇ ਨਾਲੋਂ ਵੀ ਜਲਦੀ ਫੜ੍ਹਿਆ ਜਾਂਦਾ ਹੈ।

*-ਪੁਰਤਗਾਲ*

ਕਵੀਆਂ ਤੇ ਚਿੱਤਰਕਾਰਾਂ ਨੂੰ ਝੂਠ ਬੋਲਣ ਦੀ ਛੁੱਟੀ ਹੁੰਦੀ ਹੈ।

*-ਫਰਾਂਸ*

ਚੰਗੇ ਕਹਾਣੀਕਾਰ ਨੂੰ ਥੋੜ੍ਹਾ ਬਹੁਤ ਝੂਠ ਵੀ ਬੋਲਣਾ ਆਉਣਾ ਚਾਹੀਦਾ ਹੈ।

*-ਚੀਨ*

ਸੌ 'ਨਾਂਹ' ਸੁਣਨ ਨਾਲੋਂ ਇਕ ਝੂਠੀ 'ਹਾਂ' ਜ਼ਿਆਦਾ ਦੁਖਦਾਈ ਹੁੰਦੀ ਹੈ।

*-ਚੀਨ*

ਝੂਠ ਉੱਚੀ ਛੱਤ ਤੋਂ ਮਾਰੀ ਛਲਾਂਗ ਵਾਂਗ ਹੁੰਦਾ ਹੈ।

*-ਤਿੱਬਤ*

ਇਕ ਝੂਠ ਹਜ਼ਾਰ ਸੱਚਾਈਆਂ ਨੂੰ ਤਬਾਹ ਕਰ ਦੇਂਦਾ ਹੈ।

*-ਪੱਛਮੀ ਅਫ਼ਰੀਕਾ*

ਖਰਗੋਸ਼ ਅਤੇ ਝੂਠ ਬੜੀ ਜਲਦੀ ਨਾਲ ਵਧਦੇ ਹਨ।

*-ਸਪੇਨ*

* **ਝੂਠੀ ਹਮਦਰਦੀ**

ਬਘਿਆੜ ਕਹਿੰਦਾ ਹੈ ਕਿ ਭੇਡਾਂ ਨੂੰ ਭਿੱਜਦਾ ਦੇਖ ਕੇ ਉਸ ਨੂੰ ਰੋਣਾ ਆ ਰਿਹਾ ਹੈ।

*-ਤਾਮਿਲ*

ਮੀਂਹ ਵਾਲੇ ਦਿਨ ਮੁਰਗੀਆਂ ਨੂੰ ਪਾਣੀ ਪਾਉਣ ਲਈ ਕਈ ਜਣੇ ਤਿਆਰ ਹੋ ਜਾਂਦੇ ਹਨ।

*-ਅਰਮਾਨੀਆ*

* **ਝਿਜਕ**

ਪੁੱਛਣ ਤੋਂ ਸ਼ਰਮਾਣ ਵਾਲਾ ਰਾਹ ਜ਼ਰੂਰ ਭੁੱਲੇਗਾ।

*-ਮਲਾਇਆ*

ਝਿਜਕਣ ਵਾਲਾ ਬਾਅਦ 'ਚ ਪਛਤਾਂਦਾ ਹੈ।

*-ਅਲਬਾਨੀਆ*

ਨੱਚ ਬਾਪੂ ਨੱਚ! ਲੋਕਾਂ ਦੀਆਂ ਅੱਖਾਂ ਸਿਰਫ਼ ਦੇਖ ਸਕਦੀਆਂ ਹਨ, ਖਾ ਨਹੀਂ ਸਕਦੀਆਂ।

*-ਲਾਮਬਾ*

* **ਝੂਠਾ ਮਿੱਤਰ**

ਜੁੱਤੀ 'ਚ ਪਏ ਬਿੱਛੂ ਵਾਂਗ।

*ਸ੍ਰੀਲੰਕਾ*

* **ਝੂਠਾ**

ਝੂਠੇ ਦੀ ਸਜ਼ਾ ਇਹ ਹੀ ਹੁੰਦੀ ਹੈ ਕਿ ਉਹ ਜਦੋਂ ਸੱਚ ਵੀ ਬੋਲਦਾ ਹੈ ਤਾਂ ਕੋਈ ਉਸ 'ਤੇ ਇਤਬਾਰ ਨਹੀਂ ਕਰਦਾ।

*-ਹੀਬਰੂ*

ਤੁਸੀਂ ਆਪਣੇ ਬੂਹੇ ਚੋਰ ਲਈ ਤਾਂ ਬੰਦ ਕਰ ਸਕਦੇ ਹੋ, ਪਰ ਝੂਠੇ ਲਈ ਨਹੀਂ।

*-ਵਿਰਜਿਨ ਆਇਰਲੈਂਡ*

ਜਿਹੜਾ ਤੁਹਾਡੇ ਹੱਕ 'ਚ ਝੂਠ ਬੋਲਦਾ ਹੈ, ਉਹ ਤੁਹਾਡੇ ਵਿਰੋਧ 'ਚ ਵੀ ਝੂਠ ਬੋਲ ਸਕਦਾ ਹੈ।

*-ਬੋਸਨੀਆ*

ਝੂਠਾ ਲੰਗੜੇ ਨਾਲੋਂ ਵੀ ਜਲਦੀ ਫੜ੍ਹਿਆ ਜਾਂਦਾ ਹੈ।

*-ਯੂਰਪ*

* **ਝੁਕਾਅ**

ਆਦਮੀ ਉਸੇ ਪਾਸੇ ਡਿੱਗਦਾ ਹੈ, ਜਿਸ ਪਾਸੇ ਉਹ ਝੁਕ ਰਿਹਾ ਹੁੰਦਾ ਹੈ।

*-ਇਕਵਾਡੋਰ*

* **ਝੁਕਣਾ**

ਜਿਸ ਨੂੰ ਦੁੱਧ ਦੀ ਲੋੜ ਹੁੰਦੀ ਹੈ ਓਹੀ ਜਾਨਵਰ ਮੂਹਰੇ ਝੁਕਦਾ ਹੈ।

*-ਯਿੱਦੀਸ਼*

* **ਝਮੇਲੇ**

ਵੱਡੇ ਝਮੇਲੇ ਹੱਲ ਕਰਨ ਲਈ ਔਜ਼ਾਰ ਵੀ ਵੱਡੇ ਹੀ ਵਰਤਣੇ ਪੈਂਦੇ ਹਨ।

*-ਰੋਮਨ*



## ਟ...

* **ਟੀਚਾ**

ਆਰਾਮ ਨੂੰ ਆਪਣਾ ਟੀਚਾ ਮਿੱਥਣਾ ਚਾਹੀਦਾ ਹੈ ਨਾ ਕਿ ਅੱਯਾਸ਼ੀ ਨੂੰ।

*-ਅਫ਼ਰੀਕਾ*

* **ਟਾਹਣੀ**

ਟੇਢੀ ਟਾਹਣੀ ਦਾ ਪਰਛਾਵਾਂ ਵੀ ਟੇਢਾ ਹੀ ਹੁੰਦਾ ਹੈ।

*-ਜਪਾਨ*

# ਠ...

* **ਠੋਕਰ**

ਹਾਥੀ ਵੀ ਠੋਕਰ ਖਾਂਦੇ ਹਨ ਭਾਵੇਂ ਕਿ ਉਨ੍ਹਾਂ ਦੇ ਚਾਰ ਪੈਰ ਹੁੰਦੇ ਹਨ।

*-ਮਲਾਇਆ*

ਠੋਕਰ ਨੂੰ ਡਿੱਗਣਾ ਨਹੀਂ ਕਿਹਾ ਜਾਂਦਾ।

*-ਹਾਈਤੀ*

ਬੰਦੇ ਨੂੰ ਠੋਕਰ ਪਹਾੜ ਨਾਲ ਨਹੀਂ, ਪੱਥਰ ਨਾਲ ਲਗਦੀ ਹੈ।

*-ਭਾਰਤ*

ਇਕੋ ਪੱਥਰ 'ਤੇ ਦੋ ਵਾਰ ਠੋਕਰ ਖਾਣ ਵਾਲਾ, ਇਸ ਗੱਲ ਦਾ ਦੋਸ਼ ਹਰ ਕਿਸੇ ਸਿਰ ਨਹੀਂ ਮੜ੍ਹ ਸਕਦਾ।

*-ਇਟਲੀ*

ਕਈ ਵਾਰ ਠੋਕਰ ਤੁਹਾਨੂੰ ਫਿਸਲਣ ਤੋਂ ਬਚਾ ਲੈਂਦੀ ਹੈ।

*-ਅੰਗਰੇਜ਼ੀ*

* **ਠੀਕ ਦਿਸ਼ਾ**

ਜੇ ਤੁਹਾਡਾ ਮੂੰਹ ਠੀਕ ਦਿਸ਼ਾ ਵੱਲ ਹੈ ਤਾਂ ਤੁਹਾਡਾ ਤੁਰੇ ਰਹਿਣਾ ਹੀ ਕਾਫ਼ੀ ਹੈ।

*-ਬੋਧੀ*



# ਡ...

* **ਡਰ**

ਜਿਹੜਾ ਬਘਿਆੜ ਤੋਂ ਡਰਦਾ ਹੋਵੇ, ਉਹ ਜੰਗਲ 'ਚ ਨਹੀਂ ਜਾਂਦਾ।

*-ਰੂਸ*

ਹਾਥੀ ਮੱਛੀਆਂ ਤੋਂ ਨਹੀਂ ਡਰਦਾ ਤੇ ਨਾ ਹੀ ਚੰਗਾ ਬੁਰੇ ਤੋਂ ਡਰਦਾ ਹੈ।

*-ਕੰਨੜ*

ਜੇ ਚੂਹਾ ਬਲਦ ਜਿੰਨਾ ਵੱਡਾ ਵੀ ਹੋ ਜਾਵੇ ਤਾਂ ਵੀ ਉਹ ਬਿੱਲੀ ਰਹੇਗਾ।

*-ਅਫ਼ਰੀਕਾ*

ਜੇ ਬਾਘ ਨੂੰ ਇਹ ਪਤਾ ਲੱਗ ਜਾਵੇ ਕਿ ਲੋਕ ਉਸ ਤੋਂ ਕਿੰਨਾ ਡਰਦੇ ਹਨ ਤਾਂ ਉਹ ਹੋਰ ਵੀ ਨੁਕਸਾਨ ਕਰੇਗਾ।

*-ਕੈਮੀਰੂਨ*

ਸਮੁੰਦਰ ਤੋਂ ਨਹੀਂ, ਸਮੁੰਦਰੀ ਤੂਫ਼ਾਨ ਤੋਂ ਡਰੋ।

*-ਤਾਹੀਤੀ*

ਊਠ ਦੀ ਸਵਾਰੀ ਕਰਨ ਵਾਲੇ ਨੂੰ ਕੁੱਤਿਆਂ ਤੋਂ ਨਹੀਂ ਡਰਨਾ ਚਾਹੀਦਾ।

*-ਬਰਬਰ*

ਜਿਹੜਾ ਜ਼ਿਆਦਾ ਭਗਤੀ ਕਰੇ, ਉਸ ਦੇ ਮਨ 'ਚ ਜ਼ਰੂਰ ਕੋਈ ਡਰ ਹੁੰਦਾ ਹੈ।

*-ਦੱਖਣੀ ਅਫ਼ਰੀਕਾ*

ਸੱਪ ਦਾ ਵੱਢਿਆ ਕਿਰਲੀ ਤੋਂ ਵੀ ਡਰਦਾ ਹੈ।

*-ਯੁਗਾਂਡਾ*

ਡਰਪੋਕ ਚੀਤੇ ਦੀ ਉਮਰ ਜ਼ਿਆਦਾ ਲੰਬੀ ਹੁੰਦੀ ਹੈ।

*-ਟੋਨਗਾ*

ਬਹੁਤੇ ਖਰਗੋਸ਼ਾਂ ਨੂੰ ਡਰਾਉਣ ਵਾਲੇ ਕੁੱਤੇ ਦੇ ਹੱਥ ਸ਼ਿਕਾਰ ਘੱਟ ਹੀ ਲਗਦਾ ਹੈ।

*-ਪੁਰਤਗਾਲ*

ਬਾਜ਼ ਬਗਲੇ ਦੀਆਂ ਚੀਕਾਂ ਤੋਂ ਨਹੀਂ ਡਰਦਾ।

*-ਮਿਸਰ*

ਡਰ ਕੇ ਰਹੋਗੇ ਤਾਂ ਸੁਰੱਖਿਅਤ ਰਹੋਗੇ।

*-ਆਇਰਲੈਂਡ*

ਜੇ ਬਹੁਤ ਸਾਰੇ ਲੋਕ ਤੁਹਾਡੇ ਤੋਂ ਭੈ ਖਾਂਦੇ ਹਨ ਤਾਂ ਤੁਸੀਂ ਵੀ ਬਹੁਤ ਸਾਰਿਆਂ ਤੋਂ ਬਚ ਕੇ ਰਹੋ।

*-ਰੋਮਨ*

* **ਡਾਕਟਰ**

ਕੁਦਰਤ, ਵਕਤ ਤੇ ਸਬਰ ਤਿੰਨ ਵੱਡੇ ਡਾਕਟਰ ਹਨ।

*-ਬਲਗਾਰੀਆ*

ਚੰਗੇ ਸਰਜਨ ਦੀ ਅੱਖ ਬਾਜ਼ ਵਰਗੀ, ਦਿਲ ਸ਼ੇਰ ਵਰਗਾ ਅਤੇ ਹੱਥ ਔਰਤ ਵਰਗਾ ਹੋਣਾ ਚਾਹੀਦਾ ਹੈ।

*-ਡੋਮੀਨੀਅਕਾਨ*

ਜਿਸ ਪਿੰਡ ਵਿਚ ਡਾਕਟਰ ਨਾ ਹੋਵੇ, ਉਥੇ ਨਹੀਂ ਰਹਿਣਾ ਚਾਹੀਦਾ।

*-ਹੀਬਰੂ*

ਇਕ ਜਾਂ ਦੋ ਬੰਦਿਆਂ ਨੂੰ ਮਾਰਨ ਤੋਂ ਬਾਅਦ ਹੀ ਕੋਈ ਡਾਕਟਰ ਅਸਲੀ ਡਾਕਟਰ ਬਣਦਾ ਹੈ।

*-ਭਾਰਤ*

ਡਾਕਟਰ ਬੁੱਢਾ ਤੇ ਵਕੀਲ ਜੁਆਨ ਹੋਣਾ ਚਾਹੀਦਾ ਹੈ।

*-ਬਰਮਾ*

ਡਾਕਟਰ ਲਈ ਰੋਗੀ ਬਾਗ-ਬਗੀਚਾ ਹੁੰਦਾ ਹੈ।

*-ਸਵਾਹਿਲੀ*

ਡਾਕਟਰ ਨਾਲੋਂ ਖੁਰਾਕ ਦਾ ਇਲਾਜ ਵਧੀਆ ਹੁੰਦਾ ਹੈ।

*-ਅੰਗਰੇਜ਼ੀ*

ਮਾੜਾ ਡਾਕਟਰ ਕਾਤਲ ਤੋਂ ਘੱਟ ਨਹੀਂ ਹੁੰਦਾ।

*-ਚੀਨ*

ਜੇ ਡਾਕਟਰ ਤੋਂ ਤੁਹਾਡਾ ਇਲਾਜ ਨਹੀਂ ਹੁੰਦਾ ਤਾਂ ਇਹ ਤਿੰਨਾਂ ਗੁਰਾਂ ਨੂੰ ਆਪਣਾ ਡਾਕਟਰ ਬਣਾ ਲੈਣਾ ਚਾਹੀਦਾ ਹੈ—ਪਹਿਲਾ ਆਰਾਮ, ਦੂਜਾ ਖੁਸ਼ ਰਹਿਣਾ ਅਤੇ ਤੀਜਾ ਸੰਤੁਲਿਤ ਖੁਰਾਕ।

*-ਰੋਮਨ*

ਜੇ ਡਾਕਟਰ ਬਚਾ ਲੈਂਦਾ ਹੈ ਤਾਂ ਸੂਰਜ ਦੇਖਦਾ ਹੈ ਅਤੇ ਜੇ ਮਾਰ ਦਿੰਦਾ ਹੈ ਤਾਂ ਧਰਤੀ ਇਸ ਨੂੰ ਲੁਕਾ ਲੈਂਦੀ ਹੈ।

*-ਰੂਸ*



ਕਈ ਕਬਰਾਂ ਭਰਨ ਤੋਂ ਬਾਅਦ ਹੀ ਕੋਈ ਚੰਗਾ ਡਾਕਟਰ ਬਣਦਾ ਹੈ।

*-ਸਵੀਡਨ*

ਡਾਕਟਰ ਖੁਰਾਕ, ਡਾਕਟਰ ਸ਼ਾਂਤੀ ਅਤੇ ਡਾਕਟਰ ਖੁਸ਼ੀ ਸਭ ਤੋਂ ਚੰਗੇ ਤਿੰਨ ਡਾਕਟਰ ਹੁੰਦੇ ਹਨ।

*-ਇਟਲੀ*

ਡਾਕਟਰ ਭਾਵੇਂ ਬਿਮਾਰੀ ਨੂੰ ਮਾਰੇ ਭਾਵੇਂ ਮਰੀਜ਼ ਨੂੰ ਪਰ ਆਪਣੀ ਫ਼ੀਸ ਜ਼ਰੂਰ ਲੈ ਲੈਂਦਾ ਹੈ।

*-ਪੋਲੈਂਡ*

ਰੋਗ ਤੋਂ ਵੱਧ ਡਾਕਟਰ ਤੋਂ ਡਰਨਾ ਚਾਹੀਦਾ ਹੈ।

*-ਰੋਮਨ*

ਡਾਕਟਰ ਨੂੰ ਪਹਿਲਾਂ ਆਪਣੇ ਗੰਜੇ ਸਿਰ ਦਾ ਇਲਾਜ ਕਰਨਾ ਚਾਹੀਦਾ ਹੈ।

*-ਫਾਰਸੀ*

ਡਾਕਟਰ ਆਪ ਦੁਆਈ ਘੱਟ ਹੀ ਖਾਂਦਾ ਹੈ।

*-ਇਟਲੀ*

ਦੁਨੀਆ ਵਿਚ ਬੁੱਢੇ ਡਾਕਟਰਾਂ ਨਾਲੋਂ ਬੁੱਢੇ ਸ਼ਰਾਬੀ ਜ਼ਿਆਦਾ ਮਿਲ ਜਾਂਦੇ ਹਨ।

*-ਫਰਾਂਸ*

ਠੀਕ ਹੋਣ ਤੋਂ ਬਾਅਦ ਹਰ ਮਰੀਜ਼ ਡਾਕਟਰ ਹੁੰਦਾ ਹੈ।

*-ਆਇਰਲੈਂਡ*

* **ਡਰਪੋਕ**

ਡਰਪੋਕ ਆਦਮੀ ਖਰਗੋਸ਼ ਤੋਂ ਵੀ ਡਰੀ ਜਾਂਦਾ ਹੈ।

*-ਖਾਕਾਸ*

ਡਰਪੋਕ ਦੇ ਸਰੀਰ 'ਤੇ ਜ਼ਖ਼ਮ ਦਾ ਨਿਸ਼ਾਨ ਨਹੀਂ ਹੁੰਦਾ।

*-ਜ਼ਿੰਮਬਾਵੇ*

ਡਰਪੋਕ ਨੂੰ ਪਾਣੀ 'ਚ ਵੀ ਪਸੀਨੇ ਆਈ ਜਾਂਦੇ ਹਨ।

*-ਇਥੋਪੀਆ*

ਡਰਪੋਕ ਚਿਤਾਵਨੀਆਂ ਨਾਲ ਭਰਿਆ ਹੁੰਦਾ ਹੈ।

*-ਸੋਮਾਲੀਆ*

ਜੋ ਆਦਮੀ ਦੂਸਰਿਆਂ ਤੋਂ ਡਰਦਾ ਹੈ, ਉਹ ਆਪ ਵੀ ਦੂਸਰਿਆਂ ਨੂੰ ਡਰਾਉਣਾ ਚਾਹੁੰਦਾ ਹੈ।

*-ਤਾਓ*

ਡਰਪੋਕ ਦੇ ਸਰੀਰ 'ਤੇ ਜ਼ਖ਼ਮਾਂ ਦੇ ਨਿਸ਼ਾਨ ਨਹੀਂ ਹੁੰਦੇ।

*-ਅਫ਼ਰੀਕਾ*

ਦੋ ਡਰਪੋਕਾਂ ਵਿਚੋਂ ਉਹੀ ਫਾਇਦਾ ਉਠਾ ਲੈਂਦਾ ਹੈ, ਜਿਹੜਾ ਪਹਿਲਾਂ ਦੂਸਰੇ ਦੀ ਪਛਾਣ ਕਰ ਲੈਂਦਾ ਹੈ।

*-ਇਟਲੀ*

ਨਿਰਦਈ ਬੰਦੇ ਅੰਦਰ ਇਕ ਡਰਪੋਕ ਲੁਕਿਆ ਹੁੰਦਾ ਹੈ।

*-ਰੋਮਨ*

ਇਕ ਡਰਪੋਕ ਦਸ ਹੋਰਾਂ ਨੂੰ ਵੀ ਡਰਪੋਕ ਬਣਾ ਦਿੰਦਾ ਹੈ।

*-ਜਰਮਨੀ*

ਡਰਪੋਕ ਘਰ ਵਿਚ ਸ਼ੇਰ ਹੁੰਦਾ ਹੈ ਅਤੇ ਬਾਹਰ ਖਰਗੋਸ਼।

*-ਸਪੇਨ*

ਜਿਹੜਾ ਪੱਤਿਆਂ ਤੋਂ ਡਰਦਾ ਹੋਵੇ, ਉਸ ਨੂੰ ਜੰਗਲ 'ਚ ਨਹੀਂ ਭੇਜਣਾ ਚਾਹੀਦਾ।

*-ਅੰਗਰੇਜ਼ੀ*

* **ਡਰਾਵਾ**

ਇਕੋ ਕੁੱਤੇ ਨੂੰ ਕੁੱਟਣ ਦੀ ਲੋੜ ਹੁੰਦੀ ਹੈ, ਬਾਕੀ ਆਪਣੇ ਆਪ ਭੱਜ ਜਾਂਦੇ ਹਨ।

*-ਅਫ਼ਰੀਕਾ*

* **ਡਰਾਈਵਿੰਗ**

ਪਥਰੀਲੇ ਰਾਹ ਉਪਰ ਆਪਣੀ ਗੱਡੀ ਧਿਆਨ ਨਾਲ ਚਲਾਉਣੀ ਚਾਹੀਦੀ ਹੈ।

*-ਜਰਮਨੀ*

ਜੇ ਤੁਸੀਂ ਗੱਡੀ ਹੌਲੀ ਚਲਾਉਗੇ ਤਾਂ ਜਲਦੀ ਘਰ ਪਹੁੰਚੋਗੇ।

*-ਯਿੱਦੀਸ਼*

* **ਡਿੱਗਣਾ**

ਛੱਤ ਉਪਰੋਂ ਡਿੱਗਣ ਨਾਲੋਂ ਬਾਰੀ 'ਚੋਂ ਡਿੱਗਣਾ ਬੇਹਤਰ ਹੁੰਦਾ ਹੈ।

*-ਇਟਲੀ*

ਡਿੱਗਣ ਵਾਲੀ ਥਾਂ ਨਾਲੋਂ ਫਿਸਲਣ ਵਾਲੀ ਥਾਂ ਨੂੰ ਦੇਖੋ।

*-ਲਾਈਬੇਰੀਆ*

ਬਹੁਤ ਸਾਰੀਆਂ ਚੀਜ਼ਾਂ ਹੋਰ ਉੱਚਾ ਉੱਠਣ ਲਈ ਹੀ ਡਿੱਗਦੀਆਂ ਹਨ।

*-ਰੋਮਨ*

ਜਿੰਨੇ ਜ਼ੋਰ ਨਾਲ ਤੁਸੀਂ ਡਿੱਗੋਗੇ ਓਨੇ ਹੀ ਉੱਚੇ ਤੁਸੀਂ ਭੁੜਕੋਗੇ।

*-ਅਮਰੀਕਾ*



ਡਿੱਗਣ ਵਾਲੇ ਮਨੁੱਖ ਨੂੰ ਦੁਨੀਆ ਦਰੜ ਕੇ ਲੰਘ ਜਾਂਦੀ ਹੈ।

*-ਸਵੀਡਨ*

ਜਦ ਕੋਈ ਦਰਖ਼ਤ ਡਿੱਗਦਾ ਹੈ ਤਾਂ ਸਾਰੇ ਹੀ ਉਸ ਤੋਂ ਬਾਲਣ ਦੀ ਲੱਕੜੀ ਵੱਢਣ ਲਈ ਦੌੜੇ ਆਉਂਦੇ ਹਨ।

*-ਸਪੇਨ*

ਦਰਖ਼ਤ ਡਿੱਗਦਾ ਹੈ ਤਾਂ ਬਾਂਦਰ ਇਧਰ-ਉਧਰ ਭੱਜ ਜਾਂਦੇ ਹਨ।

*-ਚੀਨ*

ਡਿੱਗੇ ਬਿਰਖ਼ 'ਤੇ ਤਾਂ ਬੱਚੇ ਵੀ ਚੜ੍ਹ ਸਕਦੇ ਹਨ।

*-ਵੀਅਤਨਾਮ*

ਡਿੱਗਦੀ ਵਾੜ ਨੂੰ ਹਰ ਕੋਈ ਧੱਕਾ ਲਾਉਂਦਾ ਹੈ।

*-ਚੀਨ*

* **ਡਰਨਾ**

ਜਲਿਆ ਬੱਚਾ ਅੱਗ ਤੋਂ ਅਤੇ ਵੱਢਿਆ ਬੱਚਾ ਕੁੱਤੇ ਤੋਂ ਡਰਦਾ ਹੈ।

*-ਡੈਨਿਸ਼*

ਰੱਬ ਤੋਂ ਡਰ ਕੇ ਰਹੋ ਅਤੇ ਬੰਦੇ ਤੋਂ ਬਚ ਕੇ ਰਹੋ।

*-ਯਿੱਦੀਸ਼*

ਡਰ ਦੀਆਂ ਅੱਖਾਂ ਵੱਡੀਆਂ ਹੁੰਦੀਆਂ ਹਨ।

*-ਰੂਸ*

ਡਰ ਖ਼ਤਰੇ ਨੂੰ ਵਧਾ ਦਿੰਦਾ ਹੈ।

*-ਜਰਮਨੀ*

ਡਰ ਇਕ ਮਾੜਾ ਸਾਥੀ ਹੁੰਦਾ ਹੈ।

*-ਸਪੇਨ*

ਡਰ ਦੀ ਹਾਜ਼ਰੀ ਵਿਚ ਸਿਆਣਪ ਗ਼ੈਰਹਾਜ਼ਰ ਹੋ ਜਾਂਦੀ ਹੈ।

*-ਰੋਮਨ*

# ਢ...

* **ਢੁਕਵੀਂ ਗੱਲ**

  ਬੱਦਲਾਂ ਦੀ ਖ਼ਬਰ ਲੈਣੀ ਹੋਵੇ ਤਾਂ ਉਕਾਬ ਨਾਲ ਗੱਲ ਕਰਨੀ ਚਾਹੀਦੀ ਹੈ।

  *-ਅਫ਼ਰੀਕਾ*

* **ਢੀਠ**

  ਢੀਠ ਖੋਤੇ ਨੂੰ ਚਲਾਉਣ ਵਾਲਾ ਵੀ ਢੀਠ ਹੀ ਹੁੰਦਾ ਹੈ।

  *-ਫਰਾਂਸ*

* **ਢਿੱਡ**

  ਭਰਿਆ ਢਿੱਡ ਸੋਹਣੀ ਪੁਸ਼ਾਕ ਨਾਲੋਂ ਜ਼ਿਆਦਾ ਚੰਗਾ ਲੱਗਦਾ ਹੈ।

  *-ਡੈਨਿਸ਼*

  ਢਿੱਡ ਮਾੜਾ ਸਲਾਹਕਾਰ ਹੁੰਦਾ ਹੈ।

  *-ਜਰਮਨੀ*

  ਭਰਿਆ ਪੇਟ ਭੁੱਖ ਦੀ ਹੋਂਦ ਨੂੰ ਸੱਚ ਨਹੀਂ ਸਮਝਦਾ।

  *-ਇਟਲੀ*

  ਤੁਸੀਂ ਭੁੱਖੇ ਪੇਟ ਨਾਲ ਦਲੀਲਬਾਜ਼ੀ ਨਹੀਂ ਕਰ ਸਕਦੇ, ਕਿਉਂਕਿ ਇਸ ਦੇ ਕੰਨ ਨਹੀਂ ਹੁੰਦੇ।

  *-ਯੂਨਾਨ*



# ਤ...

* **ਤਾਕਤ**

  ਜਦ ਘੜਿਆਲ ਵੱਜਦਾ ਹੋਵੇ ਤਾਂ ਟੱਲੀਆਂ ਦੀ ਆਵਾਜ਼ ਕੋਈ ਨਹੀਂ ਸੁਣਦਾ।

  *-ਯੁਗੋਸਲਾਵੀਆ*

  ਬੰਦੇ ਦੀ ਅਸਲੀਅਤ ਦੇਖਣੀ ਹੋਵੇ ਤਾਂ ਉਸ ਨੂੰ ਤਾਕਤ ਦੀ ਕੁਰਸੀ 'ਤੇ ਬਿਠਾ ਕੇ ਦੇਖੋ।

  *-ਯੁਗੋਸਲਾਵੀਆ*

  ਘਟੀਆ ਬੰਦੇ ਕੋਲ ਤਾਕਤ ਦੇਵੋਗੇ ਤਾਂ ਉਹ ਸਾਰੇ ਇੱਜ਼ਤਦਾਰਾਂ ਨੂੰ ਨਠਾ ਕੇ ਸਾਹ ਲਵੇਗਾ।

  *-ਤੇਲਗੂ*

  ਤਾਕਤ ਨੂੰ ਨੀਤੀ ਨਾਲ ਹਰਾਇਆ ਜਾ ਸਕਦਾ ਹੈ।

  *-ਬਰਮਾ*

  ਹਾਥੀ ਪਤਲਾ ਵੀ ਕਿਉਂ ਨਾ ਹੋਵੇ, ਉਹ ਜੰਗਲ ਦਾ ਰਾਜਾ ਹੁੰਦਾ ਹੈ।

  *-ਭੁਆਲਾ*

  ਦੁਨੀਆ ਹਾਥੀ ਦੀ ਖੁਸ਼ਾਮਦ ਕਰਦੀ ਹੈ ਅਤੇ ਕੀੜੀ ਨੂੰ ਮਸਲਕੇ ਲੰਘ ਜਾਂਦੀ ਹੈ।

  *-ਭਾਰਤ*

  ਤਾਕਤ ਵੱਧ ਤੋਂ ਵੱਧ ਦਸ ਸਾਲ ਤਕ ਅਤੇ ਪ੍ਰਭਾਵ ਸੌ ਸਾਲ ਤਕ ਹੀ ਗਤੀਸ਼ੀਲ ਰਹਿੰਦੇ ਹਨ।

  *-ਕੋਰੀਆ*

  ਕੋਈ ਫੁੱਲ ਦਸ ਦਿਨ ਤੋਂ ਜ਼ਿਆਦਾ ਅਤੇ ਕੋਈ ਤਾਕਤ ਦਸ ਸਾਲ ਤੋਂ ਜ਼ਿਆਦਾ ਜਿਉਂਦੇ ਨਹੀਂ ਰਹਿ ਸਕਦੇ।

  *-ਕੋਰੀਆ*

  ਜਿਸ ਕੋਲ ਕੁੱਤਾ ਹੋਵੇ, ਉਸ ਨੂੰ ਆਪ ਭੌਂਕਣ ਦੀ ਲੋੜ ਨਹੀਂ ਹੁੰਦੀ।

  *-ਨਾਰਵੇ*

  ਸ਼ਕਤੀ ਦੀ ਭੁੱਖ ਬਾਕੀ ਸਾਰੀਆਂ ਇੱਛਾਵਾਂ ਤੋਂ ਵੱਧ ਤੀਬਰ ਹੁੰਦੀ ਹੈ।

  *-ਚੀਨ*

ਜਿਸ ਕੋਲ ਬਹੁਤੀ ਤਾਕਤ ਹੋਵੇ, ਉਸ ਨੂੰ ਇਸ ਦੀ ਵਰਤੋਂ ਬੜੀ ਹੌਲੀ ਕਰਨੀ ਚਾਹੀਦੀ ਹੈ।

*-ਰੋਮਨ*

ਜਿੰਨੀ ਘੱਟ ਸ਼ਕਤੀ ਕਿਸੇ ਦੇ ਹੱਥ ਵਿਚ ਹੁੰਦੀ ਹੈ, ਓਨੀ ਹੀ ਜ਼ਿਆਦਾ ਉਹ ਇਸ ਦੀ ਵਰਤੋਂ ਕਰਨੀ ਚਾਹੁੰਦਾ ਹੈ।

*-ਚੀਨ*

ਔਰਤ ਤਲਵਾਰ ਅਤੇ ਕਲਮ ਦੋਹਾਂ ਨਾਲੋਂ ਹੀ ਤਾਕਤਵਰ ਹੁੰਦੀ ਹੈ।

*-ਸਪੇਨ*

*** ਤਜਰਬਾ**

ਪੜ੍ਹੇ ਲਿਖੇ ਨਾਲੋਂ ਤਜਰਬੇ ਵਾਲੇ ਬੰਦੇ ਦੀ ਸਲਾਹ ਲੈਣੀ ਚੰਗੀ ਹੁੰਦੀ ਹੈ।

*-ਅਰਬ*

ਅਗਲੇ ਰਾਹਾਂ ਬਾਰੇ ਜਾਣਨ ਲਈ ਉਨ੍ਹਾਂ ਲੋਕਾਂ ਨੂੰ ਪੁੱਛੋ, ਜਿਹੜੇ ਉਧਰੋਂ ਵਾਪਸ ਆ ਰਹੇ ਹੋਣ।

*-ਚੀਨ*

ਤਜਰਬੇ ਦਾ ਸਕੂਲ ਬੜਾ ਔਖਾ ਹੁੰਦਾ ਹੈ ਪਰ ਮੂਰਖ਼ ਨੂੰ ਸਿਖਾਣ ਦਾ ਹੋਰ ਕੋਈ ਰਾਹ ਵੀ ਨਹੀਂ ਹੁੰਦਾ।

*-ਆਇਰਲੈਂਡ*

ਆਪਣੇ ਆਪ ਨੂੰ ਚੂੰਡੀ ਵੱਢ ਕੇ ਦੇਖ ਲਉ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਦੂਜੇ ਨੂੰ ਕਿੰਨੀ ਪੀੜ ਹੁੰਦੀ ਹੈ।

*-ਜਪਾਨ*

ਪੁਰਾਣੇ ਝਾੜੂ ਨੂੰ ਗੰਦੇ ਖੂੰਜਿਆਂ ਦਾ ਸਭ ਤੋਂ ਵੱਧ ਪਤਾ ਹੁੰਦਾ ਹੈ।

*-ਆਇਰਲੈਂਡ*

ਬੁੱਢੇ ਬਾਂਦਰ ਨੂੰ ਜੰਗਲ ਦੇ ਰਾਹ ਸਮਝਾਉਣ ਦੀ ਲੋੜ ਨਹੀਂ ਹੁੰਦੀ।

*-ਕੌਂਗੋ*

ਬੁੱਢੇ ਆਦਮੀ ਦਾ ਪੱਥਰ ਤਾਂ ਨਿਸ਼ਾਨਾ ਖੁੰਝ ਸਕਦਾ ਹੈ ਪਰ ਉਸ ਦਾ ਸ਼ਬਦ ਨਹੀਂ।

*-ਅਫ਼ਰੀਕਾ*

ਜਿਸ ਨੇ ਕਦੇ ਕੋਈ ਬੁੱਢੀ ਵੇਚੀ ਹੋਵੇ, ਉਸੇ ਨੂੰ ਬੁੱਢੇ ਦਾ ਭਾਅ ਪਤਾ ਹੁੰਦਾ ਹੈ।

*-ਅਫ਼ਰੀਕਾ*

ਬੁੱਢੇ ਲੂੰਬੜਾਂ ਨੂੰ ਉਸਤਾਦਾਂ ਦੀ ਲੋੜ ਨਹੀਂ ਹੁੰਦੀ।

*-ਵੀਅਤਨਾਮ*



*** ਤਰਕ ਵਿਤਰਕ**

ਬਿੱਲੀ ਨੂੰ ਮੀਟ ਖਾਣ ਨੂੰ ਨਾ ਮਿਲੇ ਤਾਂ ਉਹ ਕਹਿੰਦੀ ਹੈ ਕਿ ਅੱਜ ਮੰਗਲਵਾਰ ਹੈ।

*-ਅਰਮੀਨੀਆ*

ਮਾੜਾ ਸਵਾਰ ਹਮੇਸ਼ਾ ਖੱਚਰ 'ਤੇ ਦੋਸ਼ ਧਰਦਾ ਹੈ।

*-ਯੂਨਾਨ*

ਆਖ਼ਰੀ ਰਸਮਾਂ 'ਤੇ ਖਰਚਣ ਜੋਗੇ ਪੈਸੇ ਨਾ ਹੋਣ ਕਰਕੇ ਹੀ ਉਹ ਜਿਉਂਦਾ ਹੈ!

*-ਫ਼ਾਰਸੀ*

ਮੱਛੀ ਚੁੰਝ 'ਚੋਂ ਫਿਸਲ ਗਈ ਤਾਂ ਬਗਲਾ ਕਹਿਣ ਲੱਗਾ ਕਿ ਮੈਨੂੰ ਤਾਂ ਮੱਛੀ ਵੈਸੇ ਹੀ ਪਸੰਦ ਨਹੀਂ।

*-ਪੱਛਮੀ ਅਫ਼ਰੀਕਾ*

ਆਪਣੀ ਆਵਾਜ਼ ਹੌਲੀ ਕਰੋ ਤੇ ਤਰਕ ਨੂੰ ਤਕੜਾ ਕਰੋ।

*-ਲਿਬਨਾਨ*

*** ਤੁਲਨਾ**

ਕੀੜੀ ਲਈ ਮੀਂਹ ਦੀਆਂ ਕੁਝ ਬੂੰਦਾਂ ਵੀ ਹੜ੍ਹ ਸਮਾਨ ਹੁੰਦੀਆਂ ਹਨ।

*-ਜਪਾਨ*

ਜਦ ਊਠ ਇਕ ਦੀਨਾਰ ਦਾ ਵਿਕ ਰਿਹਾ ਹੋਵੇ ਤਾਂ ਗਧੇ ਦੀ ਕੋਈ ਕੀਮਤ ਨਹੀਂ ਹੁੰਦੀ।

*-ਫ਼ਾਰਸੀ*

ਵੱਡਾ ਮਸਲਾ ਛੋਟੀਆਂ ਗੱਲਾਂ ਨੂੰ ਭੁਲਾ ਦੇਂਦਾ ਹੈ।

*-ਬੇਨਿਨ*

ਚੂਹੇ ਦੀ ਨਜ਼ਰ 'ਚ ਬਿੱਲੀ ਸ਼ੇਰ ਹੁੰਦੀ ਹੈ।

*-ਅਲਬਾਨੀਆ*

ਮੱਛਰਾਂ ਦੀ ਤੱਕੜੀ 'ਤੇ ਮੱਛਰ ਦਾ ਭਾਰ 99 ਕਿੱਲੋ ਹੁੰਦਾ ਹੈ।

*-ਬਲਗਾਰੀਆ*

ਅੰਨ੍ਹੇ ਨਾਲੋ ਟੀਰਾ ਚੰਗਾ।

*-ਭਾਰਤ*

ਅਫ਼ਵਾਹ ਨਾਲੋਂ ਝੂਠ ਚੰਗਾ।

*-ਭਾਰਤ*

ਗੁਆਂਢੀ ਦੀ ਮੁਰਗੀ ਬਤਖ਼ ਨਜ਼ਰ ਆਉਂਦੀ ਹੈ ਅਤੇ ਉਸ ਦੀ ਪਤਨੀ ਜੁਆਨ ਕੁੜੀ ਲਗਦੀ ਹੈ।

*-ਕੁਰਦੀ*

ਸ਼ੇਰ ਸਾਡੇ ਤੋਂ ਤੇਜ਼ ਦੌੜ ਸਕਦਾ ਹੈ, ਪਰ ਅਸੀਂ ਉਸ ਤੋਂ ਜ਼ਿਆਦਾ ਦੂਰ ਤਕ ਦੌੜ ਸਕਦੇ ਹਾਂ।

*-ਮਾਸਾਈ ਖਾਨਾਬਦੋਸ਼*

ਬੈਰੀ-ਫ਼ਲ ਖਾਣ ਵਾਲੇ ਪੰਛੀ ਨੂੰ ਤਾਂ ਫੜ੍ਹਿਆ ਜਾ ਸਕਦਾ ਹੈ ਪਰ ਲੱਕੜ ਖਾਣ ਵਾਲੇ ਨੂੰ ਨਹੀਂ।

*-ਮਾਓਰੀ*

ਖ਼ਾਲੀ ਝੋਲਾ ਖੜ੍ਹਾ ਨਹੀਂ ਹੋ ਸਕਦਾ ਤੇ ਭਰਿਆ ਝੁਕ ਨਹੀਂ ਸਕਦਾ।

*-ਵਿਰਜਿਨ ਆਈਲੈਂਡ*

ਬੇਵਕੂਫ਼ ਦੇ ਚੁੰਮਣ ਨਾਲੋਂ ਸਮਝਦਾਰ ਦੀ ਚਪੇੜ ਚੰਗੀ ਹੁੰਦੀ ਹੈ।

*-ਯਹੂਦੀ*

ਮੀਂਹ ਤਾਂ ਹਰ ਇਕ 'ਤੇ ਪੈਂਦਾ ਹੈ, ਪਰ ਕੋਈ ਹੋਰਾਂ ਨਾਲੋਂ ਜ਼ਿਆਦਾ ਗਿੱਲਾ ਹੋ ਜਾਂਦਾ ਹੈ।

*-ਰਵਾਂਡਾ*

ਗਲਤ ਸਮਾਂ ਦੱਸਣ ਵਾਲੀ ਘੜੀ ਨਾਲੋਂ ਉਹ ਘੜੀ ਚੰਗੀ ਹੁੰਦੀ ਹੈ ਜਿਹੜੀ ਖੜ੍ਹੀ ਰਹਿੰਦੀ ਹੈ।

*-ਯੀਦੀਸ਼*

ਬੇਵਕੂਫ਼ ਦੇ ਚੁੰਮਣ ਨਾਲੋਂ ਸਮਝਦਾਰ ਦੀ ਚਪੇੜ ਚੰਗੀ ਹੁੰਦੀ ਹੈ।

*-ਯਹੂਦੀ*

ਬੌਣਿਆਂ ਵਿਚਕਾਰ ਘਿਰੇ ਰਹਿਣ ਨਾਲ ਤੁਸੀਂ ਮਹਾਂ ਮਾਨਵ ਨਹੀਂ ਬਣ ਜਾਂਦੇ।

*-ਯਹੂਦੀ*

ਮਾਮਾ ਨਾ ਹੋਣ ਨਾਲੋਂ ਕਾਣਾ ਮਾਮਾ ਚੰਗਾ ਹੁੰਦਾ ਹੈ।

*-ਬੰਗਾਲ*

ਗੁਆਂਢੀ ਦੀ ਗਾਂ ਦੇ ਥਣ ਭਾਰੀ ਹੀ ਲਗਦੇ ਹਨ।

*-ਕਰੋਆਤੀਆ*

ਪੁਰਾਣਾ ਰਿਣ ਪੁਰਾਣੀ ਖਾਰ ਨਾਲੋਂ ਬੇਹਤਰ ਹੁੰਦਾ ਹੈ।

*-ਜਮਾਇਕਾ*

ਦੋ ਫੌਹੜੀਆਂ ਨਾਲੋਂ ਇਕ ਪੈਰ ਚੰਗਾ ਹੁੰਦਾ ਹੈ।

*-ਰੋਮਾਨੀਆ*

ਨੰਗਾ ਅਕਸਰ ਫਟੇ ਕਪੜਿਆਂ ਵਾਲੇ ਨੂੰ ਦੇਖ ਕੇ ਹੱਸਦਾ ਹੈ।

*-ਸੁਡਾਨ*



ਜਾਂਦੀ ਵਾਰੀ ਰਸਤਾ ਬੜਾ ਊਬੜ ਖਾਬੜ ਲਗਦਾ ਹੈ ਅਤੇ ਆਉਂਦੀ ਵਾਰੀ ਬੜਾ ਪੱਧਰਾ।

*-ਥਾਈਲੈਂਡ*

ਚੂਹੇ ਲਈ ਬਿੱਲੀ ਹੀ ਸ਼ੇਰ ਹੁੰਦੀ ਹੈ।

*-ਜਰਮਨੀ*

ਪੱਧਰੇ ਰਾਜ ਵਿਚ ਟਿੱਬਾ ਵੀ ਆਪਣੇ ਆਪ ਨੂੰ ਪਹਾੜ ਹੀ ਸਮਝਦਾ ਹੈ।

*-ਕੁਰਦੀ*

ਜਿੰਨਾ ਉੱਚਾ ਪਹਾੜ ਓਨੀ ਹੀ ਡੂੰਘੀ ਖਾਈ!

*-ਕੋਰੀਆ*

ਜਿੰਨਾ ਉੱਚਾ ਪਹਾੜ ਓਨਾ ਹੀ ਹਰਾ ਘਾਹ।

*-ਜਮਾਇਕਾ*

* **ਤਸੱਲੀ**

ਜਦੋਂ ਚਸ਼ਮੇ 'ਚੋਂ ਪਾਣੀ ਪੀ ਲਉ ਤਾਂ (ਸਰੋਤ ਦਾ) ਧੰਨਵਾਦੀ ਹੋਣਾ ਚਾਹੀਦਾ ਹੈ।

ਜਿਹੜੇ ਲੋਕ ਸ਼ਾਂਤੀ ਦੀ ਤਾਂਘ ਰੱਖਦੇ ਹਨ, ਉਹ ਇਸ ਨੂੰ ਲੱਭਣਾ ਵੀ ਜਾਣਦੇ ਹਨ।

ਗੁਆਚੀਆਂ ਚੀਜ਼ਾਂ ਨਾਲੋਂ ਬਚ ਗਈਆਂ ਚੀਜ਼ਾਂ ਦੀ ਗਿਣਤੀ ਕਰਨੀ ਚਾਹੀਦੀ ਹੈ।

ਇੱਛਾਵਾਂ ਘੋੜੇ ਤੇ ਬਾਂਦਰ ਵਾਂਗ ਹੁੰਦੀਆਂ ਹਨ, ਜਿਨ੍ਹਾਂ ਨੂੰ ਕਾਬੂ ਕਰਨਾ ਬੜਾ ਔਖਾ ਹੁੰਦਾ ਹੈ।

ਹਰ ਗੱਲ ਨੂੰ ਸਵੀਕਾਰ ਕਰਨ ਨਾਲ ਤੁਹਾਡਾ ਦਿਲ ਵੱਡਾ ਹੁੰਦਾ ਹੈ।

*-ਚਿੱਲੀ*

* **ਤਰੀਕੇ**

ਕੁੱਤੇ ਨੂੰ ਫਾਂਸੀ ਚਾੜ੍ਹਨ ਨਾਲੋਂ ਮਾਰਨ ਦੇ ਹੋਰ ਵੀ ਕਈ ਤਰੀਕੇ ਹੁੰਦੇ ਹਨ।

* **ਤਾਕਤ ਦੀ ਭੁੱਖ**

ਕੀੜਾ ਮਰ ਕੇ ਵੀ ਕੰਧ ਨਾਲ ਚਿੰਬੜਿਆ ਰਹਿੰਦਾ ਹੈ।

* **ਤੰਗ ਨਜ਼ਰ**

ਮਿੱਟੀ ਦੇ ਢੇਲੇ ਉਪਰ ਬੈਠਾ ਡੱਡੂ ਕਹਿੰਦਾ ਹੈ ਕਿ ਉਸ ਨੇ ਕਸ਼ਮੀਰ ਦੇਖਿਆ ਹੋਇਆ ਹੈ।

*-ਅਫ਼ਗਾਨਿਸਤਾਨ*

ਖੂਹ 'ਚ ਬੈਠ ਕੇ ਤਾਰਿਆਂ ਦੇ ਸੁਪਨੇ।

*-ਚੀਨ*

ਬਹੁਤਾ ਪੁਣਛਾਣ ਕਰਨ ਵਾਲੇ ਦੇ ਕੂੜਾ ਪੱਲੇ ਪੈਂਦਾ ਹੈ।

*-ਬੈਲਜੀਅਮ*

* **ਤੋਹਫ਼ੇ**

ਛੋਟੇ ਤੋਹਫ਼ਿਆਂ ਨਾਲ ਦੋਸਤ ਬਣਦੇ ਹਨ ਤੇ ਵੱਡੇ ਤੋਹਫ਼ਿਆਂ ਨਾਲ ਵੈਰੀ।

ਸੁਗਾਤ ਨੂੰ ਮਿਣ ਕੇ ਨਹੀਂ ਦੇਖਣਾ ਚਾਹੀਦਾ।

*-ਕੀਨੀਆ*

ਲੰਬੇ ਸਫ਼ਰ ਤੋਂ ਮੁੜ ਰਹੇ ਹੋਵੋ ਤਾਂ ਆਪਣੇ ਪਰਿਵਾਰ ਲਈ ਜ਼ਰੂਰ ਕੁਝ ਨਾ ਕੁਝ ਲੈ ਕੇ ਆਵੋ, ਭਾਵੇਂ ਇਹ ਪੱਥਰ ਹੀ ਕਿਉਂ ਨਾ ਹੋਵੇ।

*-ਲਿਬਨਾਨ*

ਤੋਹਫ਼ੇ 'ਚ ਮਿਲੇ ਘੋੜੇ ਦੇ ਦੰਦ ਗਿਣ ਗਿਣ ਕੇ ਨਹੀਂ ਦੇਖਣੇ ਚਾਹੀਦੇ।

*-ਅਰਮਾਨੀਆ*

ਬਾਂਦਰ ਨੂੰ ਤੋਹਫ਼ੇ ਵਜੋਂ ਦੇ ਦਿੱਤਾ ਜਾਵੇ ਤਾਂ ਉਸ ਦੀ ਪੂਛ ਵੀ ਛੱਡ ਦੇਣੀ ਚਾਹੀਦੀ ਹੈ।

*-ਇਵੋਰੀਆ*

ਤੋਹਫ਼ਾ ਦੇਣ ਸਮੇਂ ਆਦਮੀ ਇਕ ਅੱਖ ਨਾਲ ਦੇਖਦਾ ਹੈ, ਪਰ ਲੈਣ ਸਮੇਂ ਸੱਤ ਅੱਖਾਂ ਨਾਲ।

*-ਜਰਮਨੀ*

ਛੋਟੇ ਮੋਟੇ ਫਾਇਦੇ ਪਿਆਰ ਵਿਚ ਵਾਧਾ ਕਰਦੇ ਹਨ, ਪਰ ਵੱਡੇ ਤੋਹਫ਼ੇ ਦੁਸ਼ਮਣ ਪੈਦਾ ਕਰਦੇ ਹਨ।

*-ਰੋਮਨ*

* **ਤਬਦੀਲੀ**

ਤਬਦੀਲੀ ਵੀ ਆਰਾਮ ਜਿੰਨੀ ਹੀ ਚੰਗੀ ਹੁੰਦੀ ਹੈ।

*-ਅਰਬ*

ਅਪ੍ਰੈਲ ਦੇ ਮਹੀਨੇ ਦਾ ਮੌਸਮ, ਔਰਤ ਦਾ ਪਿਆਰ, ਗੁਲਾਬ ਦੀਆਂ ਪੱਤੀਆਂ ਦਾ ਰੰਗ ਅਤੇ ਜੂਏ ਦੀਆਂ ਗੋਟੀਆਂ 'ਤੇ ਲੱਗੀ ਕਿਸਮਤ—ਇਹ ਸਾਰੇ ਹੀ ਪਲ ਪਲ ਬਦਲਦੇ ਰਹਿੰਦੇ ਹਨ।

*-ਜਰਮਨੀ*

ਕਿਸੇ ਵੀ ਉਮਰ ਵਿਚ ਬਦਲਿਆ ਜਾ ਸਕਦਾ ਹੈ।

*-ਜਰਮਨੀ*



# ਥ...

* **ਥੋਥਾਪਣ**

ਜਿਹੜਾ ਮੁਰਗਾ ਦੇਰ ਤਕ ਬਾਂਗ ਦੇਂਦਾ ਹੈ, ਉਹ ਆਪਣਾ ਹੀ ਗਲਾ ਥਕਾਉਂਦਾ ਹੈ।

*-ਯੂਨਾਨ*

* **ਥੁੜ**

ਤਿਲ ਦੇ ਇਕ ਦਾਣੇ ਨਾਲ ਤੇਲ ਨਹੀਂ ਕੱਢਿਆ ਜਾ ਸਕਦਾ।

*-ਬਰਮਾ*

ਬੰਦੇ ਕੋਲ ਜਦ ਆਪਣਾ ਢੋਲ ਨਾ ਹੋਵੇ ਤਾਂ ਉਸ ਨੂੰ ਆਪਣੀ ਛਾਤੀ ਹੀ ਕੁੱਟਣੀ ਪੈਂਦੀ ਹੈ।

*-ਅਫ਼ਰੀਕਾ*

# ਦ...

* **ਦਿਖਾਵਾ**

ਮੀਂਹ ਵਾਲੇ ਦਿਨ ਸਾਰੇ ਹੀ ਮੁਰਗੀਆਂ ਨੂੰ ਪਾਣੀ ਪਾਣ ਨੂੰ ਤਿਆਰ ਹੁੰਦੇ ਹਨ।

ਗੰਜੇ ਨੂੰ ਕੰਘੀ ਦੀ ਕੀ ਲੋੜ।

*-ਭਾਰਤ*

ਜੇ ਸੂਈ ਨਾ ਹੋਵੇ ਤਾਂ ਧਾਗਾ ਕਿਸੇ ਕੰਮ ਨਹੀਂ ਆਉਂਦਾ।

*-ਜਪਾਨ*

ਸੁੱਕੇ ਟੋਭੇ ਨੂੰ ਮੱਛੀਆਂ ਦੀ ਕੋਈ ਲੋੜ ਨਹੀਂ ਹੁੰਦੀ।

*-ਫਾਰਸੀ*

ਅਮੀਰ ਨੂੰ ਦਿੱਤਾ ਤੋਹਫ਼ਾ ਸਮੁੰਦਰ 'ਚ ਪਾਣੀ ਡੋਲਣ ਵਾਲੀ ਗੱਲ ਹੁੰਦਾ ਹੈ।

*-ਰੂਸ*

ਲੁਹਾਰ ਨੂੰ ਕੁਹਾੜੀ ਦੀ ਲੋੜ ਨਹੀਂ ਹੁੰਦੀ।

*-ਅਫ਼ਰੀਕਾ*

ਪੂਛ ਸੱਪ ਵਰਗੀ ਹੋਵੇ ਤਾਂ ਸ਼ੇਰ ਦਾ ਸਿਰ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਬਾਹਰੋਂ ਸਾਨ ਤੇ ਅੰਦਰੋਂ ਚੂਹਾ।

ਕਾਗ਼ਜ਼ ਦਾ ਸ਼ੇਰ ਨੇੜੇ ਤੋਂ ਕੀਤੀ ਪਰਖ 'ਤੇ ਪੂਰਾ ਨਹੀਂ ਉਤਰ ਸਕਦਾ।

ਜਦ ਖਾਰਸ਼ ਬੂਟਾਂ ਦੇ ਅੰਦਰ ਹੋ ਰਹੀ ਹੋਵੇ ਤਾਂ ਬਾਹਰ ਖੁਰਕਣ ਨਾਲ ਕੋਈ ਫਾਇਦਾ ਨਹੀਂ ਹੁੰਦਾ।

ਮਿੱਟੀ ਦਾ ਬੁੱਧ ਨਦੀ ਲੰਘਦੇ ਸਮੇਂ ਆਪਣੇ ਆਪ ਨੂੰ ਵੀ ਨਹੀਂ ਬਚਾ ਸਕਦਾ।

ਜੇ ਪਾਣੀ ਸ਼ਾਂਤ ਹੋਵੇ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਨਦੀ 'ਚ ਮਗਰਮੱਛ ਨਹੀਂ ਹਨ।

*-ਮਲਾਇਆ*



ਉਭਰੀ ਮੇਖ 'ਤੇ ਹੀ ਹਥੌੜੀ ਵੱਜਦੀ ਹੈ।

*-ਜਪਾਨ*

ਟੁੱਟੇ ਭਾਂਡੇ ਉੱਤੇ ਸਾਬਤ ਢੱਕਣ।

*-ਜਪਾਨ*

ਜੇ ਬਘਿਆੜ ਬਣਨ ਦਾ ਸ਼ੌਕ ਨਾ ਹੋਵੇ ਤਾਂ ਬਘਿਆੜ ਦੀ ਖੱਲ ਨਹੀਂ ਪਹਿਨਣੀ ਚਾਹੀਦੀ।

*-ਬਾਸਕੁਈ*

ਆਪਣੇ ਪਾਣ ਨੂੰ ਕਪੜੇ ਨਹੀਂ, ਭੱਜਿਆ ਫਿਰੇ ਕੁੱਤਿਆਂ ਦੀ ਜੈਕਟਾਂ ਬਣਾਨ ਨੂੰ...।

*-ਸ੍ਰੀਲੰਕਾ*

ਚੀਂ ਚੀਂ ਕਰਨ ਵਾਲਾ ਦਰਵਾਜ਼ਾ ਆਪਣੀਆਂ ਚੂਲਾਂ 'ਤੇ ਦੇਰ ਤਕ ਝੂਲਦਾ ਰਹਿੰਦਾ ਹੈ।

*-ਰੁਮਾਨੀਆ*

ਜੇ ਬੰਦੇ 'ਤੇ ਬੱਕਰਾ ਚੋਰੀ ਕਰਨ ਦਾ ਇਲਜ਼ਾਮ ਲੱਗਾ ਹੋਵੇ ਤਾਂ ਉਸ ਨੂੰ ਮਹਿਮਾਨਾਂ ਮੂਹਰੇ ਮੀਟ ਨਹੀਂ ਪਰੋਸਣਾ ਚਾਹੀਦਾ।

*-ਅਫ਼ਰੀਕਾ*

ਬੁਰਾ ਲੱਗਣ ਵਾਲਾ ਆਦਮੀ ਆਪਣੇ ਤੋਂ ਵੱਡਾ ਹੋਵੇ ਤਾਂ ਉਸ ਨੂੰ ਦੇਖ ਕੇ ਮੁਸਕਰਾਣਾ ਚਾਹੀਦਾ ਹੈ।

*-ਅਫ਼ਰੀਕਾ*

ਜਿਹੜਾ ਪੰਛੀ ਆਪਣੇ ਖੰਭਾਂ ਨੂੰ ਲੋੜ ਤੋਂ ਜ਼ਿਆਦਾ ਫੜਫੜਾਂਦਾ ਹੈ, ਉਹ ਇਨ੍ਹਾਂ ਨੂੰ ਗੁਆ ਲੈਂਦਾ ਹੈ।

*-ਅਫ਼ਰੀਕਾ*

ਬਾਂਦਰ ਪੈਂਟ-ਕੋਟ ਪਾ ਕੇ ਵੀ ਬਾਂਦਰ ਹੀ ਰਹਿੰਦਾ ਹੈ।

*-ਫਿਲੀਪੀਨ*

ਭੌਂਕਣ ਨਾਲ ਵੱਢਣ ਤੋਂ ਬਚਿਆ ਜਾ ਸਕਦਾ ਹੈ।

*-ਜਮਾਇਕਾ*

ਜਿਹੜੇ ਸ਼ੇਰ ਨੇ ਗਲ 'ਚ ਘੰਟੀ ਪਾਈ ਹੋਵੇ, ਉਹ ਭੁੱਖਾ ਮਰਦਾ ਹੈ।

*-ਮੰਗੋਲੀਆ*

ਕੁਲੀਨ ਆਦਮੀ ਜ਼ਿਆਦਾ ਦੇਣਾ ਨਹੀਂ ਚਾਹੁੰਦਾ ਅਤੇ ਥੋੜ੍ਹਾ ਦੇਣ ਨਾਲ ਉਸ ਨੂੰ ਸ਼ਰਮ ਆਉਂਦੀ ਹੈ।

*-ਚੈਕਸਲੋਵਾਕੀਆ*

ਵੱਡੀ ਕੁਰਸੀ 'ਤੇ ਬਹਿਣ ਨਾਲ ਕੋਈ ਰਾਜਾ ਨਹੀਂ ਬਣ ਸਕਦਾ।

*-ਸੁਡਾਨ*

ਕਾਲੇ ਦਿਲ ਚਿੱਟੀਆਂ ਕਮੀਜ਼ਾਂ ਪਹਿਨਦੇ ਹਨ।

-ਯੂਕਰੇਨ

ਉੱਚਤਮ ਨੇਕੀ ਕਦੇ ਵੀ ਨੇਕੀ ਦਾ ਦਿਖਾਵਾ ਨਹੀਂ ਕਰਦੀ, ਇਸੇ ਲਈ ਇਹ ਸੱਚੀ ਨੇਕੀ ਹੈ।

-ਤਾਓ

ਸਾਰੇ ਬੰਦ ਅੱਖਾਂ ਵਾਲੇ ਸੁੱਤੇ ਪਏ ਹੋਣ, ਇਹ ਜ਼ਰੂਰੀ ਨਹੀਂ ਹੁੰਦਾ।

-ਫਰਾਂਸ

ਦਿਖਾਵੇ ਦਾ ਸਭ ਤੋਂ ਵੱਡਾ ਦੁਸ਼ਮਣ ਦਿਖਾਵਾ ਹੀ ਹੁੰਦਾ ਹੈ।

-ਫਰਾਂਸ

ਜਿਹੜੇ ਲੋਕ ਮੂਰਖਾਂ ਮੂਹਰੇ ਸਿਆਣਾ ਬਣ ਕੇ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਸਿਆਣਿਆਂ ਦੀ ਨਜ਼ਰ ਵਿਚ ਮੂਰਖ਼ ਹੁੰਦੇ ਹਨ।

-ਰੋਮਨ

*** ਦੂਰ ਅੰਦੇਸ਼ੀ**

ਰੇਤ 'ਤੇ ਪੱਕੇ ਘਰ ਨਹੀਂ ਬਣਾਉਣੇ ਚਾਹੀਦੇ।

ਪਿਆਸ ਲੱਗਣ ਤੋਂ ਖਾਸਾ ਚਿਰ ਪਹਿਲਾਂ ਖੂਹ ਪੁੱਟ ਲੈਣੇ ਚਾਹੀਦੇ ਹਨ।

ਪੁਲ ਤੋੜਨ ਤੋਂ ਪਹਿਲਾਂ ਇਹ ਪੱਕਾ ਕਰ ਲਵੋ ਕਿ ਤੁਸੀਂ ਨਦੀ ਤੈਰ ਕੇ ਪਾਰ ਲੰਘ ਸਕਦੇ ਹੋ।

-ਸਵਾਹਿਲੀ

ਪੁਰਾਣੀ ਬਾਲਟੀ ਸੁੱਟਣ ਤੋਂ ਪਹਿਲਾਂ ਇਹ ਪੱਕਾ ਕਰ ਲਵੋ ਕਿ ਨਵੀਂ ਵਿਚੋਂ ਪਾਣੀ ਚੋਂਦਾ ਤਾਂ ਨਹੀਂ ਹੈ।

-ਸਵੀਡਨ

ਜਦ ਬਾਂਦਰ ਦੇਖ ਰਹੇ ਹੋਣ ਤਾਂ ਮੂੰਗਫਲੀ ਨਹੀਂ ਬੀਜਣੀ ਚਾਹੀਦੀ।

-ਅਫ਼ਰੀਕਾ

ਜੇ ਤੁਸੀਂ ਬਾਂਦਰ ਦੀ ਦੰਦ-ਪੀੜ ਦਾ ਇਲਾਜ ਕਰਵਾਂਦੇ ਹੋ ਤਾਂ ਤੁਹਾਡੀ ਆਪਣੀ ਹੀ ਛੱਲੀਆਂ ਦੀ ਫ਼ਸਲ ਦਾ ਨੁਕਸਾਨ ਹੋਵੇਗਾ।

-ਅਫ਼ਰੀਕਾ

ਸੱਪ ਦੀ ਲੰਬਾਈ ਉਦੋਂ ਤਕ ਨਹੀਂ ਨਾਪੀ ਜਾ ਸਕਦੀ, ਜਦੋਂ ਤਕ ਉਹ ਮਰ ਨਾ ਗਿਆ ਹੋਵੇ।

-ਅਫ਼ਰੀਕਾ



ਜਿਥੇ ਦੂਰ-ਦ੍ਰਿਸ਼ਟੀ ਨਹੀਂ, ਉਥੇ ਲੋਕਾਂ ਦੀ ਬਰਬਾਦੀ ਨਿਸ਼ਚਿਤ ਹੈ।

-ਬਿਬਲੀਕਲ

ਜੰਗਲ ਵੱਲ ਜਾ ਰਹੇ ਹੋਵੋਂ ਤਾਂ ਆਪਣੀ ਕੁਹਾੜੀ ਘਰ ਨਾ ਛੱਡ ਕੇ ਜਾਵੋ।

-ਥਾਈਲੈਂਡ

ਜਦੋਂ ਤਕ ਦਰਿਆ ਪਾਰ ਨਾ ਲੰਘ ਜਾਉ ਉਦੋਂ ਤਕ ਮਗਰਮੱਛ ਨੂੰ 'ਵੱਡੇ ਮੂੰਹ ਵਾਲਾ' ਕਦੇ ਨਾ ਕਹੋ।

-ਹੋਨਡੂਰਸ

ਬਰਸਾਤ ਤੋਂ ਪਹਿਲਾਂ ਆਪਣੀ ਛੱਤ ਦੀ ਮੁਰੰਮਤ ਕਰ ਲੈਣੀ ਚਾਹੀਦੀ ਹੈ ਅਤੇ ਪਿਆਸ ਨਾਲ ਮਰਨ ਤੋਂ ਪਹਿਲਾਂ ਆਪਣਾ ਖੂਹ ਪੁੱਟ ਲੈਣਾ ਚਾਹੀਦਾ ਹੈ।

-ਚੀਨ

ਗਿਰਗਿਟ ਉਦੋਂ ਤਕ ਇਕ ਬੂਟਾ ਨਹੀਂ ਛਡਦੀ, ਜਦੋਂ ਤਕ ਅਗਲੇ ਬੂਟੇ ਬਾਰੇ ਪੱਕਾ ਨਾ ਕਰ ਲਵੇ।

-ਅਰਬ

ਆ ਰਹੀਆਂ ਘਟਨਾਵਾਂ ਦੇ ਪਰਛਾਵੇਂ ਪਹਿਲਾਂ ਪੈਣੇ ਸ਼ੁਰੂ ਹੋ ਜਾਂਦੇ ਹਨ।

-ਅੰਗਰੇਜ਼ੀ

ਜਿਹੜੀ ਟਾਹਣੀ ਉਪਰ ਤੁਸੀਂ ਬੈਠੇ ਹੋਵੋ, ਉਸ ਨੂੰ ਕੱਟਣਾ ਨਹੀਂ ਚਾਹੀਦਾ।

-ਰੁਮਾਨੀਆ

*** ਦਿਲ**

ਦਿਆਲੂ ਬੰਦੇ ਦੀ ਜ਼ੁਬਾਨ ਉਸ ਦੇ ਦਿਲ ਵਿਚ ਹੁੰਦੀ ਹੈ।

-ਅਰਜਨਟਾਈਨਾ

ਚੰਗਾ ਦਿਲ ਚੰਗਾ ਫ਼ਲ।

-ਬੋਲੀਵੀਆ

ਤੰਦਰੁਸਤ ਸਰੀਰ ਤੇ ਖੁਸ਼ ਦਿਲ ਸਭ ਤੋਂ ਵੱਡਾ ਧਨ ਹੁੰਦੇ ਹਨ।

-ਬਰਾਜ਼ੀਲ

ਕਈ ਵਾਰ ਫਟੇ ਕਪੜਿਆਂ ਹੇਠ ਸੋਨੇ ਦਾ ਦਿਲ ਲੁਕਿਆ ਹੁੰਦਾ ਹੈ।

-ਜਪਾਨ

ਦਿਲ ਬੱਚੇ ਵਾਂਗ ਹੁੰਦਾ ਹੈ, ਜੋ ਚੀਜ਼ ਦੇਖਦਾ ਹੈ ਉਸੇ ਲਈ ਤਾਂਘਣ ਲਗਦਾ ਹੈ।

-ਤੁਰਕਿਸਤਾਨ

ਕੌੜਾ ਦਿਲ ਆਪਣੇ ਮਾਲਕ ਨੂੰ ਖਾ ਜਾਂਦਾ ਹੈ।

-ਅਫ਼ਰੀਕਾ

ਦਿਲ ਲਾਕਟ ਵਰਗਾ ਹੁੰਦਾ ਹੈ ਜੋ ਛੇਤੀ ਕਿਤੇ ਨਹੀਂ ਖੁੱਲ੍ਹਦਾ।

*-ਭੁਆਲਾ*

ਜੇ ਤੁਸੀਂ ਇਕ ਸ਼ਹਿਰ ਨਹੀਂ ਵਸਾ ਸਕਦੇ ਤਾਂ ਇਕ ਦਿਲ ਜ਼ਰੂਰ ਵਸਾ ਸਕਦੇ ਹੋ।

*-ਕੁਰਦੀ*

ਮਨੁੱਖ ਦਾ ਦਿਲ ਜੰਗਲ ਵਾਂਗ ਹੁੰਦਾ ਹੈ।

*-ਮਾਲਟਾ*

ਟੁੱਟਿਆ ਹੱਥ ਤਾਂ ਕੰਮ ਕਰ ਸਕਦਾ ਹੈ ਪਰ ਟੁੱਟਿਆ ਦਿਲ ਨਹੀਂ।

*-ਫਾਰਸੀ*

ਬੰਦੇ ਦਾ ਦਿਲ ਅੱਧਾ ਪੈਗੰਬਰ ਹੁੰਦਾ ਹੈ।

*-ਯਹੂਦੀ*

ਪਿਆਰ ਕਰਨ ਵਾਲਾ ਦਿਲ ਸਦਾ ਜੁਆਨ ਰਹਿੰਦਾ ਹੈ।

*-ਯੂਨਾਨ*

ਦਿਲ 'ਚ ਉਕਰੀ ਲਿਖਤ ਨੂੰ ਚਿਹਰੇ ਤੋਂ ਪੜ੍ਹਿਆ ਜਾ ਸਕਦਾ ਹੈ।

*-ਸਵਾਹਿਲੀ*

ਦਿਲ ਵਿਚ ਬਲਦੀ ਅੱਗ ਦਾ ਧੂੰਆਂ ਦਿਮਾਗ ਨੂੰ ਚੜ੍ਹ ਜਾਂਦਾ ਹੈ।

*-ਜਰਮਨੀ*

ਸੂਝਵਾਨ ਦਾ ਦਿਲ ਸ਼ਾਂਤ ਪਾਣੀ ਹੁੰਦਾ ਹੈ।

*-ਪੱਛਮੀ ਅਫ਼ਰੀਕਾ*

ਪਿਆਰ ਕਰਨ ਵਾਲਾ ਦਿਲ ਹਮੇਸ਼ਾ ਜੁਆਨ ਰਹਿੰਦਾ ਹੈ।

*-ਯਹੂਦੀ*

ਜੁਆਨ ਦਿਲ ਲਈ ਹਰ ਚੀਜ਼ ਹੀ ਦਿਲ ਪਰਚਾਵੇ ਵਾਲੀ ਖੇਡ ਹੁੰਦੀ ਹੈ।

*-ਇਟਲੀ*

ਦਿਲ ਅਤੇ ਅੱਖਾਂ ਸਦਾ ਜੁਆਨ ਰਹਿੰਦੇ ਹਨ।

*-ਸਪੇਨ*

* **ਦਵਾਈ**

ਚੰਗੀ ਦਵਾਈ ਮੂੰਹ 'ਚ ਕੌੜੀ ਲਗਦੀ ਹੈ।

*-ਜਪਾਨ*

* **ਦੋਚਿੱਤੀ**

ਦੁਬਿਧਾ ਪਰੇਸ਼ਾਨੀ ਪੈਦਾ ਕਰਦੀ ਹੈ।

*-ਉਰੂਗੁਆਏ*



ਦੋਚਿੱਤੀ ਮਤਰੇਏ ਬੱਚੇ ਵਰਗੀ ਹੁੰਦੀ ਹੈ। ਜੇ ਉਹ ਹੱਥ ਨਹੀਂ ਧੋਂਦਾ ਤਾਂ ਗੰਦਾ ਅਖਵਾਉਂਦਾ ਹੈ ਤੇ ਜੇ ਉਹ ਧੋਂਦਾ ਹੈ ਤਾਂ ਪਾਣੀ ਖਰਾਬ ਕਰਦਾ ਲਗਦਾ ਹੈ।

*-ਅਫ਼ਰੀਕਾ*

ਇਕੋ ਕੁੱਤਾ ਦੋ ਘਰਾਂ ਦੀ ਰਖਵਾਲੀ ਨਹੀਂ ਕਰ ਸਕਦਾ।

*-ਅਫ਼ਰੀਕਾ*

ਕਈ ਧੰਦੇ ਕਰਨ ਵਾਲਾ ਆਦਮੀ ਬੇਰੁਜ਼ਗਾਰ ਹੀ ਹੁੰਦਾ ਹੈ।

*-ਟੂਨੀਸ਼ੀਆ*

ਜਿਹੜਾ ਹਰ ਪੱਥਰ ਕੋਲ ਰੁਕਦਾ ਹੈ ਉਹ ਆਪਣੀ ਯਾਤਰਾ ਕਦੇ ਪੂਰੀ ਨਹੀਂ ਕਰ ਸਕਦਾ।

*-ਫਰਾਂਸ*

ਜਿਹੜਾ ਦੋ ਮਾਲਕਾਂ ਕੋਲ ਕੰਮ ਕਰਦਾ ਹੈ, ਉਸ ਨੂੰ ਦੋਹਾਂ ਵਿਚੋਂ ਇਕ ਕੋਲ ਝੂਠ ਬੋਲਣਾ ਪੈਂਦਾ ਹੈ।

*-ਸਪੇਨ*

ਇਕ ਘੜੀ ਵਾਲੇ ਨੂੰ ਠੀਕ ਵਕਤ ਦਾ ਪਤਾ ਹੁੰਦਾ ਹੈ ਪਰ ਦੋ ਘੜੀਆਂ ਵਾਲੇ ਨੂੰ ਨਹੀਂ।

*-ਫਰਾਂਸ*

* **ਦੋਸਤ**

ਸਾਡੇ ਜ਼ਰੀਦਾਰ ਕਪੜਿਆਂ 'ਤੇ ਫੁੱਲ ਟੁੰਗਣ ਵਾਲੇ ਨਾਲੋਂ ਉਹ ਦੋਸਤ ਚੰਗਾ ਹੁੰਦਾ ਹੈ, ਜਿਹੜਾ ਪਾਲੇ 'ਚ ਸਾਡੇ ਲਈ ਕੋਲੇ ਲੈ ਕੇ ਆਵੇ।

ਸਿਆਣਪ ਇਸੇ ਗੱਲ 'ਚ ਹੈ ਕਿ ਮਿੱਤਰ ਸਵਰਗ ਤੇ ਨਰਕ ਦੋਵੇਂ ਪਾਸੇ ਹੋਣ।

ਮਿੱਤਰ ਤੋਂ ਬਗ਼ੈਰ ਜ਼ਿੰਦਗੀ ਉਸੇ ਤਰ੍ਹਾਂ ਹੁੰਦੀ ਹੈ, ਜਿਸ ਤਰ੍ਹਾਂ ਕੋਈ ਉਜਾੜ 'ਚ ਇਕੱਲਾ ਮਰ ਜਾਂਦਾ ਹੈ।

ਰੱਬਾ ਮਿੱਤਰਾਂ ਤੋਂ ਮੇਰੀ ਰਾਖੀ ਤੂੰ ਕਰੀਂ, ਵੈਰੀਆਂ ਨਾਲ ਮੈਂ ਆਪ ਨਜਿੱਠ ਲਵਾਂਗਾ।

ਮਿੱਤਰ ਬਣਦੇ ਤਾਂ ਸ਼ਰਾਬ ਦੇ ਗਿਲਾਸਾਂ ਨਾਲ ਨੇ, ਪਰ ਉਨ੍ਹਾਂ ਦੀ ਪਰਖ ਹੰਝੂਆਂ ਸਮੇਂ ਹੁੰਦੀ ਹੈ।

ਅਚਾਨਕ ਬਣੀ ਦੋਸਤੀ ਬਾਅਦ ਵਿਚ ਪਛਤਾਵੇ ਦਾ ਕਾਰਨ ਬਣਦੀ ਹੈ।

*-ਅੰਗਰੇਜ਼ੀ*

# ਧ...

*** ਧਰਮ**

ਮਰੇ ਬੁੱਧ ਦੀ ਸਾਰੇ ਪੂਜਾ ਕਰਦੇ ਹਨ, ਪਰ ਜਿਊਂਦੇ ਨੂੰ ਕੋਈ ਨਹੀਂ ਪੁੱਛਦਾ।

*-ਚੀਨ*

ਜੇ ਤ੍ਰਿਕੋਣਾਂ ਰੱਬ ਘੜਨ ਤਾਂ ਉਹ ਉਸ ਦੇ ਤਿੰਨ ਪਾਸੇ ਬਣਾਨਗੀਆਂ।
ਜੇ ਤ੍ਰਿਕੋਣਾਂ ਦਾ ਕੋਈ ਰੱਬ ਹੁੰਦਾ ਤਾਂ ਉਹ ਤਿੰਨ ਕੋਣਾਂ ਵਾਲਾ ਹੀ ਹੋਣਾ ਸੀ।

*-ਫਰਾਂਸ*

ਸ੍ਰਿਸ਼ਟੀ ਰੱਬ ਦੀ ਇਕ ਸੋਚ ਹੈ।

*-ਜਰਮਨੀ*

ਯੁੱਧ ਦੀ ਖੋਜ ਸ਼ੈਤਾਨ ਨੇ ਕੀਤੀ ਸੀ, ਪਰ ਇਸ ਦੀ ਵਰਤੋਂ ਮੂਰਖ ਕਰਦੇ ਹਨ।

*-ਯੂਨਾਨ*

ਸ਼ੈਤਾਨ ਨੂੰ ਇਕ ਬੁਰੀ ਔਰਤ ਮਿਲੀ ਤਾਂ ਉਹ ਵੀ ਡਰ ਗਿਆ।

*-ਯੂਨਾਨ*

ਜਾਲ ਬੁਣਨਾ ਸ਼ੁਰੂ ਕਰੋ, ਰੱਬ ਤੁਹਾਡੇ ਧਾਗੇ ਦਾ ਪ੍ਰਬੰਧ ਆਪੇ ਕਰੇਗਾ।

*-ਇਟਲੀ*

ਇਕ ਨੇਕ ਕੰਮ ਤਿੰਨ ਦਿਨਾਂ ਦੇ ਵਰਤ ਰੱਖਣ ਨਾਲੋਂ ਚੰਗਾ ਹੁੰਦਾ ਹੈ।

*-ਜਪਾਨ*

ਰੱਬ ਮੂਹਰੇ ਇਨਸਾਫ਼ ਲੈ ਕੇ ਜਾਉ ਤੇ ਜੱਜ ਮੂਹਰੇ ਪੈਸਾ।

*-ਰੂਸ*

ਸ਼ੈਤਾਨ ਮੂਹਰੇ ਵੀ ਇਕ ਧੂਫ਼ ਜਲਾ ਦੇਵੋ, ਕੋਈ ਪਤਾ ਨਹੀਂ ਹੁੰਦਾ ਤੁਸੀਂ ਕਿਸੇ ਨੂੰ ਖੁਸ਼ ਕਰ ਦੇਵੋ।

*-ਰੂਸ*

ਰੱਬ ਦੀ ਪੂਜਾ ਤਾਂ ਚੋਰ ਵੀ ਕਰਦਾ ਹੈ ਪਰ ਉਸ ਦੀਆਂ ਦੁਆਵਾਂ ਨੂੰ ਸ਼ੈਤਾਨ ਫੜ ਲੈਂਦਾ ਹੈ।

*-ਰੂਸ*

ਪੂਜਾ ਰੱਬ ਦੀ ਕਰੋ ਪਰ ਵੈਰ ਸ਼ੈਤਾਨ ਨਾਲ ਵੀ ਨਾ ਕਮਾਵੋ!



ਰੱਬ ਮੂਹਰੇ ਅਰਦਾਸ ਵੀ ਕਰੋ, ਪਰ ਆਪਣੇ ਚੱਪੂ ਵੀ ਕਿਨਾਰੇ ਵਾਲੇ ਪਾਸੇ ਚਲਾਂਦੇ ਰਹੋ।

*-ਰੂਸ*

ਅਹਿੰਸਾ ਸਭ ਤੋਂ ਵੱਡਾ ਧਰਮ ਹੈ।

*-ਸੰਸਕ੍ਰਿਤ*

ਚਰਚ ਦੇ ਨੇੜੇ ਰਹਿਣ ਵਾਲਾ ਅਕਸਰ ਪ੍ਰਾਰਥਨਾ ਸਮੇਂ ਦੇਰ ਨਾਲ ਪਹੁੰਚਦਾ ਹੈ।

*-ਯੁਗੋਸਲਾਵੀਆ*

ਰੱਬ ਇਕ ਦਰਵਾਜ਼ਾ ਬੰਦ ਕਰਕੇ ਸੌ ਨਵੇਂ ਦਰਵਾਜ਼ੇ ਖੋਲ੍ਹਦਾ ਹੈ।

*-ਯੁਗੋਸਲਾਵੀਆ*

ਸਭ ਤੋਂ ਵਧੀਆ ਰਾਹ ਸਵਰਗ ਵੱਲ ਜਾਂਦਾ ਰਾਹ ਹੁੰਦਾ ਹੈ।

*-ਫਿਨਲੈਂਡ*

ਸਵਰਗ ਤੇ ਨਰਕ ਬੰਦੇ ਦੇ ਮਨ ਵਿਚ ਹੀ ਹੁੰਦੇ ਹਨ।

ਧਾਰਮਿਕ ਪੋਥੀ ਦੀ ਵਿਆਖਿਆ 49 ਵੱਖੋ ਵੱਖਰੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ।

*-ਹੀਬਰੂ*

ਧਰਮਸ਼ਾਸਤਰੀ, ਕੁੱਤੇ ਅਤੇ ਗਾਇਕ ਕਦੇ ਸਹਿਮਤ ਨਹੀਂ ਹੁੰਦੇ।

*-ਭਾਰਤ*

ਧਰਮ ਦੇ ਦੋ ਪੁੱਤਰ ਹੁੰਦੇ ਹਨ—ਇਕ ਪਿਆਰ ਅਤੇ ਦੂਜਾ ਨਫ਼ਰਤ।

*-ਰੂਸ*

*** ਧੰਨਵਾਦ**

ਦੋ ਫੌੜ੍ਹੀਆਂ ਨਾਲੋਂ ਇਕ ਪੈਰ ਚੰਗਾ ਹੁੰਦਾ ਹੈ।

ਜਿਹੜਾ ਥੋੜ੍ਹੇ ਲਈ ਧੰਨਵਾਦੀ ਨਹੀਂ ਹੁੰਦਾ ਉਹ ਬਹੁਤ ਲਈ ਵੀ ਨਹੀਂ ਹੋਵੇਗਾ।

*-ਐਸਟੋਨੀਆ*

ਜੇ ਕੋਈ ਤੁਹਾਡੇ ਲਈ ਪਸੀਨਾ ਵਹਾਉਂਦਾ ਹੈ ਤਾਂ ਤੁਸੀਂ ਉਸ ਦੀ ਕਮੀਜ਼ ਬਦਲ ਕੇ ਦਿੰਦੇ ਹੋ।

*-ਹਾਈਤੀ*

ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਰੋਟੀ ਦਾ ਧੰਨਵਾਦ ਕਰਨਾ ਚਾਹੀਦਾ ਹੈ।

*-ਆਰਾਪਾਹੋ/ਅਮਰੀਕੀ ਆਦਿਵਾਸੀ*

ਰੱਬ ਮੂਹਰੇ ਅਰਦਾਸ ਵੀ ਕਰੋ, ਪਰ ਆਪਣੇ ਚੱਪੂ ਵੀ ਕਿਨਾਰੇ ਵਾਲੇ ਪਾਸੇ ਚਲਾਂਦੇ ਰਹੋ।

*-ਰੂਸ*

ਅਹਿੰਸਾ ਸਭ ਤੋਂ ਵੱਡਾ ਧਰਮ ਹੈ।

*-ਸੰਸਕ੍ਰਿਤ*

ਚਰਚ ਦੇ ਨੇੜੇ ਰਹਿਣ ਵਾਲਾ ਅਕਸਰ ਪ੍ਰਾਰਥਨਾ ਸਮੇਂ ਦੇਰ ਨਾਲ ਪਹੁੰਚਦਾ ਹੈ।

*-ਯੁਗੋਸਲਾਵੀਆ*

ਰੱਬ ਇਕ ਦਰਵਾਜ਼ਾ ਬੰਦ ਕਰਕੇ ਸੌ ਨਵੇਂ ਦਰਵਾਜ਼ੇ ਖੋਲ੍ਹਦਾ ਹੈ।

*-ਯੁਗੋਸਲਾਵੀਆ*

ਸਭ ਤੋਂ ਵਧੀਆ ਰਾਹ ਸਵਰਗ ਵੱਲ ਜਾਂਦਾ ਰਾਹ ਹੁੰਦਾ ਹੈ।

*-ਫਿਨਲੈਂਡ*

ਸਵਰਗ ਤੇ ਨਰਕ ਬੰਦੇ ਦੇ ਮਨ ਵਿਚ ਹੀ ਹੁੰਦੇ ਹਨ।

ਧਾਰਮਿਕ ਪੋਥੀ ਦੀ ਵਿਆਖਿਆ 49 ਵੱਖੋ ਵੱਖਰੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ।

*-ਹੀਬਰੂ*

ਧਰਮਸ਼ਾਸਤਰੀ, ਕੁੱਤੇ ਅਤੇ ਗਾਇਕ ਕਦੇ ਸਹਿਮਤ ਨਹੀਂ ਹੁੰਦੇ।

*-ਭਾਰਤ*

ਧਰਮ ਦੇ ਦੋ ਪੁੱਤਰ ਹੁੰਦੇ ਹਨ—ਇਕ ਪਿਆਰ ਅਤੇ ਦੂਜਾ ਨਫ਼ਰਤ।

*-ਰੂਸ*

* **ਧੰਨਵਾਦ**

ਦੋ ਫੌੜੀਆਂ ਨਾਲੋਂ ਇਕ ਪੈਰ ਚੰਗਾ ਹੁੰਦਾ ਹੈ।

ਜਿਹੜਾ ਥੋੜ੍ਹੇ ਲਈ ਧੰਨਵਾਦੀ ਨਹੀਂ ਹੁੰਦਾ ਉਹ ਬਹੁਤ ਲਈ ਵੀ ਨਹੀਂ ਹੋਵੇਗਾ।

*-ਐਸਟੋਨੀਆ*

ਜੇ ਕੋਈ ਤੁਹਾਡੇ ਲਈ ਪਸੀਨਾ ਵਹਾਉਂਦਾ ਹੈ ਤਾਂ ਤੁਸੀਂ ਉਸ ਦੀ ਕਮੀਜ਼ ਬਦਲ ਕੇ ਦਿੰਦੇ ਹੋ।

*-ਹਾਈਤੀ*

ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਰੋਟੀ ਦਾ ਧੰਨਵਾਦ ਕਰਨਾ ਚਾਹੀਦਾ ਹੈ।

*-ਆਰਾਪਾਹੋ/ਅਮਰੀਕੀ ਆਦਿਵਾਸੀ*



ਜਿਹੜਾ ਮਨੁੱਖਾਂ ਦਾ ਧੰਨਵਾਦ ਨਹੀਂ ਕਰ ਸਕਦਾ, ਉਹ ਰੱਬ ਦਾ ਵੀ ਧੰਨਵਾਦ ਨਹੀਂ ਕਰ ਸਕਦਾ।

*-ਮਿਸਰ*

* **ਧੰਨ**

ਧਨੀ ਆਦਮੀ ਦਾ ਚੁਟਕਲਾ ਹਮੇਸ਼ਾ ਦਿਲਚਸਪ ਹੀ ਹੁੰਦਾ ਹੈ।

ਸੋਨੇ ਨਾਲ ਲੱਦਿਆ ਖੋਤਾ ਕਿਲੇ ਦੇ ਸਿਖ਼ਰ 'ਤੇ ਪਹੁੰਚ ਜਾਂਦਾ ਹੈ।

ਧੰਨ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹੁੰਦਾ ਹੈ।

*-ਜਰਮਨੀ*

* **ਧੋਖਾ**

ਕਿਸੇ ਵੀ ਆਦਮੀ ਨੂੰ ਜਾਲ ਵਿਚ ਫਸਾਉਣਾ ਸੰਭਵ ਹੁੰਦਾ ਹੈ।

*-ਕਸ਼ਮੀਰ*

ਤਰੀਫ਼ ਕਰਨ ਵਾਲੇ ਮੂੰਹ ਪਿੱਛੇ ਖ਼ੂਨੀ ਹੱਥ ਵੀ ਲੁਕਿਆ ਹੋ ਸਕਦਾ ਹੈ।

*-ਅਰਬ*

ਅਮੀਰ ਅਤੇ ਤਾਕਤਵਰ ਨੂੰ ਧੋਖਾ ਤਾਂ ਦਿੱਤਾ ਜਾ ਸਕਦਾ ਹੈ, ਪਰ ਭੁੱਲ ਕੇ ਵੀ ਉਨ੍ਹਾਂ ਦੀ ਬੇਇੱਜ਼ਤੀ ਨਹੀਂ ਕਰਨੀ ਚਾਹੀਦੀ।

*-ਜਪਾਨ*

ਮੌਕੇ ਤੇ ਲੋੜ ਤੋਂ ਜ਼ਿਆਦਾ ਇੱਜ਼ਤ ਮਾਣ ਦੇਣ ਵਾਲਾ ਜਾਂ ਤਾਂ ਤੁਹਾਨੂੰ ਧੋਖਾ ਦੇ ਰਿਹਾ ਹੈ ਜਾਂ ਫਿਰ ਉਸ ਦੀ ਨੀਅਤ ਧੋਖਾ ਦੇਣ ਦੀ ਹੈ।

*-ਫਰਾਂਸ*

ਜਲਦੀ ਵਿਸ਼ਵਾਸ ਕਰਨ ਵਾਲੇ ਨੂੰ ਧੋਖਾ ਦੇਣਾ ਸੌਖਾ ਹੁੰਦਾ ਹੈ।

*-ਜਰਮਨੀ*

ਕੁੱਤਾ ਆਟੇ ਦੀ ਚੱਕੀ ਵਿਚ ਖੋਤੇ ਦਾ ਓਹਲਾ ਲੈ ਕੇ ਵੜਦਾ ਹੈ।

*-ਫਰਾਂਸ*

* **ਧਮਕੀ**

ਮੱਖੀ ਦੇ ਖੰਘਣ ਨਾਲ ਧਰਤੀ ਨਹੀਂ ਕੰਬਦੀ।

*-ਅਸਟਰੀਆ*

ਧੌਂਸ ਜਮਾਉਣ ਵਾਲਾ ਡਰਪੋਕ ਹੁੰਦਾ ਹੈ।

*-ਸਪੇਨ*

# ਨ...

* **ਨਤੀਜੇ**

ਕਿਸ਼ਤੀ ਦੀ ਸਵਾਰੀ ਕਰਨੀ ਹੋਵੇ ਤਾਂ ਭਿੱਜਣ ਲਈ ਤਿਆਰ ਰਹਿਣਾ ਚਾਹੀਦਾ ਹੈ।

*-ਚੀਨ*

ਮੱਖੀਆਂ ਹਲਵਾਈ ਦੀ ਦੁਕਾਨ ਕਦੇ ਨਹੀਂ ਛੱਡਦੀਆਂ।

*-ਫ਼ਾਰਸੀ*

ਮੀਂਹ ਪਹਾੜ ਦੀ ਟੀਸੀ 'ਤੇ ਪੈਂਦਾ ਹੈ, ਪਰ ਹੜ੍ਹਾਂ ਦੀ ਮਾਰ ਵਾਦੀਆਂ ਨੂੰ ਝੱਲਣੀ ਪੈਂਦੀ ਹੈ।

*-ਪੱਛਮੀ ਅਫ਼ਰੀਕੀ*

ਆਪਣੀ ਝੁੱਗੀ 'ਚ ਬਲਦੀ ਲੱਕੜ ਲੈ ਕੇ ਆਣ ਵਾਲੇ ਨੂੰ ਧੂੰਏਂ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ।

*-ਪੱਛਮੀ ਅਫ਼ਰੀਕਾ*

ਜਿਥੇ ਬਿੱਲੀ ਨਾਈ ਹੋਵੇ, ਉਥੇ ਚੂਹੇ ਬਿਨਾਂ ਹਜਾਮਤ ਦੇ ਤੁਰੇ ਫਿਰਦੇ ਨਜ਼ਰ ਆਉਂਦੇ ਹਨ।

*-ਅਫ਼ਰੀਕਾ*

* **ਨਿਰਾਸ਼ਾ**

ਡੁੱਬਦਾ ਬੰਦਾ ਆਪਣੇ ਹੀ ਵਾਲਾਂ ਨੂੰ ਫੜ ਕੇ ਬਚਣ ਦੀ ਕੋਸ਼ਿਸ਼ ਕਰਦਾ ਹੈ।

*-ਯੂਨਾਨ*

ਸਮੁੰਦਰ 'ਚ ਡਿੱਗਿਆ ਬੰਦਾ ਸੱਪ ਦਾ ਸਹਾਰਾ ਲੈਣ 'ਚ ਵੀ ਝਿਜਕ ਨਹੀਂ ਕਰਦਾ।

*-ਤੁਰਕੀ*

* **ਨੇਕਨਾਮੀ**

ਚੀਤਾ ਮਰਦਾ ਹੈ ਤਾਂ ਆਪਣੀ ਚਿਤਕਬਰੀ ਖੱਲ ਪਿੱਛੇ ਛੱਡ ਜਾਂਦਾ ਹੈ। ਬੰਦਾ ਮਰਦਾ ਹੈ ਤਾਂ ਆਪਣਾ ਨਾਮ ਪਿੱਛੇ ਛੱਡ ਜਾਂਦਾ ਹੈ।

ਖਰਾ ਆਦਮੀ ਇਕੱਲਾ ਹੀ ਬਹੁਗਿਣਤੀ ਵਿਚ ਹੁੰਦਾ ਹੈ।

*-ਕੋਲੰਬੀਆ*

ਨੇਕੀ ਉਪਰ ਵੱਲ ਨੂੰ ਯਾਤਰਾ ਕਰਦੀ ਹੈ ਤੇ ਬਦੀ ਹੇਠਾਂ ਵੱਲ ਨੂੰ।

*-ਇਕਵਾਡੋਰ*



ਨਦੀ ਸੁੱਕ ਵੀ ਜਾਵੇ ਪਰ ਉਸ ਦਾ ਨਾਂ ਬਣਿਆ ਰਹਿੰਦਾ ਹੈ।

*-ਨਾਈਜੀਰੀਆ*

ਨੇਕਨਾਮੀ ਵੀ ਖਾਨਦਾਨੀ ਅਮੀਰੀ ਵਾਂਗ ਹੀ ਹੁੰਦੀ ਹੈ।

*-ਜਰਮਨੀ*

ਨੇਕਨਾਮੀ ਸੋਨੇ ਦੀ ਪੇਟੀ ਨਾਲੋਂ ਵੀ ਬਿਹਤਰ ਹੁੰਦੀ ਹੈ।

*-ਫਰਾਂਸ*

ਜਦੋਂ ਤੁਹਾਡੀ ਦਸਤਕ ਨਾਲ ਬੂਹਾ ਨਾ ਖੁੱਲ੍ਹੇ ਤਾਂ ਆਪਣੀ ਮਸ਼ਹੂਰੀ ਬਾਰੇ ਵਿਚਾਰ ਕਰ ਲੈਣਾ ਚਾਹੀਦਾ ਹੈ।

*-ਅਰਬ*

* **ਨੀਤੀ**

ਸੱਪ ਨੂੰ ਡਰਾਉਣ ਲਈ ਘਾਹ ਨੂੰ ਕੁੱਟਣਾ ਪੈਂਦਾ ਹੈ।

ਅਜਿਹੇ ਨਿਯਮ ਨਾ ਬਣਾਉ, ਜਿਨ੍ਹਾਂ 'ਚ ਆਪ ਫਸਣ ਦਾ ਡਰ ਹੋਵੇ।

ਪਹਾੜ ਦੀ ਚੋਟੀ 'ਤੇ ਬਹਿ ਕੇ ਸ਼ੇਰਾਂ ਦੀ ਲੜਾਈ ਦੇਖਣ ਦਾ ਕੋਈ ਹਰਜ਼ ਨਹੀਂ।

ਦਰਸ਼ਕ ਇਕੱਠੇ ਕਰਨੇ ਹੋਣ ਤਾਂ ਲੜਾਈ ਸ਼ੁਰੂ ਕਰ ਲਉ।

ਸੌ ਵਾਰੀ ਜਿੱਤਣਾ ਹੋਵੇ ਤਾਂ ਆਪਣੇ ਵਿਰੋਧੀ ਨੂੰ ਚੰਗੀ ਤਰ੍ਹਾਂ ਜਾਣ ਲਉ।

ਜਿਸ ਮੱਖੀ ਨੇ ਸ਼ੇਰ ਦੇ ਸਿਰ 'ਤੇ ਬੈਠਣਾ ਹੋਵੇ, ਉਸ 'ਤੇ ਵਾਰ ਨਾ ਕਰੋ।

ਜਦ ਨਦੀ ਦਾ ਪਾਣੀ ਚੜ੍ਹੇਗਾ ਤਾਂ ਕਿਸ਼ਤੀਆਂ ਵੀ ਆਪਣੇ ਆਪ ਉਪਰ ਉੱਠਣਗੀਆਂ।

ਜੇ ਲਹਿਰ ਹੈ ਤਾਂ ਹਵਾ ਵੀ ਹੋਵੇਗੀ।

*-ਨਿਊਜ਼ੀਲੈਂਡ*

ਤੰਗ ਰਾਹ 'ਤੇ ਖੜ੍ਹਿਆ ਇਕ ਸਿਪਾਹੀ ਹਜ਼ਾਰਾਂ ਦੀ ਫ਼ੌਜ ਨੂੰ ਰੋਕ ਸਕਦਾ ਹੈ।

*-ਚੀਨ*

ਮੂਹਰੇ ਉਲਟਿਆ ਇਕ ਗੱਡਾ ਪਿਛਲਿਆਂ ਲਈ ਚਿਤਾਵਨੀ ਹੁੰਦਾ ਹੈ।

ਜਦ ਵੈਰੀ ਲੁਕਿਆ ਹੋਵੇ ਤਾਂ ਆਪ ਖੁੱਲ੍ਹੇ ਵਿਚ ਨਾ ਫਿਰੋ।

ਛੱਤੀ ਪ੍ਰਕਾਰ ਦੀਆਂ ਯੁੱਧ-ਨੀਤੀਆਂ 'ਚੋਂ ਸਭ ਤੋਂ ਵਧੀਆ ਨੀਤੀ 'ਦੌੜਨ' ਦੀ ਹੁੰਦੀ ਹੈ।

ਜਦ ਦਰਖ਼ਤ ਡਿੱਗਦਾ ਹੈ ਤਾਂ ਬਾਂਦਰ ਆਪਣੇ ਆਪ ਭੱਜ ਜਾਂਦੇ ਹਨ।

ਬਾਂਦਰ ਨੂੰ ਡਰਾਉਣ ਲਈ ਮੁਰਗੀ ਨੂੰ ਮਾਰਨਾ ਪੈਂਦਾ ਹੈ।

ਹਿਮਾਇਤੀਆਂ ਨਾਲੋਂ ਦਰਸ਼ਕਾਂ ਨੂੰ ਜ਼ਿਆਦਾ ਸਪਸ਼ਟ ਨਜ਼ਰ ਆ ਰਿਹਾ ਹੁੰਦਾ ਹੈ।

ਜੇ ਸ਼ਹਿਦ ਨਾਲ ਸ਼ਿਕਾਰ ਹੋ ਸਕਦਾ ਹੋਵੇ ਤਾਂ ਜ਼ਹਿਰ ਵਰਤਣ ਦੀ ਕੀ ਲੋੜ ?

*-ਬੋਸਨੀਆ*

ਸਿਆਣਾ ਆਦਮੀ ਬੱਕਰੀ ਨੂੰ ਮਾਲੀ ਦੀ ਨੌਕਰੀ 'ਤੇ ਨਹੀਂ ਰੱਖਦਾ।

*-ਹੰਗਰੀ*

ਜਦੋਂ ਤਕ ਤੁਹਾਨੂੰ ਇਹ ਨਾ ਪਤਾ ਹੋਵੇ ਕਿ ਤੁਹਾਡੇ ਸਹੁਰੇ ਕਿਨ੍ਹਾਂ ਨੇ ਹੋਣਾ ਹੈ ਉਦੋਂ ਤਕ ਸਾਰਿਆਂ ਨੂੰ ਹੀ ਆਦਰ ਨਾਲ ਮਿਲੋ।

*-ਮੈਡਾਗਾਸਕਰ*

*** ਨਾ-ਸ਼ੁਕਰਾਪਣ**

ਮੁਫ਼ਤ 'ਚ ਜਹਾਜ਼ ਚੜ੍ਹਿਆ ਬੰਦਾ ਕਪਤਾਨ ਦੀ ਵਹੁਟੀ ਨੂੰ ਅੱਖ ਮਾਰਨ ਤੋਂ ਨਹੀਂ ਟਲਦਾ।

*-ਅਰਬ*

ਪਾਲੇ 'ਚ ਆਕੜ ਗਏ ਸੱਪ ਨੂੰ ਨਿੱਤ ਦੇਵੋਗੇ ਤਾਂ ਉਹ ਤੁਹਾਨੂੰ ਹੀ ਡੰਗ ਮਾਰੇਗਾ।

*-ਅਰਮੀਨੀਆ*

ਨਾਟਕ ਸ਼ਾਲਾ ਵਿਚ ਮੁਫ਼ਤ ਦੀਆਂ ਸੀਟਾਂ ਵਾਲੇ ਸਭ ਤੋਂ ਵੱਧ ਰੌਲਾ ਪਾਉਂਦੇ ਹਨ।

*-ਚੀਨ*

ਦੇਸ਼ ਲਈ ਕੁਰਬਾਨੀ ਦੇਣ ਵਾਲੇ ਦਾ ਫਾਇਦਾ ਅਕਸਰ ਨਾਸ਼ੁਕਰਿਆਂ ਨੂੰ ਮਿਲਦਾ ਹੈ।

*-ਫਰਾਂਸ*

ਨਾਸ਼ੁਕਰੇ ਨੂੰ ਤੋਹਫ਼ੇ ਵਜੋਂ ਘੋੜਾ ਦੇਵੋਗੇ ਤਾਂ ਉਹ ਉਸ ਦੇ ਦੰਦਾਂ ਨੂੰ ਘੋਖ ਕੇ ਉਸ ਦੀ ਉਮਰ ਦੇ ਅੰਦਾਜ਼ੇ ਲਗਾਵੇਗਾ।

*-ਯੂਨਾਨ*

ਕੰਮ ਮੁੱਕਣ ਤੋਂ ਬਾਅਦ ਮਿਸਤਰੀ ਬਦਮਾਸ਼ ਲੱਗਣ ਲਗਦਾ ਹੈ।

*-ਭਾਰਤ*

ਨੰਗੇ ਨੂੰ ਕਪੜਾ ਦੇਵੋਗੇ ਤਾਂ ਉਹ ਕਪੜਾ ਮੋਟਾ ਹੋਣ ਦੀ ਸ਼ਿਕਾਇਤ ਕਰੇਗਾ।

*-ਰੂਸ*

ਰੱਬਾ ਮੈਨੂੰ ਉਸ ਤੋਂ ਬਚਾਵੀਂ, ਜਿਸ ਨੂੰ ਕਦੇ ਮੈਂ ਬਚਾਇਆ ਸੀ।

*-ਕਸ਼ਮੀਰ*

ਗਧਾ ਦੁਲੱਤੀ ਮਾਰ ਕੇ ਧੰਨਵਾਦ ਕਹਿੰਦਾ ਹੈ।

*-ਕੀਨੀਆ*



ਭੁੱਖੀ ਨੂੰ ਖਾਣ ਲਈ ਦਿੱਤਾ ਤਾਂ ਉਹ ਰੱਜਣ ਤੋਂ ਬਾਅਦ ਕਹਿੰਦੀ ਹੈ ਕਿ ਉਸ ਨੂੰ ਮੈਡਮ ਕਹਿ ਕੇ ਬੁਲਾਇਆ ਜਾਵੇ।

*-ਯੂਗੋਸਲਾਵੀਆ*

ਜਿਸ ਬੰਦੇ ਲਈ ਤੁਸੀਂ ਕੁਝ ਚੰਗਾ ਕੀਤਾ ਹੋਵੇ, ਉਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

*-ਲਿਬਨਾਨ*

ਨੇਕੀ ਵਿਚੋਂ ਸਭ ਤੋਂ ਛੋਟੀ ਨੇਕੀ ਕਿਸੇ ਦੇ ਅਹਿਸਾਨ ਦਾ ਧੰਨਵਾਦੀ ਹੋਣਾ ਹੈ ਅਤੇ ਬੁਰਾਈ ਵਿਚੋਂ ਸਭ ਤੋਂ ਵੱਡੀ ਬੁਰਾਈ ਕਿਸੇ ਦੇ ਅਹਿਸਾਨ ਨੂੰ ਭੁੱਲ ਜਾਣਾ ਹੈ।

*ਪੈਰਾਗੁਆ*

ਸਾਨ੍ਹ ਨੂੰ ਚਿੱਕੜ ਤੋਂ ਬਾਹਰ ਨਿਕਲਣ 'ਚ ਮਦਦ ਕਰੋਗੇ ਤਾਂ ਸਾਨ੍ਹ ਬਾਹਰ ਆ ਕੇ ਤੁਹਾਡੇ ਹੀ ਟੱਕਰ ਮਾਰੇਗਾ।

*-ਮੈਡਾਗਾਸਕਰ*

ਅਹਿਸਾਨ ਮੰਨਣ ਵਾਲਾ ਕੁੱਤਾ ਅਹਿਸਾਨ ਫਰਾਮੋਸ਼ ਮਨੁੱਖ ਨਾਲੋਂ ਚੰਗਾ ਹੁੰਦਾ ਹੈ।

*-ਫਾਰਸੀ*

ਮਨੁੱਖਾਂ ਨਾਲੋਂ ਜਾਨਵਰਾਂ ਵਿਚ ਅਹਿਸਾਨ ਮੰਨਣ ਦਾ ਗੁਣ ਜ਼ਿਆਦਾ ਹੁੰਦਾ ਹੈ।

*-ਚੀਨ*

ਨਾਸ਼ੁਕਰਾ ਬੰਦਾ ਕਈ ਮੋਰੀਆਂ ਵਾਲੀ ਬਾਲਟੀ ਵਾਂਗ ਹੁੰਦਾ ਹੈ।

*-ਰੋਮਨ*

ਖੋਤੇ ਦਾ ਸ਼ੁਕਰਾਨਾ ਦੁਲੱਤੀ ਹੁੰਦਾ ਹੈ।

*-ਕੀਨੀਆ*

*** ਨਿਆਂ ਤੇ ਅਨਿਆਂ**

ਨਿਆਂ ਦੀ ਤਲਵਾਰ ਤਿੱਖੀ ਜ਼ਰੂਰ ਹੁੰਦੀ ਹੈ, ਪਰ ਇਹ ਬੇਕਸੂਰ 'ਤੇ ਵਾਰ ਨਹੀਂ ਕਰਦੀ।

*-ਚੀਨ*

ਜੱਜ ਦਾ ਫ਼ੈਸਲਾ ਦਸ ਗੱਲਾਂ 'ਤੇ ਨਿਰਭਰ ਕਰਦਾ ਹੈ, ਪਰ ਲੋਕਾਂ ਨੂੰ ਨੌਂ ਗੱਲਾਂ ਕਦੇ ਪਤਾ ਨਹੀਂ ਚਲਦੀਆਂ।

*-ਚੀਨ*

ਨਿਆਂ ਸਦਾ ਜੇਤੂ ਵਾਲੇ ਪਾਸੇ ਖੜ੍ਹਦਾ ਹੈ।

*-ਫਰਾਂਸ*

ਨੱਚਣ ਨੂੰ ਰਿੱਛ ਤੇ ਪੈਸੇ ਨੂੰ ਮਦਾਰੀ !

*-ਰੂਸ*

# ਪ...

* **ਪੈਸਾ**

ਖ਼ਾਲੀ ਡੱਬੇ 'ਚ ਪਿਆ ਇਕ ਸਿੱਕਾ ਭਰੇ ਡੱਬੇ ਨਾਲੋਂ ਜ਼ਿਆਦਾ ਸ਼ੋਰ ਕਰਦਾ ਹੈ।

*-ਅਰਬ*

ਉਧਾਰ ਦੇ ਕੇ ਤੁਸੀਂ ਉਸ ਬੰਦੇ ਦੀ ਯਾਦਾਸ਼ਤ ਖ਼ਰਾਬ ਕਰ ਦਿੰਦੇ ਹੋ।

*-ਫਰਾਂਸ*

ਚੰਗੇ ਭਾਅ ਜੇਬਾਂ ਖ਼ਾਲੀ ਕਰ ਦਿੰਦੇ ਹਨ।

*-ਜਰਮਨੀ*

ਜੇ ਤੁਹਾਡਾ ਪੜੋਸੀ ਤੁਹਾਨੂੰ ਬੋਰ ਜਾਂ ਤੰਗ ਕਰਦਾ ਹੋਵੇ ਤਾਂ ਉਸਨੂੰ ਕੁਝ ਪੈਸੇ ਉਧਾਰ ਦੇ ਦੇਵੋ।

*-ਇਟਲੀ*

ਜਿਥੇ ਸੋਨਾ ਬੋਲਦਾ ਹੈ, ਉਥੇ ਬਾਕੀ ਸਾਰੇ ਚੁੱਪ ਕਰ ਜਾਂਦੇ ਹਨ।

*-ਰੂਸ*

ਖ਼ਾਲੀ ਜੇਬਾਂ ਵਾਲਾ ਬੰਦਾ ਬਾਜ਼ਾਰ 'ਚੋਂ ਕਾਹਲੀ ਨਾਲ ਲੰਘਦਾ ਹੈ।

*-ਸਕਾਟਲੈਂਡ*

ਜੇ ਦੋ ਦੋਸਤ ਸਾਂਝਾ ਪਰਸ ਰੱਖਦੇ ਹਨ ਤਾਂ ਇਕ ਗਾਉਂਦਾ ਹੈ, ਦੂਜਾ ਰੋਂਦਾ ਹੈ।

*-ਸਪੇਨ*

ਸੋਨੇ ਦਾ ਬਿਸਤਰਾ ਬਿਮਾਰ ਨੂੰ ਠੀਕ ਨਹੀਂ ਕਰ ਸਕਦਾ।

*-ਤਾਮਿਲ*

ਪੈਸੇ ਦੀ ਇਕ ਥੈਲੀ ਸੱਚ ਦੀਆਂ ਦੋ ਥੈਲੀਆਂ ਨਾਲੋਂ ਜ਼ਿਆਦਾ ਤਾਕਤਵਰ ਹੁੰਦੀ ਹੈ।

ਜੇ ਪੈਸਾ ਦਰਖ਼ਤਾਂ ਉਪਰ ਮਿਲਦਾ ਹੁੰਦਾ ਤਾਂ ਬਹੁਤਿਆਂ ਨੇ ਬਾਂਦਰਾਂ ਨਾਲ ਵਿਆਹ ਕਰਵਾਣੇ ਸਨ।

*-ਅਫ਼ਰੀਕਾ*

ਜੇ ਅੰਗੜਾਈ ਪੈਸਾ ਹੁੰਦੀ ਤਾਂ ਬਿੱਲੀ ਨੇ ਅਮੀਰ ਹੋਣਾ ਸੀ।

*-ਅਫ਼ਰੀਕਾ*



ਗਾਉਣ ਵਾਲੇ ਨੂੰ ਪੈਸਾ ਪਹਿਲਾਂ ਦੇ ਦੇਵੋਗੇ ਤਾਂ ਉਹ ਦਿਲੋਂ ਨਹੀਂ ਗਾਵੇਗਾ।

*-ਕੈਟਾਲੋਨ*

ਬੰਦਾ ਪੈਸੇ ਮਗਰ ਹੁੰਦਾ ਹੈ ਪਰ ਪੈਸਾ ਉਸ ਦੀ ਆਤਮਾ ਮਗਰ ਹੁੰਦਾ ਹੈ।

*-ਐਸਟੋਨੀਆ*

ਜਿਹੜਾ ਆਦਮੀ ਇਹ ਸੋਚਦਾ ਹੈ ਕਿ ਪੈਸੇ ਨਾਲ ਸਭ ਕੁਝ ਕੀਤਾ ਜਾ ਸਕਦਾ ਹੈ, ਉਹ ਪੈਸਾ ਕਮਾਉਣ ਲਈ ਸਭ ਕੁਝ ਕਰ ਸਕਦਾ ਹੈ।

*-ਹਾਸੀਡਿਕ*

ਪੈਸਾ ਮਹਿਮਾਨਾਂ ਵਾਂਗ ਹੁੰਦਾ ਹੈ, ਅੱਜ ਆਉਂਦਾ ਹੈ ਕੱਲ੍ਹ ਚਲੇ ਜਾਂਦਾ ਹੈ।

*-ਮੈਡਾਗਾਸਕਰ*

ਬਾਦਸ਼ਾਹ ਅਮੀਰ ਹੁੰਦਾ ਹੈ, ਪਰ ਉਹ ਆਪਣੇ ਲਈ ਇਕ ਸਾਲ ਵਾਧੂ ਉਮਰ ਦਾ ਨਹੀਂ ਖਰੀਦ ਸਕਦਾ।

*-ਚੀਨ*

ਸਾਰੇ ਇਹ ਪੁੱਛਦੇ ਹਨ ਕਿ ਉਹ ਆਦਮੀ ਅਮੀਰ ਹੈ ਜਾਂ ਨਹੀਂ, ਇਕ ਕੋਈ ਨਹੀਂ ਪੁੱਛਦਾ ਕਿ ਉਹ ਨੇਕ ਹੈ ਜਾਂ ਨਹੀਂ ?

*-ਅੰਗਰੇਜ਼ੀ*

ਪੈਸੇ ਦਾ ਝਲਕਾਰਾ ਅੰਨ੍ਹੇ ਨੂੰ ਵੀ ਦੇਖਣ ਲਾ ਦਿੰਦਾ ਹੈ।

*-ਚੀਨ*

ਪੈਸੇ ਨੂੰ ਖਰਚਣ ਦੀ ਜੁਗਤ, ਬਹੁਤੀ ਕਮਾਈ ਨਾਲੋਂ ਵੀ ਮਹੱਤਵਪੂਰਨ ਹੁੰਦੀ ਹੈ।

*-ਪੁਰਤਗਾਲ*

ਜੇ ਤੁਸੀਂ ਪੈਸੇ ਨੂੰ ਆਪਣਾ ਨੌਕਰ ਨਹੀਂ ਬਣਾਉਂਦੇ ਤਾਂ ਇਹ ਤੁਹਾਡਾ ਮਾਲਕ ਬਣ ਜਾਂਦਾ ਹੈ।

*-ਜਪਾਨ*

ਪੈਸੇ ਨੂੰ ਸੰਭਾਲ ਕੇ ਰੱਖਣਾ ਪੈਸੇ ਕਮਾਉਣ ਨਾਲੋਂ ਵੀ ਔਖਾ ਕੰਮ ਹੁੰਦਾ ਹੈ।

*-ਇਜ਼ਰਾਇਲ*

ਪੈਸੇ ਨਾਲ ਤਾਕਤ ਆਉਂਦੀ ਹੈ।

*-ਜਰਮਨੀ*

ਪੈਸੇ ਪੇੜਾਂ ਉੱਤੇ ਨਹੀਂ ਲਗਦੇ।

*-ਯਹੂਦੀ*

ਸਮਾਂ ਗੁਆ ਕੇ ਪੈਸਾ ਨਹੀਂ ਕਮਾਇਆ ਜਾ ਸਕਦਾ।

*-ਪੁਰਤਗਾਲ*

ਪੈਸਾ ਬਿੱਲੀਆਂ ਨੂੰ ਨੱਚਣ ਅਤੇ ਕੁੱਤਿਆਂ ਨੂੰ ਗਾਉਣ ਲਾ ਸਕਦਾ ਹੈ।

*-ਸਪੇਨ*

ਪੈਸਾ ਦੋਸਤਾਂ ਨੂੰ ਵੀ ਅਜਨਬੀ ਬਣਾ ਸਕਦਾ ਹੈ।

*-ਜਪਾਨ*

ਪੈਸੇ ਦਾ ਫੈਸ਼ਨ ਕਦੇ ਪੁਰਾਣਾ ਨਹੀਂ ਹੁੰਦਾ।

*-ਜਰਮਨੀ*

ਪੈਸਾ ਕਮਾ ਰਿਹਾ ਆਦਮੀ ਕਦੇ ਨਹੀਂ ਥੱਕਦਾ।

*-ਆਇਰਲੈਂਡ*

ਨਰਕ ਅੰਦਰ ਵੀ ਲੈਣ ਦੇਣ ਦਾ ਜਰੀਆ ਪੈਸਾ ਹੀ ਹੁੰਦਾ ਹੈ।

*-ਜਪਾਨ*

ਜਿਹੜਾ ਇਹ ਕਹਿੰਦਾ ਹੈ ਕਿ ਖੁਸ਼ੀ ਪੈਸੇ ਨਾਲ ਨਹੀਂ ਖਰੀਦੀ ਜਾ ਸਕਦੀ, ਉਹ ਅਸਲ 'ਚ ਆਪ ਗਰੀਬ ਹੁੰਦਾ ਹੈ।

*-ਅਮਰੀਕਾ*

ਬਗੈਰ ਪੈਸੇ ਦੇ ਆਦਮੀ ਦੀ ਹਾਲਤ ਬਗ਼ੈਰ ਬਾਦਬਾਨਾਂ ਵਾਲੇ ਜਹਾਜ਼ ਦੀ ਤਰ੍ਹਾਂ ਹੁੰਦੀ ਹੈ।

*-ਡੱਚ*

ਆਦਮੀ ਨਾਲੋਂ ਪੈਸੇ ਨੂੰ ਕਦੇ ਵੀ ਜ਼ਿਆਦਾ ਇੱਜ਼ਤ ਨਹੀਂ ਦੇਣੀ ਚਾਹੀਦੀ।

*-ਵੀਅਤਨਾਮ*

* **ਪਿਆਰ**

ਜਿਥੇ ਪਿਆਰ ਪਤਲਾ ਹੋਵੇ, ਉਥੇ ਗ਼ਲਤੀਆਂ ਮੋਟੀਆਂ ਹੁੰਦੀਆਂ ਹਨ।

*-ਅੰਗਰੇਜ਼ੀ*

ਪਿਆਰ ਦੀ ਮਸ਼ਾਲ ਰਸੋਈ 'ਚੋਂ ਬਲਦੀ ਹੈ।

*-ਫਰਾਂਸ*

ਜਿਹੜਾ ਬੇਚੈਨ ਨਾ ਹੋਵੇ, ਉਹ ਹਾਲੇ ਇਸ਼ਕ 'ਚ ਡੁੱਬਿਆ ਨਹੀਂ ਹੁੰਦਾ।

*-ਇਟਲੀ*

ਜਿਹੜਾ ਆਪਣੀ ਮਸ਼ੂਕ ਮੂਹਰੇ ਪਿਆਰ ਬਾਰੇ ਗੱਲਾਂ ਕਰੀ ਜਾਵੇ, ਉਸਨੂੰ ਇਸ਼ਕ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ।

*-ਇਟਲੀ*

ਜਿਥੇ ਪਿਆਰ ਹੁੰਦਾ ਹੈ, ਉਥੇ ਹਨੇਰਾ ਨਹੀਂ ਹੁੰਦਾ।

*-ਯੂਨਾਨ*



ਜਿਹੜਾ ਮੁਹੱਬਤ ਪਿੱਛੇ ਸਫ਼ਰ ਕਰਦਾ ਹੈ, ਉਸ ਲਈ ਹਜ਼ਾਰ ਮੀਲ ਇਕ ਮੀਲ ਦੇ ਬਰਾਬਰ ਹੁੰਦਾ ਹੈ।

*-ਜਪਾਨ*

ਇਸ਼ਕ ਦੇ ਮਰੀਜ਼ ਨੂੰ ਡਾਕਟਰ ਕੋਲੋਂ ਦੁਆਈ ਦੀ ਆਸ ਨਹੀਂ ਕਰਨੀ ਚਾਹੀਦੀ।

*-ਪੱਛਮੀ ਅਫਰੀਕਾ*

ਪਿਆਰ ਕਰਨ ਤੋਂ ਪਹਿਲਾਂ ਰੇਤ 'ਚ ਪੈੜਾਂ ਦੇ ਨਿਸ਼ਾਨ ਛੱਡੇ ਬਗ਼ੈਰ ਦੌੜਨਾ ਸਿੱਖਣਾ ਚਾਹੀਦਾ ਹੈ।

*-ਤੁਰਕੀ*

ਜਿਹੜਾ ਜੋੜਾ ਇਕ ਦਿਨ ਖੁਸ਼ੀ ਦਾ ਇਕੱਠੇ ਬਿਤਾਉਂਦਾ ਹੈ ਉਸ ਨੂੰ ਪਿਆਰ ਦੇ ਸੌ ਦਿਨਾਂ ਦਾ ਵਰਦਾਨ ਮਿਲਦਾ ਹੈ।

ਜਿਸ ਨਾਲ ਪਿਆਰ ਹੋਵੇ, ਉਸ ਦੇ ਘਰ ਦੀਆਂ ਛੱਤਾਂ 'ਤੇ ਬੈਠੇ ਕਾਂ ਵੀ ਸੋਹਣੇ ਲਗਦੇ ਹਨ।

ਜਿਹੜਾ ਦੂਸਰਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖੇ ਉਹ ਮੂਰਖ ਨਹੀਂ ਹੋ ਸਕਦਾ।

ਪਿਆਰ ਪੁਜਾਰੀ ਨੂੰ ਵੀ ਨੱਚਣਾ ਸਿਖਾ ਦਿੰਦਾ ਹੈ।

*-ਰੂਸ*

ਜਿਹੜਾ ਪੇੜ ਨੂੰ ਪਿਆਰ ਕਰਦਾ ਹੈ, ਉਹ ਟਹਿਣੀ ਨੂੰ ਵੀ ਪਿਆਰ ਕਰਦਾ ਹੈ।

ਖਰਗੋਸ਼ਾਂ ਨਾਲ ਖੇਡਣ ਵਾਲਾ ਕੁੱਤਿਆਂ ਨਾਲ ਮਿਲ ਕੇ ਸ਼ਿਕਾਰ ਨਹੀਂ ਕਰਦਾ।

ਸਭ ਤੋਂ ਵੱਡਾ ਪਿਆਰ ਮਾਂ ਦਾ, ਫਿਰ ਕੁੱਤੇ ਦਾ ਤੇ ਫਿਰ ਪ੍ਰੇਮਿਕਾ ਦਾ।

*-ਪੋਲੈਂਡ*

ਪਿਆਰ ਕਰਕੇ ਦਿਲ ਤੁੜਵਾਉਣ ਨਾਲੋਂ ਪੇੜ ਤੋਂ ਡਿੱਗ ਕੇ ਲੱਤ ਤੁੜਵਾ ਲੈਣੀ ਚੰਗਾ ਹੁੰਦਾ ਹੈ।

*-ਅਫ਼ਰੀਕਾ*

ਭਾਵੇਂ ਇਹ ਕਦੇ ਵੀ ਆਵੇ ਅਤੇ ਕਿਸੇ ਵੀ ਰੂਪ ਵਿਚ ਆਵੇ—ਪਿਆਰ ਪਿਆਰ ਹੀ ਹੁੰਦਾ ਹੈ।

*-ਡਾਰਕੋਵਾਨ*

ਪਿਆਰ ਧੁੰਦ ਵਾਂਗ ਹੈ, ਅਜਿਹੀ ਕਿਹੜੀ ਪਹਾੜੀ ਹੈ ਜਿਥੇ ਇਹ ਨਾ ਹੋਵੇ।

*-ਹਵਾਈ*

ਤੁਸੀਂ ਕਿਸੇ ਨੂੰ ਪਿਆਰ ਤੇ ਉਧਾਰ ਲਈ ਮਜਬੂਰ ਨਹੀਂ ਕਰ ਸਕਦੇ।

*-ਇਜ਼ਰਾਈਲ*

## ਫ...

* **ਫ਼ੈਸਲਾ**

ਊਠ ਦੀ ਉਚਾਈ ਦਾ ਫ਼ੈਸਲਾ ਉਦੋਂ ਕਰਨਾ ਚਾਹੀਦਾ ਹੈ, ਜਦੋਂ ਉਹ ਪਹਾੜ ਦੇ ਪੈਰਾਂ ਕੋਲ ਖੜ੍ਹਾ ਹੋਵੇ।

*-ਭਾਰਤ*

ਸਾਰੰਗੀ ਦਾ ਪਤਾ ਉਸ ਦੇ ਸੁਰਾਂ ਤੋਂ ਲਗਦਾ ਹੈ।

*-ਰੂਸ*

ਜਿਸ ਬਾਰੀ 'ਚੋਂ ਬਦਬੂ ਅੰਦਰ ਆਉਂਦੀ ਹੋਵੇ, ਉਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

*-ਅਰਬ*

ਆਦਮਖੋਰਾਂ ਦੇ ਦੇਸ਼ ਵਿਚ ਸਿਰਫ਼ ਮੂਰਖ ਹੀ ਜਾਂਦਾ ਹੈ।

*-ਮਾਓਰੀ*

* **ਫਜ਼ੂਲ ਦੇ ਕੰਮ**

ਬਿੱਲੀ ਅੰਨ੍ਹੀ ਹੋ ਕੇ ਵੀ ਚੂਹਿਆਂ ਦੇ ਮਗਰ ਦੌੜਨ ਤੋਂ ਨਹੀਂ ਹਟਦੀ।

*-ਅਰਬ*

ਦੰਦ ਪੀੜ ਵਿਚ ਸੰਗੀਤ ਦਾ ਕੋਈ ਫਾਇਦਾ ਨਹੀਂ ਹੁੰਦਾ।

*-ਅੰਗਰੇਜ਼ੀ*

ਦਸਤਾਨਿਆਂ ਵਾਲੀ ਬਿੱਲੀ ਚੂਹੇ ਨਹੀਂ ਫੜ ਸਕਦੀ।

*-ਯੂਨਾਨ*

ਅੰਨ੍ਹੇ ਨੂੰ ਸ਼ੀਸ਼ੇ ਦਾ ਤੇ ਬੋਲੇ ਨੂੰ ਗਾਣੇ ਦਾ ਕੋਈ ਲਾਭ ਨਹੀਂ ਹੁੰਦਾ।

*-ਭਾਰਤੀ*

ਡੁੱਬਦੇ ਚੂਹੇ 'ਤੇ ਕਦੇ ਪਾਣੀ ਨਹੀਂ ਡੋਲ੍ਹਣਾ ਚਾਹੀਦਾ।

*-ਆਇਰਲੈਂਡ*

ਜੇ ਤੁਹਾਡੇ ਜੁੱਤੇ ਟੁੱਟੇ ਹੋਣ ਤਾਂ ਛਤਰੀ ਲੈਣ ਦਾ ਕੋਈ ਫਾਇਦਾ ਨਹੀਂ।

*-ਆਇਰਲੈਂਡ*

ਘਰ ਦੀਆਂ ਨੀਹਾਂ ਹਿੱਲ ਗਈਆਂ ਪਰ ਉਹ ਬੈਠਕ ਨੂੰ ਰੋਗਨ ਕਰਵਾਣ ਦੀਆਂ ਸੋਚੇ।

*-ਫ਼ਾਰਸੀ*



ਹਾਥੀ ਨੂੰ ਚਮਚੇ ਨਾਲ ਪਾਣੀ!

*-ਫਾਰਸੀ*

ਹਰ ਚੀਜ਼ ਨੂੰ ਇਕੋ ਕਿੱਲੀ 'ਤੇ ਨਹੀਂ ਟੰਗਿਆ ਜਾ ਸਕਦਾ।

*-ਰੂਸ*

ਪੰਜ ਪੈਰਾਂ ਵਾਲੀ ਬਿੱਲੀ ਲੱਭਣ ਦੀ ਕੋਸ਼ਿਸ਼ ਨਾ ਕਰੋ।

*-ਸਪੇਨ*

ਪਿੰਡ ਲੁੱਟੇ ਜਾਣ ਤੋਂ ਬਾਅਦ ਚਾਲੀ ਦਿਨ ਚਾਲੀ ਰਾਤ ਚੌਂਕੀਦਾਰੀ ਕਰਨੀ...।

*-ਤੁਰਕੀ*

ਜੇ ਤੁਸੀਂ ਆਪਣੇ ਤੀਰ ਪੱਥਰਾਂ 'ਤੇ ਮਾਰੋਗੇ ਤਾਂ ਆਪਣੇ ਹੀ ਤੀਰਾਂ ਦਾ ਨੁਕਸਾਨ ਕਰੋਗੇ।

*-ਅਸਟਰੀਆ*

ਲੱਕੜ ਦੇ ਕਾਂ ਅੱਧੀ ਰਾਤ ਨੂੰ ਕਾਂ ਕਾਂ ਕਰਦੇ ਹਨ ਅਤੇ ਅਵਾਰਾ ਕੁੱਤੇ ਨਿਰਮਲ ਅਕਾਸ਼ ਵੱਲ ਭੌਂਕਦੇ ਹਨ।

*-ਜ਼ੇਨ*

* **ਫੜ੍ਹਾਂ**

ਫੜ੍ਹਾਂ ਨਾ ਮਾਰੋ, ਹੋ ਸਕਦਾ ਹੈ ਕੋਲੋਂ ਕੋਈ ਅਜਿਹਾ ਬੰਦਾ ਲੰਘ ਰਿਹਾ ਹੋਵੇ, ਜਿਸ ਨੇ ਤੁਹਾਨੂੰ ਬਚਪਨ ਵਿਚ ਦੇਖਿਆ ਹੋਵੇ।

*-ਚੀਨ*

ਕੱਛੂ ਹਜ਼ਾਰ ਆਂਡੇ ਦੇ ਕੇ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦਾ ਪਰ ਮੁਰਗੀ ਇਕ ਆਂਡਾ ਦਿੰਦੀ ਹੈ ਤਾਂ ਸਾਰੇ ਮੁਲਕ ਨੂੰ ਖ਼ਬਰ ਹੋ ਜਾਂਦੀ ਹੈ।

*-ਮਲੇਸ਼ੀਆ*

ਦਿਨ ਨੂੰ ਫੜ੍ਹਾਂ ਮਾਰ ਲਵੋ ਪਰ ਰਾਤ ਨੂੰ ਨਿਮਰਤਾ ਹੀ ਚੰਗੀ ਹੁੰਦੀ ਹੈ।

*-ਨਿਊਜ਼ੀਲੈਂਡ*

ਓਪਰਿਆਂ ਕੋਲ ਫੜ੍ਹਾਂ ਮਾਰੀਆਂ ਜਾ ਸਕਦੀਆਂ ਹਨ ਪਰ ਆਪਣਿਆਂ ਕੋਲ ਸੱਚ ਕਹਿਣਾ ਹੀ ਠੀਕ ਹੁੰਦਾ ਹੈ।

*-ਕਰੋਸ਼ੀਆ*

ਜਿਹੜਾ ਆਪਣੇ ਗਿਆਨ ਦੀਆਂ ਫੜ੍ਹਾਂ ਮਾਰੇ, ਉਹ ਅਸਲ 'ਚ ਆਪਣਾ ਅਗਿਆਨ ਪ੍ਰਗਟ ਕਰਦਾ ਹੈ।

*-ਐਸਕੀਮੋ*

ਫੜ੍ਹੀ ਤੇ ਝੂਠਾ ਚਚੇਰੇ ਭਰਾ ਹੁੰਦੇ ਹਨ।

*-ਸਪੇਨ*

ਸਭ ਤੋਂ ਵੱਧ ਫੜ੍ਹਾਂ ਮਾਰਨ ਵਾਲਾ ਸਭ ਤੋਂ ਵੱਧ ਨਲਾਇਕ ਹੁੰਦਾ ਹੈ।

*-ਰੋਮਨ*

ਮਰੇ ਬਘਿਆੜ ਦੀ ਪੂਛ ਕੱਟਣੀ ਸੌਖੀ ਹੀ ਹੁੰਦੀ ਹੈ।

*-ਅਲਬਾਨੀਆ*

* **ਫ਼ੌਜਾਂ**

ਜਿਥੇ ਫ਼ੌਜਾਂ ਤੈਨਾਤ ਹੁੰਦੀਆਂ ਹਨ, ਉਥੇ ਸੂਲਾਂ ਤੇ ਕੰਡਿਆਲੀ ਝਾੜੀਆਂ ਦੀ ਫ਼ਸਲ ਪੈਦਾ ਹੁੰਦੀ ਹੈ।

*-ਤਾਓ*

ਜਦੋਂ ਜਰਨੈਲ ਡਿੱਗਦਾ ਹੈ ਤਾਂ ਬਾਕੀ ਫੌਜ ਉਡਾਰੀ ਮਾਰ ਜਾਂਦੀ ਹੈ।

*-ਆਇਰਲੈਂਡ*

* **ਫ਼ਿਕਰ**

ਮੌਸਮ ਤੇ ਸਰਕਾਰ ਦਾ ਫ਼ਿਕਰ ਨਹੀਂ ਕਰਨਾ ਚਾਹੀਦਾ।

*-ਕਰੋਸਿਕਾ*

* **ਫੁਕਰਾ**

ਮੁਰਗਾ ਅਕਸਰ ਬਿਨਾਂ ਕਿਸੇ ਜਿੱਤ ਦੇ ਹੀ ਬਾਂਗਾਂ ਦੇਈ ਜਾਂਦਾ ਹੈ।

*-ਡੈਨਿਸ਼*

* **ਫਾਇਦਾ**

ਜੇ ਕੁੱਤਾ ਰੱਖਣਾ ਚਾਹੁੰਦੇ ਹੋ ਤਾਂ ਮੱਖੀਆਂ ਨੂੰ ਵੀ ਸਹਿਣਾ ਪੈਂਦਾ ਹੈ।

*-ਸਪੇਨ*

* **ਫਰਜ਼**

ਮਨੁੱਖ ਦਾ ਪਹਿਲਾ ਫਰਜ਼ ਸੱਚ ਦੀ ਖੋਜ ਕਰਨਾ ਹੁੰਦਾ ਹੈ।

*-ਰੋਮਨ*

* **ਫਾਂਸੀ**

ਜਿਹੜਾ ਇਕ ਸਾਲ ਵਿਚ ਅਮੀਰ ਹੋ ਜਾਂਦਾ ਹੈ, ਉਸ ਨੂੰ ਫਾਂਸੀ ਵੀ ਛੇ ਮਹੀਨੇ 'ਚ ਲੱਗ ਜਾਂਦੀ ਹੈ।

*-ਇਟਲੀ*

* **ਫਜ਼ੂਲ ਖਰਚਾ**

ਜਿਸ ਕੋਲ ਚਾਰ ਸਿੱਕੇ ਹੋਣ ਅਤੇ ਖਰਚੇ ਉਹ ਪੰਜ—ਉਸ ਨੂੰ ਬਟੂਏ ਦੀ ਲੋੜ ਨਹੀਂ ਹੁੰਦੀ।

*-ਸਪੇਨ*



* **ਫਿਸਲਣਾ**

ਫਿਸਲਣ ਵਾਲੇ 'ਤੇ ਦੁਨੀਆ ਹੱਸਦੀ ਹੈ।

*-ਜਰਮਨੀ*

* **ਫ਼ਕੀਰੀ**

ਫ਼ਕੀਰੀ ਨੂੰ ਕਿਸੇ ਨੇ ਕਿਹਾ ਕਿ ਤੇਰੇ ਘਰ ਨੂੰ ਅੱਗ ਲੱਗ ਗਈ ਹੈ। ਉਸ ਨੇ ਜੁਆਬ ਦਿੱਤਾ, "ਮੇਰੀ ਝੋਲੀ ਤੇ ਬਾਟਾ ਮੇਰੇ ਕੋਲ ਹੈ।"

*-ਤੇਲਗੂ*

## ਬ...

* **ਬੱਚੇ**

ਇਕੋ ਪੇੜ ਨੂੰ ਮਿੱਠੇ ਤੇ ਕੌੜੇ ਫਲ ਲਗ ਸਕਦੇ ਹਨ। ਇਕੋ ਮਾਂ ਸਿਆਣੇ ਤੇ ਨਿਕੰਮੇ ਬੱਚੇ ਜੰਮ ਸਕਦੀ ਹੈ।

*-ਚੀਨ*

ਇਕ ਬਾਪ ਬਾਰਾਂ ਨਿਆਣਿਆਂ ਨੂੰ ਪਾਲ ਸਕਦਾ ਹੈ, ਪਰ ਬਾਰਾਂ ਨਿਆਣੇ ਇਕ ਬਾਪ ਨੂੰ ਨਹੀਂ ਪਾਲ ਸਕਦੇ।

*-ਫਰਾਂਸ*

ਇੱਟਾਂ ਤੇ ਸੀਮਿੰਟ ਮਕਾਨ ਬਣਾਂਦੇ ਹਨ, ਪਰ ਬੱਚਿਆਂ ਦਾ ਹਾਸਾ ਇਸ ਨੂੰ ਘਰ ਬਣਾਉਂਦਾ ਹੈ।

*-ਆਇਰਲੈਂਡ*

ਬੱਚੇ ਛੋਟੇ ਹੁੰਦੇ ਹਨ ਤਾਂ ਸਾਡਾ ਸਿਰ ਦੁਖਾਂਦੇ ਹਨ। ਜਦ ਵੱਡੇ ਹੋ ਜਾਂਦੇ ਹਨ ਤਾਂ ਸਾਡਾ ਦਿਲ ਦੁਖਾਉਂਦੇ ਹਨ।

*-ਇਟਲੀ*

ਆਪਣੇ ਬੱਚੇ ਨੂੰ ਵਿਗਾੜਨ ਵਾਲੀ ਮਾਂ ਸੱਪ ਨੂੰ ਵੱਡਾ ਕਰ ਰਹੀ ਹੁੰਦੀ ਹੈ।

*-ਸਪੇਨ*

ਬੱਚੇ ਦਾ ਪਿਆਰ ਟੋਕਰੀ 'ਚ ਪਏ ਪਾਣੀ ਵਰਗਾ ਹੁੰਦਾ ਹੈ।

*-ਸਪੇਨ*

ਜੇ ਤੁਸੀਂ ਕੁਝ ਸਿੱਖਣਾ ਚਾਹੁੰਦੇ ਹੋ ਤਾਂ ਬੱਚਿਆਂ ਨੂੰ ਗੱਲਾਂ ਕਰਦੇ ਸੁਣੋ।

*-ਤੁਰਕੀ*

ਜਿਸਦੇ ਬੱਚੇ ਨਹੀਂ ਹੁੰਦੇ, ਉਸ ਨੂੰ ਇਕ ਦੁੱਖ ਹੁੰਦਾ ਹੈ। ਪਰ ਜਿਸਦੇ ਬੱਚੇ ਹੁੰਦੇ ਹਨ ਉਸ ਨੂੰ ਹਜ਼ਾਰ ਦੁੱਖ ਹੁੰਦੇ ਹਨ।

*-ਤੁਰਕੀ*

ਜੇ ਤੁਹਾਡੇ ਬੱਚੇ ਚੰਗੇ ਹਨ ਤਾਂ ਤੁਹਾਨੂੰ ਦੌਲਤ ਦੀ ਕੀ ਲੋੜ ਹੈ ? ਜੇ ਤੁਹਾਡੇ ਬੱਚੇ ਮਾੜੇ ਹਨ ਤਾਂ ਵੀ ਤੁਹਾਡੀ ਦੌਲਤ ਕਿਸ ਕੰਮ ?

*-ਤੁਰਕੀ*



ਬਾਪ ਜਿਸ ਪੁੱਤ ਨੂੰ ਅੰਗੂਰਾਂ ਦਾ ਬਾਗ ਦੇ ਦਿੰਦਾ ਹੈ, ਉਹੀ ਪੁੱਤ ਆਪਣੇ ਬਾਪ ਨੂੰ ਅੰਗੂਰਾਂ ਦਾ ਇਕ ਗੁੱਛਾ ਵੀ ਨਹੀਂ ਦੇ ਸਕਦਾ।

*-ਤੁਰਕੀ*

ਕੁੱਤਿਆਂ ਦੀ ਲੜਾਈ 'ਚ ਬੱਚੇ ਵੀ ਆ ਵੜਦੇ ਹਨ ਤੇ ਬੱਚਿਆਂ ਦੀ ਲੜਾਈ 'ਚ ਮਾਪੇ।

*-ਜਪਾਨ*

ਡੱਡੂ ਦੀ ਔਲਾਦ ਡੱਡੂ।

*-ਜਪਾਨ*

ਸੇਹ ਨੂੰ ਆਪਣਾ ਬੱਚਾ ਮੱਖਣ ਤੋਂ ਵੀ ਵੱਧ ਮੁਲਾਇਮ ਲਗਦਾ ਹੈ ਤੇ ਕਾਂ ਨੂੰ ਆਪਣਾ ਬੱਚਾ ਮਲਮਲ ਤੋਂ ਵੀ ਜ਼ਿਆਦਾ ਚਿੱਟਾ ਲਗਦਾ ਹੈ।

ਬੱਚਾ ਮਾਪਿਆਂ ਦਾ ਨਹੀਂ, ਸਗੋਂ ਪੁਰਖਿਆਂ ਦਾ ਹੁੰਦਾ ਹੈ।

*-ਅਫ਼ਰੀਕਾ*

ਬੱਚੇ ਕੁੱਤੇ ਨਹੀਂ ਹੁੰਦੇ ਤੇ ਨਾ ਹੀ ਵੱਡੇ ਦੇਵਤੇ ਹੁੰਦੇ ਹਨ।

*-ਹਾਈਤੀ*

ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਗੱਲ ਇਹੀ ਕਰ ਸਕਦਾ ਹੈ ਕਿ ਉਹ ਉਨ੍ਹਾਂ ਦੀ ਮਾਂ ਦਾ ਖ਼ਿਆਲ ਰੱਖੇ।

*-ਸਮਕਾਲੀ*

ਇਕ ਬੱਚਾ ਸਾਰੇ ਪਰਿਵਾਰ ਦਾ ਸੀਸ ਆਸਨ ਲਗਵਾ ਸਕਦਾ ਹੈ।

*-ਜਰਮਨੀ*

ਬੱਚੇ ਕੋਲੋਂ ਘਰ ਦੇ ਅੰਦਰ ਦੀ ਪੂਰੀ ਕਥਾ ਸੁਣੀ ਜਾ ਸਕਦੀ ਹੈ।

*-ਅਲਬਾਨੀਆ*

ਜਦੋਂ ਕੋਈ ਮਾਂ ਆਪਣੇ ਬੱਚੇ ਨੂੰ ਹਰਾਮੀ ਕਹੇ ਤਾਂ ਉਸ ਦੀ ਗੱਲ 'ਤੇ ਵਿਸ਼ਵਾਸ ਕਰਿਆ ਜਾ ਸਕਦਾ ਹੈ।

*-ਯਿੱਦੀਸ਼*

ਮਾੜੇ ਜੋੜ ਵਿਚੋਂ ਚੰਗੇ ਬੱਚੇ ਪੈਦਾ ਹੁੰਦੇ ਹਨ।

*-ਯਿੱਦੀਸ਼*

ਬੱਚੇ ਗਰੀਬ ਆਦਮੀ ਦਾ ਸਰਮਾਇਆ ਹੁੰਦੇ ਹਨ।

*-ਡੈਨਿਸ਼*

ਵੱਡੇ ਜਾਂ ਛੋਟੇ, ਮਾਂ ਲਈ ਬੱਚੇ ਅਦਭੁਤ ਹੀ ਹੁੰਦੇ ਹਨ।

*-ਯਿੱਦੀਸ਼*

ਬੱਚਿਆਂ ਦੇ ਕੰਨ ਵੱਡੇ ਅਤੇ ਜੀਭਾਂ ਲੰਬੀਆਂ ਹੁੰਦੀਆਂ ਹਨ।

*-ਹਾਈਬੀ*

ਬੱਚਿਆਂ ਤੋਂ ਬਚਕਾਨਾ ਹਰਕਤਾਂ ਦੀ ਹੀ ਆਸ ਕਰਨੀ ਚਾਹੀਦੀ ਹੈ।

*-ਡੈਨਿਸ਼*

ਛੋਟੇ ਬੱਚੇ ਛੋਟੀਆਂ ਖੁਸ਼ੀਆਂ, ਵੱਡੇ ਬੱਚੇ ਵੱਡੇ ਫ਼ਿਕਰ।

*-ਯਿੱਦੀਸ਼*

ਛੋਟੇ ਬੱਚੇ ਛੋਟੇ ਫ਼ਿਕਰ, ਵੱਡੇ ਬੱਚੇ ਵੱਡੀਆਂ ਚਿੰਤਾਵਾਂ।

*-ਡੈਨਿਸ਼*

ਬੱਚਾ ਆਪਣੇ ਪਿਉ ਦੀ ਪਹਿਲੀ ਸੇਵਾ ਉਸ ਨੂੰ ਮੂਰਖ਼ ਬਣਾ ਕੇ ਕਰਦਾ ਹੈ।

*-ਅੰਗਰੇਜ਼ੀ*

* **ਬਰਾਬਰੀ**

ਸਵਰਗ ਤਕ ਪਹੁੰਚਣ ਲਈ ਕਿਸਾਨ ਨੂੰ ਵੀ ਓਨਾ ਹੀ ਵਕਤ ਲਗਦਾ ਹੈ, ਜਿੰਨਾ ਕਿਸੇ ਅਮੀਰ ਨੂੰ।

*-ਜਰਮਨੀ*

ਛੇ ਫੁੱਟ ਸਾਨੂੰ ਸਭ ਨੂੰ ਬਰਾਬਰ ਕਰ ਦਿੰਦੀ ਹੈ।

*-ਇਟਲੀ*

ਰਿਕਸ਼ੇ 'ਤੇ ਬੈਠਣ ਵਾਲਾ ਤੇ ਰਿਕਸ਼ੇ ਨੂੰ ਖਿੱਚਣ ਵਾਲੇ ਇਕ ਤਰ੍ਹਾਂ ਦੇ ਆਦਮੀ ਹਨ।

*-ਜਪਾਨ*

* **ਬਹਾਨੇ**

ਸ਼ੁਤਰਮੁਰਗ ਨੂੰ ਕਿਹਾ, 'ਚੁੱਕ।' ਉਹ ਕਹਿੰਦਾ, 'ਮੈਂ ਨਹੀਂ ਚੁੱਕ ਸਕਦਾ, ਕਿਉਂਕਿ ਮੈਂ ਤਾਂ ਪੰਛੀ ਹਾਂ!' ਉਸ ਨੂੰ ਕਿਹਾ, 'ਚੱਲ, ਫਿਰ ਉੱਡ ਜਾ!' ਉਹ ਕਹੇ, 'ਮੈਂ ਉੱਡ ਨਹੀਂ ਸਕਦਾ, ਕਿਉਂਕਿ ਮੈਂ ਤਾਂ ਪਸ਼ੂ ਹਾਂ।'

*-ਅਰਬ*

ਜਦ ਮੱਛੀ ਨੂੰ ਸਮੁੰਦਰ ਦਾ ਹਾਲ ਪੁੱਛਿਆ ਤਾਂ ਉਸ ਨੇ ਕਿਹਾ, 'ਮੇਰੇ ਕੋਲ ਕਹਿਣ ਨੂੰ ਤਾਂ ਬਹੁਤ ਕੁਝ ਹੈ, ਪਰ ਮੇਰਾ ਮੂੰਹ ਪਾਣੀ ਨਾਲ ਭਰਿਆ ਹੋਇਆ ਹੈ।'

*-ਅਰਮੀਨੀਆ*

ਜਿਸ ਨੂੰ ਨੱਚਣਾ ਨਾ ਆਉਂਦਾ ਹੋਵੇ ਉਹ ਕਹਿੰਦਾ ਹੈ ਧਰਤੀ ਗਿੱਲੀ ਹੈ।

*-ਮਲਾਇਆ*

ਸੂਪ ਪੀਤਾ ਨਹੀਂ, ਮੂੰਹ ਪਹਿਲਾਂ ਹੀ ਸੜ ਗਿਆ।

*-ਫਾਰਸੀ*



ਜੇ ਤੁਸੀਂ ਆਪਣੀ ਸਬਜ਼ੀ 'ਚੋਂ ਮੱਖੀ ਲੱਭ ਰਹੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਹਾਡਾ ਢਿੱਡ ਭਰ ਗਿਆ ਹੈ।

*-ਦੱਖਣੀ ਅਫ਼ਰੀਕਾ*

ਜਦੋਂ ਬਿੱਲੀ ਨੇ ਆਪਣੇ ਬਲੂੰਗੜੇ ਖਾਣੇ ਹੋਣ ਤਾਂ ਉਹ ਬਹਾਨਾ ਘੜਦੀ ਹੈ ਕਿ ਉਨ੍ਹਾਂ 'ਚੋਂ ਚੂਹਿਆਂ ਵਰਗੀ ਬੂ ਆ ਰਹੀ ਸੀ।

*-ਅਫ਼ਰੀਕਾ*

ਜੇ ਤੁਹਾਡਾ ਮਨ ਕੁੱਤੇ ਨੂੰ ਕੁੱਟਣ 'ਤੇ ਆਇਆ ਹੋਵੇ ਤਾਂ ਸੋਟੀ ਲੱਭਣ ਨੂੰ ਦੇਰ ਨਹੀਂ ਲਗਦੀ।

*-ਯਹੂਦੀ*

ਮਾੜੇ ਨਿਸ਼ਾਨਚੀ ਕੋਲ ਬਹਾਨਿਆਂ ਦੀ ਕਮੀ ਨਹੀਂ ਹੁੰਦੀ।

*-ਸਪੇਨ*

ਮਾੜਾ ਹਲਵਾਹ ਆਪਣੇ ਬਲਦਾਂ ਨਾਲ ਹੀ ਲੜੀ ਜਾਂਦਾ ਹੈ।

*-ਕੋਰੀਆ*

ਮੋਟੀਆਂ ਮੁਰਗੀਆਂ ਆਂਡੇ ਘੱਟ ਹੀ ਦਿੰਦੀਆਂ ਹਨ।

*-ਜਰਮਨੀ*

* **ਬੇਬਸੀ**

ਜੇ ਸਬਜ਼ੀ ਸੁਆਦ ਬਣਦੀ ਹੈ ਤਾਂ ਚੌਲ ਕੱਚੇ ਰਹਿ ਜਾਂਦੇ ਹਨ।

*-ਇੰਡੋਨੇਸ਼ੀਆ*

* **ਬੋਲਣਾ**

ਕਈ ਯੁੱਧਾਂ ਦਾ ਮੁੱਢ ਇਕੋ ਸ਼ਬਦ ਨਾਲ ਹੋਇਆ ਹੈ।

*-ਅਰਬ*

ਦੋ ਚੰਗੇ ਬੁਲਾਰੇ ਵੀ ਇਕ ਚੰਗੇ ਸਰੋਤੇ ਦੀ ਬਰਾਬਰੀ ਨਹੀਂ ਕਰ ਸਕਦੇ।

*-ਚੀਨ*

ਬੁਲਾਰੇ ਜਿਸ ਗੱਲ ਨੂੰ ਡੂੰਘਾਈ ਵਿਚ ਨਹੀਂ ਜਾਣਦੇ, ਉਸ ਨੂੰ ਲੰਬਾਈ ਵਿਚ ਪ੍ਰਗਟ ਕਰਦੇ ਹਨ।

*-ਫਰਾਂਸ*

ਬੋਲਿਆ ਸ਼ਬਦ ਅੱਧਾ ਬੋਲਣ ਵਾਲੇ ਦਾ ਹੁੰਦਾ ਹੈ ਤੇ ਅੱਧਾ ਉਸ ਨੂੰ ਸੁਣਨ ਵਾਲੇ ਦਾ।

*-ਫਰਾਂਸ*

ਸਿਆਣਾ ਆਦਮੀ ਆਪਣੇ ਸ਼ਬਦਾਂ ਨੂੰ ਸੁਨਿਆਰ ਦੀ ਤਕੜੀ 'ਤੇ ਤੋਲ ਕੇ ਬੋਲਦਾ ਹੈ।

*-ਜਰਮਨੀ*

## ਭ...

* **ਭੇਤ**

ਸ਼ਰਾਬੀ ਤੇ ਮੂਰਖ਼ ਕਦੇ ਰਾਜ਼ ਲੁਕਾ ਕੇ ਨਹੀਂ ਰੱਖ ਸਕਦੇ।

*-ਯੂਨਾਨ*

ਆਪਣੇ ਬਟੂਏ ਅਤੇ ਆਪਣੇ ਦਿਲ ਦੀ ਤਹਿ ਕਦੇ ਨਹੀਂ ਦਿਖਾਣੀ ਚਾਹੀਦੀ।

*-ਇਟਲੀ*

ਸਿਆਣੇ ਦੀ ਹਿੱਕ ਭੇਤਾਂ ਦੀ ਕਬਰ ਹੁੰਦੀ ਹੈ।

*-ਜਪਾਨ*

ਜਦ ਮਿਆਨ ਟੁੱਟ ਜਾਵੇ ਤਾਂ ਤਲਵਾਰ ਲੁਕਾਈ ਨਹੀਂ ਜਾ ਸਕਦੀ।

*-ਰੂਸ*

ਭੇਤ ਕਾਰੋਬਾਰ ਦੀ ਰੂਹ ਹੁੰਦਾ ਹੈ।

*-ਸਪੇਨ*

ਜਦ ਨਦੀ ਸੁੱਕ ਜਾਵੇਗੀ ਤਾਂ ਸਾਨੂੰ ਸਾਰਿਆਂ ਨੂੰ ਇਹ ਵੀ ਪਤਾ ਲੱਗ ਜਾਵੇਗਾ ਕਿ ਮਗਰਮੱਛ ਕਿਥੇ ਸੌਂਦਾ ਹੈ।

*-ਅਫ਼ਰੀਕਾ*

ਬੇਭਰੋਸੇ ਵਾਲੇ ਬੰਦੇ ਨਾਲ ਰਾਜ਼ ਸਾਂਝਾ ਕਰਨਾ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਕੋਈ ਮੋਰੀ ਵਾਲੇ ਥੈਲੇ 'ਚ ਦਾਣੇ ਪਾ ਕੇ ਤੁਰਿਆ ਫਿਰਦਾ ਹੈ।

*-ਇਥੋਪੀਆ*

ਇਹ ਸਿਰਫ਼ ਕੁੱਬਾ ਹੀ ਜਾਣਦਾ ਹੈ ਕਿ ਉਸ ਨੇ ਕਿਹੜੇ ਪਾਸੇ ਸੌਣਾ ਹੈ।

*-ਭਾਰਤ*

ਤੁਹਾਡੇ ਦੋਸਤ ਦਾ ਇਕ ਦੋਸਤ ਹੈ। ਅੱਗੇ ਦੋਸਤ ਦੇ ਦੋਸਤ ਦਾ ਵੀ ਇਕ ਦੋਸਤ ਹੈ। ਇਸ ਲਈ ਚੁੱਪ ਰਹਿਣਾ ਹੀ ਠੀਕ ਹੁੰਦਾ ਹੈ।

*-ਯਹੂਦੀ*

ਸਿਆਣਾ ਬਘਿਆੜ ਆਪਣੇ ਪੰਜੇ ਲੁਕਾ ਕੇ ਰੱਖਦਾ ਹੈ।

*-ਵੇਲਜ਼*

ਹਰ ਘਰ 'ਚ ਇਕ ਕਾਲੀ ਭੇਡ ਜ਼ਰੂਰ ਹੁੰਦੀ ਹੈ।

*-ਅਮਰੀਕਾ*



ਬੇਭਰੋਸੇ ਵਾਲੇ ਬੰਦੇ ਨੂੰ ਭੇਤ ਦੱਸਣਾ, ਦਾਣਿਆਂ ਨਾਲ ਭਰੇ ਉਸ ਥੈਲੇ ਵਾਂਗ ਹੁੰਦਾ ਹੈ, ਜਿਸ ਦੇ ਹੇਠਾਂ ਮੋਰੀ ਹੋਈ ਹੁੰਦੀ ਹੈ।

*-ਅਫ਼ਰੀਕਾ*

ਜਿਸ ਗੱਲ ਦਾ ਵੈਰੀ ਨੂੰ ਪਤਾ ਹੋਵੇ ਉਹ ਗੱਲ ਦੋਸਤ ਤੋਂ ਨਹੀਂ ਲੁਕਾਉਣੀ ਚਾਹੀਦੀ।

*-ਡੈਨਮਾਰਕ*

* **ਭੁੱਖ**

ਆਦਮੀ ਦੇ ਦਿਲ ਨੂੰ ਜਾਂਦਾ ਰਾਹ ਪੇਟ 'ਚੋਂ ਹੋ ਕੇ ਜਾਂਦਾ ਹੈ।

*-ਅੰਗਰੇਜ਼ੀ*

ਖ਼ੁਸ਼ੀ ਦਾ ਭੁੱਖੇ ਪੇਟ ਨਾਲ ਸਾਥ ਬਹੁਤੀ ਦੇਰ ਨਹੀਂ ਚਲਦਾ।

*-ਜਪਾਨ*

ਭੁੱਖੇ ਨੂੰ ਫੂਜੀ ਵਰਗਾ ਪਹਾੜ ਵੀ ਸੋਹਣਾ ਨਹੀਂ ਲਗਦਾ।

*-ਜਪਾਨ*

ਭੁੱਖਾ ਤਾਂ ਬਾਂਦਰ ਵੀ ਨਹੀਂ ਨੱਚੇਗਾ।

*-ਤੁਰਕੀ*

ਗੁਲਾਮ ਨੂੰ ਵੀ ਭੁੱਖ ਲਗਦੀ ਹੈ ਤੇ ਰਾਜੇ ਨੂੰ ਵੀ।

*-ਘਾਨਾ*

ਜੇ ਤੁਹਾਨੂੰ ਤਿੰਨ ਦਿਨ ਭੁੱਖੇ ਰਹਿਣਾ ਪੈ ਜਾਵੇ ਤਾਂ ਅਜਿਹਾ ਕੋਈ ਵਿਚਾਰ ਨਹੀਂ ਹੋਵੇਗਾ, ਜਿਹੜਾ ਤੁਹਾਡੀ ਕਲਪਨਾ 'ਚੋਂ ਨਾ ਲੰਘਿਆ ਹੋਵੇਗਾ।

*-ਕੋਰੀਆ*

ਭੁੱਖੇ ਪੇਟ ਸੌਣ ਵਾਲੇ ਨੂੰ ਮਿਠਾਈਆਂ ਦੇ ਸੁਪਨੇ ਆਉਂਦੇ ਹਨ।

*-ਮਾਲਟਾ*

ਗੁੱਸੇ ਵਿਚ ਆਏ ਬੰਦੇ ਨੂੰ ਪਲੇਟਾਂ ਧੋਣ ਲਈ ਤੇ ਭੁੱਖੇ ਨੂੰ ਚੌਲਾਂ ਦੀ ਰਖਵਾਲੀ ਕਰਨ ਲਈ ਨਾ ਕਹੋ।

*-ਕੰਬੋਡੀਆ*

ਇਕ ਦਿਨ ਦੀ ਭੁੱਖ ਨੂੰ ਭੁੱਖਮਰੀ ਨਹੀਂ ਕਿਹਾ ਜਾਂਦਾ।

*-ਕੋਂਗੋ*

ਜਿਹੜਾ ਲੜਾਈ ਵਿਚ ਰੋਟੀ ਵਾਸਤੇ ਸਮਝੌਤਾ ਕਰ ਲਵੇ, ਉਹ ਸਚਮੁੱਚ ਭੁੱਖਾ ਹੁੰਦਾ ਹੈ।

*-ਮੈਡਾਗਾਸਕਰ*

ਭੁੱਖਾ ਪੇਟ ਅਰਦਾਸ ਨੂੰ ਛੋਟਾ ਕਰ ਦਿੰਦਾ ਹੈ।

*-ਪਾਈਯੂਤੇ*

ਜਦ ਭੁੱਖ ਬੂਹਾ ਲੰਘ ਆਉਂਦੀ ਹੈ ਤਾਂ ਪਿਆਰ ਬਾਰੀ 'ਚੋਂ ਛਾਲ ਮਾਰ ਜਾਂਦਾ ਹੈ।

*-ਮੈਕਸੀਕੋ*

ਭੁੱਖ ਮੂਹਰੇ ਕੋਈ ਰੋਟੀ ਸਖ਼ਤ ਨਹੀਂ ਹੁੰਦੀ।

*-ਡੱਚ*

ਭੁੱਖ ਗੁੱਸੇ ਦੀ ਧਾਰ ਨੂੰ ਹੋਰ ਵੀ ਤਿੱਖਾ ਕਰਦੀ ਹੈ।

*-ਰੋਮਨ*

ਭੁੱਖੇ ਦੇ ਰਾਹ ਵਿਚ ਕਦੇ ਖੜ੍ਹੇ ਨਹੀਂ ਹੋਣਾ ਚਾਹੀਦਾ।

*-ਰੋਮਨ*

ਭੁੱਖ ਸੂਝ ਵਿਚ ਵਾਧਾ ਕਰਦੀ ਹੈ।

*-ਲੀਥੁਆਨੀਆ*

* **ਭਾਸ਼ਣ**

ਲੰਬਾ ਭਾਸ਼ਣ ਉਦਾਸੀਆਂ ਦਾ ਸਰੋਤ ਹੁੰਦਾ ਹੈ।

*-ਜਪਾਨ*

ਹਾਰੀ ਫ਼ੌਜ ਦੇ ਜਰਨੈਲ ਨੂੰ ਯੁੱਧ ਨੀਤੀ ਬਾਰੇ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

*-ਜਪਾਨ*

* **ਭੜਕਾਉਣਾ**

ਭੜਕਾਉਣਾ ਕੋਬਰੇ ਸੱਪ 'ਤੇ ਮਾਰੇ ਪੱਥਰ ਵਾਂਗ ਹੁੰਦਾ ਹੈ।

*-ਸ੍ਰੀਲੰਕਾ*

* **ਭੇਸ**

ਜ਼ਹਿਰ ਜ਼ਹਿਰ ਹੀ ਹੁੰਦਾ ਹੈ ਭਾਵੇਂ ਇਹ ਸੋਨੇ ਦੇ ਕੱਪ 'ਚ ਹੀ ਪਾ ਕੇ ਮਿਲਦਾ ਹੋਵੇ।

*-ਮਿਸਰ*

ਦੂਰ ਦੇ ਪਰਬਤ ਜ਼ਿਆਦਾ ਹਰੇ ਨਜ਼ਰ ਆਉਂਦੇ ਹਨ।

*-ਕੰਗੋ*

ਕਾਲੀ ਮੁਰਗੀ ਦੇ ਆਂਡੇ ਸਫ਼ੇਦ ਹੁੰਦੇ ਹਨ।

*-ਚਾਡ*

ਜਿਸ ਨੂੰ ਦੇਖ ਕੇ ਕੁੱਤਾ ਭੌਂਕੇ, ਇਹ ਜ਼ਰੂਰੀ ਨਹੀਂ ਉਹ ਚੋਰ ਹੀ ਹੋਵੇ।

*-ਬੋਤਸਵਾਨਾ*

ਨੰਗੇ ਹੋਣ ਨਾਲੋਂ ਫਟਿਆ ਪੁਰਾਣਾ ਕਪੜਾ ਪਾਉਣਾ ਹੀ ਚੰਗਾ ਹੁੰਦਾ ਹੈ।

*-ਹਾਈਤੀ*



* **ਭਿੰਨਤਾ**

ਚਿੱਟਾ ਰੰਗ ਕਾਲੇ ਰੰਗ ਦੇ ਵਿਚਕਾਰ ਜ਼ਿਆਦਾ ਚਮਕਦਾ ਹੈ।

*-ਅਫ਼ਗਾਨਿਸਤਾਨ*

ਜੇ ਹਰ ਕੋਈ ਇਕੋ ਤਰ੍ਹਾਂ ਸੋਚੇਗਾ ਤਾਂ ਖਰੀਦ ਵੇਚ ਨਹੀਂ ਹੋ ਸਕਦੀ।

*-ਲੀਬੀਆ*

ਜਿਸ ਦਵਾਈ ਨੇ ਦਰਜ਼ੀ ਦੀ ਜਾਨ ਬਚਾਈ ਸੀ, ਉਹੀ ਦਵਾਈ ਮੋਚੀ ਦੀ ਜਾਨ ਲੈ ਸਕਦੀ ਹੈ।

*-ਸਕੈਨੀਆ*

ਜਿਸ ਫੁੱਲ 'ਚੋਂ ਮਧੂਮੱਖੀ ਸ਼ਹਿਦ ਚੂਸਦੀ ਹੈ, ਉਸੇ ਫੁੱਲ 'ਚੋਂ ਸੱਪ ਜ਼ਹਿਰ ਚੂਸਦਾ ਹੈ।

*-ਅਰਮਾਨੀਆ*

* **ਭੋਜਨ**

ਰੋਟੀ ਤੋਂ ਪਹਿਲਾਂ ਰਸੋਈਏ ਨਾਲ ਲੜਨਾ ਠੀਕ ਨਹੀਂ ਹੁੰਦਾ।

* **ਭ੍ਰਿਸ਼ਟਾਚਾਰ**

ਜੋ ਲੋਕ ਸਰਕਾਰੀ ਨੌਕਰੀ ਤਾਂ ਕਰਦੇ ਹਨ ਪਰ ਲੋਕਾਂ ਨੂੰ ਪਿਆਰ ਨਹੀਂ ਕਰਦੇ, ਉਹ ਤਨਖਾਹਾਂ ਚੋਰੀ ਕਰਦੇ ਹਨ।

*-ਤਾਓ*

ਸੋਨੇ ਦੀ ਹਥੌੜੀ ਲੋਹੇ ਦੇ ਫਾਟਕ ਨੂੰ ਤੋੜ ਦਿੰਦੀ ਹੈ।

*-ਜਰਮਨੀ*

* **ਭਾਸ਼ਾ**

ਭਾਸ਼ਾ ਸਰਲ ਚੀਜ਼ ਨਹੀਂ ਹੈ।

*-ਅਫ਼ਰੀਕਾ*

ਹੋ ਸਕਦਾ ਹੈ ਭਾਸ਼ਾ ਦੀ ਕਾਢ ਮਨੁੱਖ ਨੇ ਆਪਣੇ ਅੰਦਰ ਬੈਠੀ ਸ਼ਿਕਾਇਤ ਕਰਨ ਵਾਲੀ ਤੀਬਰ ਲਾਲਸਾ ਅਧੀਨ ਕੱਢੀ ਹੋਵੇ।

*-ਸਮਕਾਲੀ*

ਜੇ ਦੋ ਭਾਸ਼ਾਵਾਂ ਇਕੋ ਗੱਲ ਕਹਿਣ ਤਾਂ ਇਹ ਗੱਲ ਇਕੋ ਨਹੀਂ ਹੁੰਦੀ।

*-ਰੋਮਨ*

* **ਭੱਜਣ ਵਾਲਾ**

ਭੱਜਿਆ ਜਾਂਦਾ ਬੰਦਾ ਇਕੋ ਰਾਤ 'ਚ ਹਜ਼ਾਰ ਬੰਦੇ ਦੀ ਗਰਦਨ ਵੱਢ ਸਕਦਾ ਹੈ।

*-ਕਲਿੰਗੋਨ*

# ਮ...

* **ਮੁਸੀਬਤ**

ਮੀਂਹ ਵਿਚ ਹਨੇਰੀ ਦਾ ਵਾਧਾ।

*-ਸੋਲੋਮਨ ਟਾਪੂ*

ਜਦ ਮੁਸੀਬਤ ਆਉਂਦੀ ਹੈ ਤਾਂ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਵੀ ਲੈ ਕੇ ਆਉਂਦੀ ਹੈ।

*-ਅਫ਼ਰੀਕਾ*

ਜਦੋਂ ਚੂਹੇ ਅੱਗ ਵੱਲ ਭੱਜਦਾ ਹੈ ਤਾਂ ਇਸ ਦਾ ਮਤਲਬ ਹੈ ਉਹ ਅੱਗ ਤੋਂ ਵੀ ਗਰਮ ਚੀਜ਼ ਤੋਂ ਦੂਰ ਭੱਜ ਰਿਹਾ ਹੈ।

*-ਅਫ਼ਰੀਕਾ*

ਮੁਸੀਬਤ ਵਿਚੋਂ ਬਾਹਰ ਨਿਕਲਣ ਵਾਲਾ ਰਸਤਾ, ਮੁਸੀਬਤ ਅੰਦਰ ਜਾਣ ਵਾਲੇ ਰਸਤੇ ਜਿੰਨਾ ਸੌਖਾ ਨਹੀਂ ਹੁੰਦਾ।

*-ਅਮਰੀਕਾ*

* **ਮੁਸਕਰਾਹਟ**

ਮੰਨਿਆ ਕਿ ਜ਼ਿੰਦਗੀ ਛੋਟੀ ਹੁੰਦੀ ਹੈ ਪਰ ਮੁਸਕਰਾਉਣ ਨੂੰ ਵੀ ਇਕ ਸਕਿੰਟ ਹੀ ਲਗਦਾ ਹੈ।

*-ਕਿਊਬਾ*

ਦੋ ਬੰਦਿਆਂ ਦੀ ਘੱਟੋ-ਘੱਟ ਦੂਰੀ ਨੂੰ ਮੁਸਕਰਾਹਟ ਕਿਹਾ ਜਾਂਦਾ ਹੈ।

*-ਅਫ਼ਰੀਕਾ*

ਇਕ ਮੁਸਕਰਾਹਟ ਹਜ਼ਾਰ ਸ਼ਬਦਾਂ ਤੋਂ ਵੱਧ ਕੀਮਤੀ ਹੁੰਦੀ ਹੈ।

*-ਅਮਰੀਕਾ*

ਮੁਸਕਰਾਂਦਾ ਚਿਹਰਾ ਅੱਧੀ ਭੁੱਖ ਦੂਰ ਕਰ ਦਿੰਦਾ ਹੈ।

*-ਲਾਤਵੀਆ*

ਮੁਸਕਰਾਂਦਾ ਚਿਹਰਾ ਗ਼ਮਾਂ ਨੂੰ ਦੂਰ ਕਰਦਾ ਹੈ।

*-ਨਾਈਜੀਰੀਆ*

ਮੁਸਕਰਾਹਟ ਤੁਹਾਨੂੰ ਉਮਰ ਦੇ ਦਸ ਸਾਲ ਵਾਧੂ ਲੈ ਕੇ ਦਿੰਦੀ ਹੈ।

*-ਚੀਨ*



ਮੁਸਕਰਾਂਦੇ ਚਿਹਰੇ ਦਾ ਕੋਈ ਦੁਸ਼ਮਣ ਨਹੀਂ ਹੁੰਦਾ।

*-ਜਪਾਨ*

* **ਮਹਿਮਾਨ**

ਸਿਰਫ਼ ਹੋਟਲ ਦਾ ਮਾਲਕ ਹੀ ਆਪਣੇ ਮਹਿਮਾਨਾਂ ਦੇ ਵੱਡੇ ਢਿੱਡਾਂ ਦਾ ਫ਼ਿਕਰ ਨਹੀਂ ਕਰਦਾ।

*-ਚੀਨ*

ਚੰਗੀ ਖ਼ਾਤਰਦਾਰੀ ਕਰਨ ਵਾਲੇ ਦਾ ਪ੍ਰਾਹੁਣਾ ਹੀ ਖ਼ਾਤਰਦਾਰੀ ਕਰਨਾ ਸਿੱਖਦਾ ਹੈ।

*-ਅਰਬ*

ਮਹਿਮਾਨ ਸਭ ਤੋਂ ਚੰਗਾ ਉਦੋਂ ਲਗਦਾ ਹੈ, ਜਦੋਂ ਉਹ ਜਾ ਰਿਹਾ ਹੋਵੇ।

*-ਜਰਮਨੀ*

ਕਿਸੇ ਦੇ ਘਰ ਬਾਰ ਬਾਰ ਜਾਣਾ ਜਾਂ ਲੰਮੇ ਸਮੇਂ ਤਕ ਜਾਣਾ ਠੀਕ ਨਹੀਂ ਹੁੰਦਾ।

*-ਆਇਰਲੈਂਡ*

ਜਦ ਤਕ ਤੁਹਾਡੇ ਚੁੱਲ੍ਹੇ 'ਚ ਅੱਗ ਰਹੇਗੀ, ਉਦੋਂ ਤਕ ਮਹਿਮਾਨ ਆਣ ਤੋਂ ਨਹੀਂ ਹਟਣਗੇ।

*-ਜਪਾਨ*

ਜਿਹੜਾ ਪ੍ਰਾਹੁਣੇ ਭਾਡ ਤੋੜ ਕੇ ਜਾਵੇ, ਉਹ ਛੇਤੀ ਕੀਤੇ ਨਹੀਂ ਭੁੱਲਦਾ।

*-ਪੱਛਮੀ ਅਫ਼ਰੀਕਾ*

ਚੰਗਾ ਲੱਗਣ ਵਾਲਾ ਪ੍ਰਾਹੁਣਾ ਵੀ ਲੋੜ ਤੋਂ ਜ਼ਿਆਦਾ ਰੁਕਣ ਨਾਲ ਥਕਾਉਣ ਲਗਦਾ ਹੈ।

*-ਜਪਾਨ*

ਮਹਿਮਾਨ ਤੇ ਮੱਛੀ ਤਿੰਨ ਦਿਨ ਬਾਅਦ ਬੂ ਮਾਰਨ ਲਗਦੇ ਹਨ।

ਖੋਤੇ ਦੇ ਘਰ ਜਾ ਕੇ ਲੰਬੇ ਕੰਨਾਂ ਦੀ ਗੱਲ ਨਹੀਂ ਕਰਨੀ ਚਾਹੀਦੀ।

*-ਜਮਾਇਕਾ*

ਜਿਸ ਦੇ ਆਉਣ 'ਤੇ ਖ਼ੁਸ਼ੀ ਨਾ ਹੋਵੇ, ਉਸ ਦੇ ਜਾਣ 'ਤੇ ਜ਼ਰੂਰ ਖ਼ੁਸ਼ੀ ਹੁੰਦੀ ਹੈ।

*-ਬੰਗਾਲੀ*

ਜਦੋਂ ਕਿਸੇ ਦੇ ਘਰ ਅੰਦਰ ਵੜਨ ਲੱਗੋ ਤਾਂ ਆਪਣੇ ਸਾਰੇ ਔਗੁਣ ਦਰਵਾਜ਼ੇ ਦੇ ਬਾਹਰ ਛੱਡ ਦੇਣੇ ਚਾਹੀਦੇ ਹਨ।

*-ਰਵਾਂਡਾ*

ਮਹਿਮਾਨ ਮੀਂਹ ਵਾਂਗ ਹੁੰਦਾ ਹੈ, ਜੇ ਬਹੁਤੀ ਦੇਰ ਰੁਕ ਜਾਵੇ ਤਾਂ ਖਿਝ ਪੈਦਾ ਕਰਨ ਲੱਗਦਾ ਹੈ।

*-ਯਿੱਦੀਸ਼*

ਹਰ ਮਹਿਮਾਨ ਦੂਜੇ ਮਹਿਮਾਨ ਨੂੰ ਨਫ਼ਰਤ ਕਰਦਾ ਹੈ ਅਤੇ ਮੇਜ਼ਬਾਨ ਸਾਰਿਆਂ ਨੂੰ।

*-ਅਲਬਾਨੀਆ*

**ਮਾਹੌਲ**

ਬੋਧੀ ਮੰਦਰ ਕੋਲ ਰਹਿਣ ਵਾਲਾ ਬੱਚਾ ਬਿਨਾਂ ਪੜ੍ਹਾਏ ਮੰਤਰ ਸਿੱਖ ਲੈਂਦਾ ਹੈ।

*-ਜਪਾਨ*

ਜਿਸ ਤਰ੍ਹਾਂ ਦੀ ਚਰਾਗਾਹ ਹੁੰਦੀ ਹੈ ਉਸੇ ਤਰ੍ਹਾਂ ਦਾ ਇਸ 'ਚ ਚਰਨ ਵਾਲਾ ਪਸ਼ੂਆਂ ਦਾ ਝੁੰਡ ਹੁੰਦਾ ਹੈ।

*-ਇਥੋਪੀਆ*

**ਮਹਾਨਤਾ**

ਕੁੱਤੇ ਭੌਂਕਣ ਨਾਲ ਪਹਾੜ ਨੂੰ ਕੋਈ ਫ਼ਰਕ ਨਹੀਂ ਪੈਂਦਾ।

*-ਤਾਮਿਲ*

ਵਿਸ਼ਾਲ ਦਰਿਆ ਆਵਾਜ਼ ਨਹੀਂ ਕਰਦੇ।

*-ਤੁਰਕੀ*

**ਮਿਹਨਤ**

ਰੱਬ ਰੋਟੀ ਤਾਂ ਦਿੰਦਾ ਹੈ ਪਰ ਇਸ ਨੂੰ ਪਕਾ ਕੇ ਤੁਹਾਡੇ ਮੂੰਹ 'ਚ ਨਹੀਂ ਪਾਉਂਦਾ।

*-ਤੇਲਗੂ*

ਪੇੜ ਇਕੋ ਵਾਰ ਨਾਲ ਨਹੀਂ ਡਿੱਗਦੇ।

*-ਤੁਰਕ*

ਸੁਪਨੇ ਸੱਚ ਕਰਨੇ ਹੋਣ ਤਾਂ ਲੋੜ ਤੋਂ ਜ਼ਿਆਦਾ ਨਹੀਂ ਸੌਣਾ ਚਾਹੀਦਾ।

*-ਯਿੱਦੀਸ਼*

ਲੁਹਾਰ ਅਤੇ ਤਰਖਾਣ ਕਦੇ ਗ਼ਰੀਬ ਨਹੀਂ ਹੋ ਸਕਦੇ।

*-ਬੇਨਿਨ*

ਰੱਬ ਜੇ ਭਾਰ ਦਿੰਦਾ ਹੈ ਤਾਂ ਮੋਢੇ ਵੀ ਦਿੰਦਾ ਹੈ।

*-ਯਹੂਦੀ*

ਪਥਰੀਲੀ ਜ਼ਮੀਨ ਨੂੰ ਅਰਦਾਸ ਨਹੀਂ ਕੁਹਾੜੀ ਦੀ ਲੋੜ ਹੁੰਦੀ ਹੈ।

*-ਨਵਾਜੋ*

ਸੌ ਸਾਲ ਗਾਂ ਬਣਨ ਨਾਲੋਂ ਇਕ ਸਾਲ ਲਈ ਬਲਦ ਹੋਣਾ ਚੰਗਾ ਹੁੰਦਾ ਹੈ।

*-ਕਰੋਆਤੀਆ*

ਮਿਹਨਤ ਨਾਲ ਆਮ ਬੁੱਧੀ ਵਾਲਾ ਵੀ ਵੱਡੇ ਕੰਮ ਸਿਰੇ ਲਾ ਦਿੰਦਾ ਹੈ।

*-ਰੋਮਨ*



ਮਿਹਨਤ ਹੀ ਚੰਗੀ ਕਿਸਮਤ ਦੀ ਮਾਂ ਹੁੰਦੀ ਹੈ।

*-ਅਰਬ*

ਮਿਹਨਤ ਇਕ ਅਜਿਹਾ ਗੁਣ ਹੈ ਜਿਸ ਵਿਚ ਬਾਕੀ ਸਾਰੇ ਗੁਣ ਸਮਾਏ ਹੁੰਦੇ ਹਨ।

*-ਰੋਮਨ*

ਸਖ਼ਤ ਮਿਹਨਤ ਨੂੰ ਦੇਵਤੇ ਹਰ ਚੀਜ਼ ਵੇਚਣ ਨੂੰ ਤਿਆਰ ਹੁੰਦੇ ਹਨ।

*-ਰੋਮਨ*

* **ਮੁਹਾਵਰੇ**

ਮੁਹਾਵਰੇ ਕਿਸੇ ਵੀ ਜ਼ੁਬਾਨ ਦੇ ਗਹਿਣੇ ਹੁੰਦੇ ਹਨ।

ਮੁਹਾਵਰੇ ਨੂੰ ਸੋਧਣਾ ਸੰਭਵ ਨਹੀਂ ਹੁੰਦਾ।

ਮੁਹਾਵਰੇ ਤਾਂ ਤਿਤਲੀਆਂ ਵਰਗੇ ਹੁੰਦੇ ਹਨ, ਕੁਝ ਫੜੇ ਜਾਂਦੇ ਹਨ ਬਾਕੀ ਉੱਡ ਜਾਂਦੇ ਹਨ।

ਮੁਹਾਵਰੇ ਜਾਣਨ ਵਾਲਾ ਆਦਮੀ ਸਾਡੀਆਂ ਔਕੜਾਂ ਨੂੰ ਸੌਖਾ ਕਰ ਦਿੰਦਾ ਹੈ।

*-ਅਫ਼ਰੀਕਾ*

ਮੁਹਾਵਰੇ ਕੁਝ ਸਿੱਖਣ ਲਈ ਹੁੰਦੇ ਹਨ ਦੁਹਰਾਣ ਲਈ ਨਹੀਂ।

*-ਅਫ਼ਰੀਕਾ*

ਅਖਾਣਾਂ ਰਾਹੀਂ ਆਦਮੀ ਨੂੰ ਗੱਲ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ।

*-ਹੀਬ੍ਰੂ*

ਮੌਕੇ ਅਨੁਸਾਰ ਕਿਹਾ ਮੁਹਾਵਰਾ ਹੀਰੇ ਵਰਗਾ ਹੁੰਦਾ ਹੈ ਇਹ ਰੌਸ਼ਨੀ ਵੀ ਕਰਦਾ ਹੈ ਤੇ ਕੱਟਦਾ ਵੀ ਹੈ।

*-ਹੀਬ੍ਰੂ*

ਕੋਈ ਵੀ ਮੁਹਾਵਰਾ ਝੂਠਾ ਨਹੀਂ ਹੁੰਦਾ।

*-ਹੀਬ੍ਰੂ*

ਪੁਰਾਣੇ ਅਖਾਣ ਸੱਚ ਦੇ ਬੱਚਿਆਂ ਵਾਂਗ ਹੁੰਦੇ ਹਨ।

*-ਵੇਲਜ਼*

ਜਿਹੇ ਸੰਦ ਤਿਹੇ ਤਰਖਾਣ। ਜੇਹੇ ਲੋਕ ਤੇਹੇ ਅਖਾਣ।

*-ਪੰਜਾਬੀ*

ਮੁਹਾਵਰਾ ਅਨੁਭਵ ਦਾ ਬੱਚਾ ਹੁੰਦਾ ਹੈ।

*-ਫਰਾਂਸ*

ਜਿਵੇਂ ਲੂਣ ਭੋਜਨ ਲਈ ਤਿਵੇਂ ਮੁਹਾਵਰਾ ਬੋਲੀ ਲਈ।

*-ਅਰਬ*

## ਯ...

* **ਯੋਗਤਾ**

ਚੰਗੇ ਮਲਾਹ ਦੀ ਪਛਾਣ ਤੂਫ਼ਾਨ ਆਏ ਤੋਂ ਹੀ ਹੁੰਦੀ ਹੈ।

*-ਯੂਨਾਨ*

ਤਕੜੇ ਜਰਨੈਲ ਦੇ ਸਿਪਾਹੀ ਕਮਜ਼ੋਰ ਨਹੀਂ ਹੋ ਸਕਦੇ।

*-ਜਪਾਨ*

ਜੇ ਮੌਕਾ ਠੁਕਰਾ ਦਿੱਤਾ ਜਾਵੇ ਤਾਂ ਇਕੱਲੀ ਯੋਗਤਾ ਕਿਸੇ ਕੰਮ ਨਹੀਂ ਆਉਂਦੀ।

*-ਬੇਲੀਜ਼*

ਜਦ ਸਾਗਰ ਸ਼ਾਂਤ ਹੋਵੇ ਤਾਂ ਜਹਾਜ਼ ਨੂੰ ਹਰ ਕੋਈ ਚਲਾ ਸਕਦਾ ਹੈ।

*-ਕੋਸਟਾ ਰਿਕਾ*

ਅਯੋਗਤਾ ਸਾਡੇ ਦਿਮਾਗਾਂ 'ਚ ਘੜੀਆਂ ਹੱਦਾਂ 'ਚੋਂ ਪੈਦਾ ਹੁੰਦੀ ਹੈ।

ਅਨਾੜੀ ਪਰਿੰਦਿਆਂ ਨੂੰ ਸਵੇਰੇ ਸਭ ਤੋਂ ਪਹਿਲਾਂ ਉਡਣਾ ਪੈਂਦਾ ਹੈ।

ਚੰਗਾ ਬੀਜ ਸਮੁੰਦਰ 'ਚ ਵੀ ਡਿੱਗੇਗਾ ਤਾਂ ਟਾਪੂ ਬਣ ਕੇ ਉੱਭਰੇਗਾ।

*-ਥਾਈਲੈਂਡ*

ਘੋੜੇ ਦੇ ਕੰਨਾਂ 'ਚ ਮੰਤਰ ਪੜ੍ਹਨ ਦਾ ਕੀ ਫ਼ਾਇਦਾ!

*-ਜਪਾਨ*

ਰੇਤ ਦੀ ਘੁਸਰ ਮੁਸਰ ਸਿਰਫ਼ ਕੀੜੀ ਹੀ ਸੁਣ ਸਕਦੀ ਹੈ।

*-ਅਫ਼ਰੀਕਾ*

ਇਕ ਰੱਸੀ ਸੌ ਲੱਕੜੀਆਂ ਨੂੰ ਬੰਨ੍ਹ ਸਕਦੀ ਹੈ।

*-ਅਮਹਾਰਾ*

ਜਿਹੜਾ ਪੇੜ ਵੱਡਾ ਅਤੇ ਮਜ਼ਬੂਤ ਹੋਵੇ ਉਸ ਨਾਲ ਹੀ ਤੁਸੀਂ ਗਾਂ ਬੰਨ੍ਹ ਸਕਦੇ ਹੋ।

*-ਲੰਬੇਰੀਆ*

ਫਾਂਸੀ ਲਾਉਣ ਵਾਲੇ ਦੇ ਘਰ 'ਚੋਂ ਰੱਸੀ ਹਮੇਸ਼ਾ ਮਿਲੇਗੀ।

*-ਨੀਦਰਲੈਂਡ ਐਨਟਿੱਲਸ*

ਸੌਖਾ ਹਜ਼ਾਰ ਫ਼ੌਜੀ ਇਕੱਠਾ ਕਰਨਾ, ਪਰ ਮੁਸ਼ਕਲ ਲੱਭਣਾ ਇਕ ਜਰਨੈਲ

*-ਜ਼ੇਨ*



ਊਠ ਖਾਰਸ਼ ਵਾਲਾ ਵੀ ਹੋਵੇ ਤਾਂ ਵੀ ਉਹ ਕਈ ਖੋਤਿਆਂ ਨਾਲੋਂ ਵੱਧ ਭਾਰ ਢੋ ਸਕਦਾ ਹੈ।

*-ਰੋਮਨ*

* **ਯਾਤਰਾ**

ਲੰਬੀਆਂ ਲੱਤਾਂ ਵਾਲਾ ਸਫ਼ਰ ਜਲਦੀ ਪੂਰਾ ਕਰਦਾ ਹੈ।

*-ਅਰਬ*

ਥੱਕੇ ਬੰਦੇ ਲਈ ਇਕ ਮੀਲ ਵੀ ਲੰਬਾ ਪੈਂਡਾ ਹੁੰਦਾ ਹੈ।

*-ਜਪਾਨ*

ਲੰਬੇ ਸਫ਼ਰ 'ਤੇ ਇਕ ਤੀਲ੍ਹਾ ਵੀ ਭਾਰੀ ਲਗਦਾ ਹੈ।

*-ਸਪੇਨ*

ਜੇ ਇਕ ਦਿਨ ਦੀ ਯਾਤਰਾ 'ਤੇ ਜਾਣਾ ਹੋਵੇ ਤਾਂ ਸੱਤ ਦਿਨ ਦਾ ਰਾਸ਼ਨ ਲੈ ਕੇ ਤੁਰਨਾ ਚਾਹੀਦਾ ਹੈ।

*-ਆਈਸਲੈਂਡ*

ਘਰ ਬੈਠੇ ਬੁੱਢੇ ਨਾਲੋਂ ਯਾਤਰਾ ਕਰਕੇ ਮੁੜੇ ਬੱਚੇ ਨੂੰ ਜ਼ਿਆਦਾ ਕੁਝ ਪਤਾ ਹੁੰਦਾ ਹੈ।

*-ਇਗਬੋ ਕਬੀਲਾ*

ਸਫ਼ਰ ਹੀ ਇਨਾਮ ਹੁੰਦਾ ਹੈ।

*-ਤਾਓ ਪਰੰਪਰਾ*

ਯਾਤਰਾ ਨਾਲ ਸਿਆਣਪ ਲੱਭੀ ਜਾ ਸਕਦੀ ਹੈ।

*-ਸ੍ਰੀਲੰਕਾ*

ਜਿਸ ਨੇ ਦੁਨੀਆ ਘੁੰਮ ਫਿਰ ਕੇ ਨਾ ਦੇਖੀ ਹੋਵੇ, ਉਸ ਲਈ ਆਪਣੀ ਮਾਂ ਹੀ ਸਭ ਤੋਂ ਵਧੀਆ ਰੋਟੀ ਬਣਾਉਣ ਵਾਲੀ ਹੁੰਦੀ ਹੈ।

*-ਯੁਗਾਂਡਾ*

ਦਿਨ ਵੇਲੇ ਟਿਕਾਣੇ 'ਤੇ ਪਹੁੰਚਣ ਲਈ ਯਾਤਰਾ ਰਾਤ ਨੂੰ ਸ਼ੁਰੂ ਕਰਨੀ ਪੈਂਦੀ ਹੈ।

*-ਫਾਰਸੀ*

* **ਯਾਦ**

ਜਵਾਨੀ ਦੀ ਯਾਦ ਹਉਕੇ ਦਾ ਕਾਰਨ ਬਣਦੀ ਹੈ।ਪਰ ਮੌਤ ਦੀ ਯਾਦ ਦਿਲ ਨੂੰ ਤਾਜ਼ਾ ਕਰ ਦਿੰਦੀ ਹੈ।

*-ਅਰਬ*

ਜਿਸ ਨੇ ਪੱਥਰ ਮਾਰਿਆ ਹੋਵੇ ਉਹ ਭੁੱਲ ਜਾਂਦਾ ਹੈ ਪਰ ਜਿਸ ਦੇ ਇਹ ਵੱਜਿਆ ਹੋਵੇ ਉਹ ਕਦੇ ਨਹੀਂ ਭੁੱਲਦਾ।

*-ਅੰਗੋਲਾ*

## ਯੁੱਧ

ਯੁੱਧ ਸ਼ੁਰੂ ਹਰ ਕੋਈ ਕਰ ਸਕਦਾ ਹੈ, ਪਰ ਖ਼ਤਮ ਕੋਈ ਕੋਈ।
ਜਿਹੜੇ ਤਲਵਾਰ ਨਾਲ ਜਿਉਂਦੇ ਹਨ, ਉਹ ਮਰਦੇ ਵੀ ਤਲਵਾਰ ਨਾਲ ਹੀ ਹਨ।

*-ਮਕਦੂਨੀਆ*

ਨਾ ਮੁੱਕਣ ਵਾਲਾ ਯੁੱਧ ਬਹਾਦਰਾਂ ਨੂੰ ਵੀ ਸ਼ਰਮਸਾਰ ਕਰਦਾ ਹੈ।

*-ਅਫ਼ਰੀਕਾ*

ਯੁੱਧ ਦਾ ਪਹਿਲਾ ਸ਼ਿਕਾਰ ਸੱਚ ਹੁੰਦਾ ਹੈ।

*-ਅਫ਼ਰੀਕਾ*

ਯੁੱਧ ਉਹ ਲੋਕ ਲੜਦੇ ਹਨ, ਜਿਨ੍ਹਾਂ ਦੀ ਉਮਰ ਆਪ ਲੜਨ ਜੋਗੀ ਨਹੀਂ ਹੁੰਦੀ ਤੇ ਇਸ ਵਿਚ ਉਹ ਲੋਕ ਸ਼ਾਮਲ ਹੁੰਦੇ ਹਨ ਜਿਨ੍ਹਾਂ ਦੀ ਉਮਰ ਹਾਲੇ ਮਰਨ ਵਾਲੀ ਨਹੀਂ ਹੁੰਦੀ।

*-ਅਫ਼ਰੀਕਾ*

ਜਦੋਂ ਅੰਨ੍ਹਾ ਇਹ ਕਹੇ ਕਿ ਉਹ ਪੱਥਰ ਸੁੱਟੇਗਾ ਤਾਂ ਸਮਝ ਜਾਓ ਕਿ ਉਸ ਦੇ ਪੈਰ ਹੇਠਾਂ ਪੱਥਰ ਪਿਆ ਹੈ।

*-ਅਫ਼ਰੀਕਾ*

ਯੁੱਧ ਦੇ ਸਮੇਂ ਤੁਸੀਂ ਆਪਣੀ ਤਲਵਾਰ ਕਿਸੇ ਨੂੰ ਉਧਾਰ ਨਹੀਂ ਦੇ ਸਕਦੇ।

*-ਬੋਸਨੀਆ*

ਯੁੱਧ ਮੁੱਕਣ ਤੋਂ ਬਾਅਦ ਹਰ ਕੋਈ ਜਰਨੈਲ ਹੁੰਦਾ ਹੈ।

*-ਚੈੱਕੋਸਲਵਾਕੀਆ*

ਜਿਹੜਾ ਯੁੱਧ ਲਈ ਕਾਹਲੀ ਕਰਦਾ ਹੈ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਯੁੱਧ ਮੌਤ ਦਾ ਵਸੀਲਾ ਹੁੰਦੀ ਹੈ।

*-ਇਗਬੋ ਕਬੀਲਾ*

ਯੁੱਧ ਦੇ ਮੈਦਾਨ ਤੋਂ ਦੂਰ ਬੈਠੇ ਲੋਕ ਹੀ ਆਪਣੀਆਂ ਤਲਵਾਰਾਂ ਬਾਰੇ ਫੜ੍ਹਾਂ ਮਾਰਦੇ ਹਨ।

*-ਕੁਰਦੀ*

ਜੇ ਇਕ ਫ਼ੌਜੀ ਨੂੰ ਇਹ ਪਤਾ ਲੱਗ ਜਾਵੇ ਕਿ ਦੂਜਾ ਫ਼ੌਜੀ ਕਿਸ ਤਰ੍ਹਾਂ ਸੋਚਦਾ ਹੈ ਤਾਂ ਯੁੱਧ ਹੋਣੋਂ ਹਟ ਜਾਣਗੇ।

*-ਯਹੂਦੀ*

ਯੁੱਧ ਨਾਲ ਮਸਲੇ ਹੱਲ ਨਹੀਂ ਹੁੰਦੇ।

*-ਜ਼ੇਅਰ*



ਯੁੱਧ ਨਾਲ ਇਹ ਗੱਲ ਦਾ ਫ਼ੈਸਲਾ ਨਹੀਂ ਹੁੰਦਾ ਕਿ ਜੇਤੂ ਕੌਣ ਹੈ, ਸਗੋਂ ਇਸ ਗੱਲ ਦਾ ਫ਼ੈਸਲਾ ਹੁੰਦਾ ਹੈ ਕਿ ਪਿੱਛੇ ਕੌਣ ਬਚੇਗਾ।

*-ਸਮਕਾਲੀ*

ਯੁੱਧ ਤੋਂ ਦੂਰ ਹਰ ਕੋਈ ਹੀ ਫ਼ੌਜੀ ਹੁੰਦਾ ਹੈ।

*-ਜਰਮਨੀ*

ਯੁੱਧ ਦੇ ਦਿਨਾਂ ਵਿਚ ਸ਼ੈਤਾਨ ਨੂੰ ਨਰਕ ਦਾ ਘੇਰਾ ਹੋਰ ਵੀ ਵਧਾਉਣਾ ਪੈਂਦਾ ਹੈ।

*-ਜਰਮਨੀ*

ਯੁੱਧ ਦੇ ਦਿਨਾਂ ਵਿਚ ਘੋੜਿਆਂ ਦੀਆਂ ਕੀਮਤਾਂ ਚੜ੍ਹ ਜਾਂਦੀਆਂ ਹਨ।

*-ਇਟਲੀ*

ਯੁੱਧ ਅੰਦਰ ਹਾਰਨ ਵਾਲਾ ਤਬਾਹ ਹੋ ਜਾਂਦਾ ਹੈ ਅਤੇ ਜਿੱਤਣ ਵਾਲਾ ਰੋਂਦਾ ਹੈ।

*-ਰੋਮਨ*

ਬਹੁਤੀ ਵਾਰ ਯੁੱਧ ਦੀਆਂ ਅੱਗਾਂ ਨੂੰ ਸ਼ੁਰੂ ਕਰਨ ਲਈ ਸ਼ਬਦ ਦੀ ਇਕ ਤੀਲ੍ਹੀ ਹੁੰਦੀ ਹੈ।

*-ਮਿਸਰ*

ਜੰਗ ਜਲਦੀ ਜਿੱਤਣ ਲਈ ਲੰਬੀ ਤਿਆਰੀ ਦੀ ਲੋੜ ਹੁੰਦੀ ਹੈ।

*-ਰੋਮਨ*

ਯੁੱਧ ਦਾ ਪਹਿਲਾ ਘਾਇਲ ਸੱਚ ਹੁੰਦਾ ਹੈ।

*-ਅਮਰੀਕਾ*

ਜਿਨ੍ਹਾਂ ਨੇ ਆਪ ਕਦੇ ਯੁੱਧ ਦਾ ਦੁੱਖ ਨਾ ਹੰਢਾਇਆ ਹੋਵੇ, ਉਨ੍ਹਾਂ ਲਈ ਯੁੱਧ ਮਨ ਪਰਚਾਵਾ ਹੀ ਹੁੰਦੇ ਹਨ।

*-ਰੋਮਨ*

ਯੁੱਧ ਸ਼ੁਰੂ ਹੁੰਦਾ ਹੈ ਤਾਂ ਨਰਕ ਦੀ ਸੰਗਲੀ ਖੁੱਲ੍ਹ ਜਾਂਦੀ ਹੈ।

*-ਇਟਲੀ*

ਯੁੱਧ ਇਕ ਗੰਭੀਰ ਮਸਲਾ ਹੈ, ਇਸ ਨੂੰ ਸਿਰਫ਼ ਫ਼ੌਜਾਂ ਦੇ ਸਹਾਰੇ ਨਹੀਂ ਛੱਡ ਦੇਣਾ ਚਾਹੀਦਾ।

*-ਫਰਾਂਸ*

ਯੁੱਧ ਚੋਰ ਪੈਦਾ ਕਰਦਾ ਹੈ ਅਤੇ ਅਮਨ ਉਨ੍ਹਾਂ ਨੂੰ ਫਾਂਸੀ ਚੜ੍ਹਾਉਂਦਾ ਹੈ।

*-ਫਰਾਂਸ*

ਸ਼ਾਂਤੀ ਕਾਇਮ ਕਰਨ ਲਈ ਯੁੱਧ ਦਾ ਦਿਖਾਵਾ ਹੀ ਕਾਫ਼ੀ ਹੁੰਦਾ ਹੈ।

*-ਰੋਮਨ*

# ਰ...

* **ਰਿਸ਼ਤੇ**

ਹੱਥ 'ਚ ਫੜ੍ਹਿਆ ਭਾਂਡਾ ਹੁੰਦਾ ਹੈ ਪਰ ਡਿੱਗ ਪਿਆ ਤਾਂ ਠੀਕਰੀਆਂ ਹੋ ਜਾਂਦਾ ਹੈ।

*-ਕੰਨੜ*

ਚਿਮਨੀਆਂ ਸਾਫ਼ ਕਰਨ ਵਾਲੇ ਨਾਲ ਨੱਚਣ ਵਾਲੀ ਆਪਣਾ ਮੂੰਹ ਕਾਲਾ ਕਰਵਾ ਬੈਠਦੀ ਹੈ।

*-ਆਈਸਲੈਂਡ*

ਰਿਸ਼ਤੇ ਸਿਰਫ਼ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਦੋਸਤੀ ਦਾ ਦੂਜਾ ਦੁਸ਼ਮਣੀ ਦਾ।

*-ਕਰੀ ਆਦਿਵਾਸੀ*

ਤੰਗ ਰਸਤਿਆਂ ਉਪਰ ਨਾ ਕੋਈ ਭਰਾ ਹੁੰਦਾ ਹੈ ਅਤੇ ਨਾ ਹੀ ਕੋਈ ਦੋਸਤ।

*-ਅਰਬ*

ਮਹਿਮਾਨ ਨਿਵਾਜ਼ੀ ਦੀ ਨਜਾਇਜ਼ ਵਰਤੋਂ ਨਾਲ ਰਿਸ਼ਤੇ ਦਾ ਪੁਲ ਟੁੱਟ ਜਾਂਦਾ ਹੈ।

*-ਅਫ਼ਰੀਕਾ*

ਦੋਸਤਾਂ ਕੋਲ ਸਲਾਹ ਲਈ ਜਾਵੇ, ਔਰਤ ਕੋਲ ਤਰਸ ਲਈ, ਪਰਾਇਆਂ ਕੋਲ ਮਦਦ ਲਈ ਅਤੇ ਰਿਸ਼ਤੇਦਾਰਾਂ ਕੋਲ ਕੁਝ ਵੀ ਲਈ ਨਹੀਂ।

*-ਸਪੇਨ*

ਤੁਹਾਡੀ ਰੂਹ ਰੱਬ ਕੋਲ, ਤੁਹਾਡਾ ਸਰੀਰ ਮਿੱਟੀ ਕੋਲ ਅਤੇ ਤੁਹਾਡੀ ਜ਼ਮੀਨ ਰਿਸ਼ਤੇਦਾਰ ਕੋਲ ਚਲੇ ਜਾਂਦੀ ਹੈ—ਇਹ ਹੀ ਮਨੁੱਖ ਦੀ ਹੋਣੀ ਹੈ।

*-ਇਟਲੀ*

* **ਰਹਿਮ**

ਸੋਨੇ ਦਾ ਕਰਜ਼ਾ ਮੋੜਿਆ ਜਾ ਸਕਦਾ ਹੈ ਪਰ ਰਹਿਮਦਿਲੀ ਦਾ ਕਰਜ਼ਾ ਮਰਨ ਤਕ ਨਹੀਂ ਉਤਾਰਿਆ ਜਾ ਸਕਦਾ।

*-ਲਾਓਸ*

ਹਾਥੀਆਂ ਦੀ ਲੜਾਈ ਵਿਚ mousedeer ਮਾਰੇ ਜਾਂਦੇ ਹਨ।

ਰਹਿਮ ਦਿਲੀ ਦਾ ਵਿਰੋਧ ਕੋਈ ਤਲਵਾਰ ਨਹੀਂ ਕਰ ਸਕਦੀ।

*-ਜਪਾਨ*



ਅੱਗ, ਪਾਣੀ ਤੇ ਸਰਕਾਰਾਂ ਕੋਲ ਕੋਈ ਰਹਿਮ ਨਹੀਂ ਹੁੰਦਾ।

*-ਅਲਬਾਨੀਆ*

ਰਹਿਮ ਹੀ ਕਾਨੂੰਨ ਦਾ ਮੁੱਢ ਹੁੰਦਾ ਹੈ ਤੇ ਰਹਿਮ ਹੀ ਇਸ ਦਾ ਅੰਤ।

*-ਹੀਬਰੂ*

ਸਭ ਤੋਂ ਵੱਡੀ ਸਿਆਣਪ ਰਹਿਮਦਿਲੀ ਹੁੰਦੀ ਹੈ।

*-ਹੀਬਰੂ*

ਜਿਹੜਾ ਰਹਿਮ ਬੀਜਦਾ ਹੈ ਉਹ ਧੰਨਵਾਦਾਂ ਦੀ ਫ਼ਸਲ ਵੱਡਦਾ ਹੈ।

*-ਅਰਬ*

* **ਰੱਬ**

ਰੱਬ ਦੀ ਸੋਟੀ ਆਵਾਜ਼ ਨਹੀਂ ਕਰਦੀ ਪਰ ਜਦ ਉਹ ਵੱਜਦੀ ਹੈ ਤਾਂ ਇਸ ਦੀ ਚੋਟ ਦਾ ਕੋਈ ਇਲਾਜ ਨਹੀਂ ਹੁੰਦਾ।

*-ਫਾਰਸੀ*

ਬੱਚਿਆਂ, ਮਲਾਹਾਂ ਅਤੇ ਨਸ਼ੇ 'ਚ ਡਿੱਗੇ ਸ਼ਰਾਬੀਆਂ ਦੀ ਰੱਖਿਆ ਰੱਬ ਆਪ ਕਰਦਾ ਹੈ।

ਜੇ ਤੁਸੀਂ ਰੱਬ ਦੇ ਢੋਲ ਦੀ ਤਾਲ ਤੋਂ ਥਿੜਕ ਜਾਵੋਗੇ ਤਾਂ ਤੁਸੀਂ ਜ਼ਿੰਦਗੀ ਦੀ ਤਾਲ ਨੂੰ ਵੀ ਗੁਆ ਬੈਠੋਗੇ।

*-ਚੀਯੇਨੇ*

ਸਤਰੰਗੀ ਝੂਲਾ ਉਸ ਦਾ ਪ੍ਰਤੀਕ ਹੈ ਜਿਹੜਾ ਹਰ ਚੀਜ਼ ਵਿਚ ਮੌਜੂਦ ਹੁੰਦਾ ਹੈ।

*-ਹੋਪੀ ਆਦਿਵਾਸੀ*

ਜੇ ਰੱਬ ਧਰਤੀ 'ਤੇ ਰਹਿੰਦਾ ਹੁੰਦਾ ਤਾਂ ਲੋਕਾਂ ਨੇ ਉਸ ਦੇ ਘਰ ਦੀਆਂ ਬਾਰੀਆਂ ਤੋੜ ਦੇਣੀਆਂ ਸਨ।

*-ਇਜ਼ਰਾਈਲ*

ਅਮੀਰ ਰੱਬ ਨੂੰ ਆਪਣੀ ਜੇਬ 'ਚ ਰੱਖਦਾ ਹੈ ਤੇ ਗਰੀਬ ਆਪਣੇ ਦਿਲ ਵਿਚ।

*-ਯਹੂਦੀ*

ਰੱਬ ਉਪਰ ਰਹਿੰਦਾ ਹੈ ਇਸ ਲਈ ਉਸ ਨੂੰ ਹਰ ਗੱਲ ਉਲਟੀ ਸੁਣਦੀ ਹੈ।

*-ਲਿਬਨਾਨ*

ਰੱਬ ਦੀ ਪਾਈ ਬੁਝਾਰਤ ਨੂੰ ਕੋਈ ਨਹੀਂ ਬੁੱਝ ਸਕਦਾ।

*-ਜ਼ਾਂਬੀਆ*

ਨਸ਼ੇ 'ਚ ਡੁੱਬੇ ਰਹਿਣ ਵਾਲੇ ਰੱਬ ਲਈ ਪੁਜਾਰੀ ਵੀ ਸ਼ਰਾਬੀ ਚਾਹੀਦਾ ਹੈ।

*-ਕੰਨੜ*

ਜੇ ਰੱਬ ਧਰਤੀ ਉਪਰ ਰਹਿੰਦਾ ਹੁੰਦਾ ਤਾਂ ਲੋਕਾਂ ਨੇ ਉਸ ਦੇ ਘਰ ਦੀਆਂ ਬਾਰੀਆਂ ਭੰਨ ਦੇਣੀਆਂ ਸਨ।

*-ਯਿੱਦੀਸ਼*

* **ਰੱਜ**

ਰੱਜੇ ਬੰਦੇ ਨੂੰ ਤੁਸੀਂ ਜਿੰਨੀਆਂ ਮਰਜ਼ੀ ਗੱਲਾਂ ਸੁਣਾ ਸਕਦੇ ਹੋ।

*-ਜਮਾਇਕਾ*

ਰੱਜਿਆ ਪੇਟ ਫਾਰਸੀ ਬੋਲਦਾ ਹੈ।

*-ਪਸ਼ਤੋ*

ਨੌਕਰ ਨੂੰ ਰੱਜਵੀਂ ਰੋਟੀ ਦੇਵੋਗੇ ਤਾਂ ਗਾਂ ਵੱਧ ਦੁੱਧ ਦੇਵੇਗੀ ਅਤੇ ਬਿੱਲੀ ਘੱਟ ਦੁੱਧ ਪੀਵੇਗੀ।

*-ਸਵੀਡਨ*

* **ਰਾਤ**

ਰਾਤ ਆਉਂਦੀ ਹੈ ਤਾਂ ਡਰ ਬੂਹੇ ਮੂਹਰੇ ਆ ਜਾਂਦਾ ਹੈ। ਦਿਨ ਚੜ੍ਹਦਾ ਹੈ ਤਾਂ ਡਰ ਵੀ ਪਹਾੜ ਚੜ੍ਹ ਜਾਂਦਾ ਹੈ।

*-ਅਫ਼ਗਾਨਿਸਤਾਨ*

ਰਾਤ ਨੂੰ ਸਾਰੀਆਂ ਹੀ ਬਿੱਲੀਆਂ ਕਾਲੀਆਂ ਹੁੰਦੀਆਂ ਹਨ।

ਰਾਤ ਇਸ ਲਈ ਬਣਾਈ ਗਈ ਹੈ ਤਾਂ ਕਿ ਅਸੀਂ ਦਿਨ ਵਿਚ ਕੀਤੇ ਕਰਮਾਂ 'ਤੇ ਵਿਚਾਰ ਕਰ ਸਕੀਏ।

*-ਹੀਬਰੂ*

ਰਾਤ ਸੰਸਾਰ ਨੂੰ ਲੁਕਾ ਲੈਂਦੀ ਹੈ ਪਰ ਸ੍ਰਿਸ਼ਟੀ ਨੂੰ ਪ੍ਰਗਟ ਕਰ ਦਿੰਦੀ ਹੈ।

*-ਇਰਾਨ*

* **ਰੁਝੇਵਾਂ**

ਲੱਦਿਆ ਖੋਤਾ ਹਿਣਕਣਾ ਭੁੱਲ ਜਾਂਦਾ ਹੈ।

*-ਤੁਰਕੀ*

ਰੁੱਝੇ ਰਹਿਣ ਵਾਲੇ ਦਰਵਾਜ਼ੇ ਦੇ ਜੋੜਾਂ ਵਿਚ ਕੀੜੇ ਘਰ ਨਹੀਂ ਬਣਾ ਸਕਦੇ।

*-ਚੀਨ*

* **ਰੁਜ਼ਗਾਰ**

ਬਿਨਾਂ ਕੰਮ ਦੇ ਪੜ੍ਹਿਆ ਲਿਖਿਆ ਬੰਦਾ ਸੀਰੀਆ ਸੁੱਕੇ ਬੱਦਲ ਵਾਂਗ ਹੁੰਦਾ ਹੈ।

*-ਅਰਬ*



ਰੁਜ਼ਗਾਰ ਖੁਸ਼ੀ ਲੈ ਕੇ ਆਉਂਦਾ ਹੈ।

*-ਜਰਮਨੀ*

* **ਰੀਤੀ ਰਿਵਾਜ਼**

ਜਿਉਂਦੇ ਜੀਅ ਸਾਨੂੰ ਰੀਤੀ ਰਿਵਾਜ਼ ਘੇਰੀ ਰੱਖਦੇ ਹਨ ਤੇ ਮਰਨ ਮਗਰੋਂ ਸਾਨੂੰ ਧਰਤੀ ਘੇਰੀ ਰੱਖਦੀ ਹੈ।

*-ਭੂਟਾਨ*

ਖੋਖਲੀ ਰਵਾਇਤ ਨਾਲੋਂ ਤਰਕ ਮਗਰ ਲੱਗਣਾ ਚਾਹੀਦਾ ਹੈ।

*-ਸਾਈਪਰਸ*

ਰੀਤ-ਰਵਾਜ਼ ਲੋਹੇ ਦੀ ਕਮੀਜ਼ ਪਹਿਨਦਾ ਹੈ।

*-ਚੈਕੋਸਲਵਾਕੀਆ*

ਹਰ ਸਮਾਜ ਦੇ ਆਪਣੇ ਰੀਤ-ਰਿਵਾਜ਼ ਹੁੰਦੇ ਹਨ।

*-ਫਿਲੀਪੀਨ*

ਨਵੀਂ ਥਾਂ ਦੇ ਰੀਤੀ ਰਿਵਾਜ਼ ਮੰਨੋ, ਜੇ ਨਹੀਂ ਤਾ ਉਥੋਂ ਭੱਜਣ ਦੀ ਕਰੋ।

*-ਜ਼ੁਲੂ*

ਮੂਰਖਾਂ ਦੇ ਦੇਸ਼ 'ਚ ਝੱਲ ਵਲੱਲੇ ਰਿਵਾਜ਼।

*-ਨੇਪਾਲ*

ਰੀਤੀ ਰਵਾਜ਼ ਅਤੇ ਕਾਨੂੰਨ ਦੋ ਭੈਣਾਂ ਵਾਂਗ ਹੁੰਦੇ ਹਨ।

*-ਸਲੋਵਾਕ*

ਵਕਤ ਬਦਲਣ ਨਾਲ ਰੀਤੀ ਰਿਵਾਜ ਵੀ ਬਦਲ ਜਾਂਦੇ ਹਨ।

*-ਇਟਲੀ*

ਕਈ ਤਰ੍ਹਾਂ ਦੇ ਦੇਸ਼ ਅਤੇ ਕਈ ਤਰ੍ਹਾਂ ਦੇ ਤੌਰ-ਤਰੀਕੇ।

*-ਰੋਮਨ*

ਸਿਰ-ਫਿਰਿਆਂ ਦੇ ਦੇਸ਼ ਵਿਚ ਰਵਾਜ਼ ਵੀ ਝੱਲ-ਵਲੱਲੇ ਹੁੰਦੇ ਹਨ।

*-ਨੇਪਾਲ*

* **ਰੋਣਾ**

ਬੇਮੌਕੇ ਹੱਸਣ ਨਾਲੋਂ ਮੌਕੇ 'ਤੇ ਰੋਣਾ ਚੰਗਾ ਹੁੰਦਾ ਹੈ।

*-ਫਾਰਸੀ*

ਰੋਣ ਤੋਂ ਡਰੋ ਨਾ, ਰੋਣਾ ਤੁਹਾਡੇ ਮਨ ਨੂੰ ਪੀੜ ਦੇਣ ਵਾਲੇ ਵਿਚਾਰਾਂ ਤੋਂ ਮੁਕਤ ਕਰਦਾ ਹੈ।

*-ਹੋਪੀ ਆਦਿਵਾਸੀ*

# ਲ...

* **ਲਾਲਚ**

ਲਾਲਚ ਦੀ ਅੱਖ ਉਸ ਦੇ ਢਿੱਡ ਨਾਲੋਂ ਵੀ ਵੱਡੀ ਹੁੰਦੀ ਹੈ।

*-ਯੂਨਾਨ*

ਲਾਲਚੀ ਬੰਦਾ ਦੋਸਤੀ ਤੋਂ ਬਿਨਾਂ ਹਰ ਚੀਜ਼ ਸੰਭਾਲ ਕੇ ਰੱਖਦਾ ਹੈ।

*-ਆਇਰਲੈਂਡ*

ਲੋਭ ਤਾਂ ਸਮਝਦਾਰ ਬੰਦੇ ਦੀਆਂ ਅੱਖਾਂ ਮੂਹਰੇ ਵੀ ਪਰਦਾ ਪਾ ਦਿੰਦਾ ਹੈ। ਲੋਭ ਦੇ ਮਾਰੇ ਹੀ ਪੰਛੀ ਤੇ ਮੱਛੀਆਂ ਜਾਲ 'ਚ ਫਸਦੇ ਹਨ।

*-ਫ਼ਾਰਸੀ*

ਲੋਭੀ ਮਨੁੱਖ ਗਲੇ ਤਕ ਪਾਣੀ 'ਚ ਡੁੱਬ ਕੇ ਵੀ ਪਾਣੀ ਲਈ ਤੜਪਦਾ ਰਹਿੰਦਾ ਹੈ।

*-ਰੂਸ*

ਲਾਲਚੀ ਆਦਮੀ ਦੀਆਂ ਬਾਹਾਂ ਲੰਬੀਆਂ ਹੁੰਦੀਆਂ ਹਨ।

*-ਸਕਾਟਲੈਂਡ*

ਲਾਲਚ ਮਨ ਵਿਚ ਵੜਦਾ ਹੈ ਤਾਂ ਸ਼ਾਂਤੀ ਚੋਰੀ ਹੋ ਜਾਂਦੀ ਹੈ।

ਹਵਸ ਤੇ ਲਾਲਚ ਦੀ ਕੋਈ ਸੀਮਾ ਨਹੀਂ ਹੁੰਦੀ।

ਸਿਰਕੇ ਨਾਲੋਂ ਸ਼ਹਿਦ ਨਾਲ ਜ਼ਿਆਦਾ ਮੱਖੀਆਂ ਫੜ੍ਹੀਆਂ ਜਾ ਸਕਦੀਆਂ ਹਨ।

*-ਅੰਗਰੇਜ਼ੀ*

ਮੰਗਣ ਵਾਲਿਆਂ ਦੇ ਥੈਲੇ ਬਿਨਾਂ ਥੱਲੇ ਤੋਂ ਹੁੰਦੇ ਹਨ।

ਇਕੋ ਸਮੇਂ ਦੋ ਹੱਡੀਆਂ ਚੂਸਣ ਵਾਲਾ ਆਪਣੀ ਜੀਭ 'ਤੇ ਦੰਦੀ ਵੱਢ ਲੈਂਦਾ ਹੈ।

*-ਅਫ਼ਰੀਕਾ*

ਪੰਛੀ ਦਾਣਿਆਂ ਨਾਲ ਫਸਾਏ ਜਾਂਦੇ ਹਨ ਅਤੇ ਬੰਦੇ ਪੈਸਿਆਂ ਨਾਲ।

*-ਅਰਮਾਨੀਆ*

ਇਕ ਹੱਥ ਨਾਲ ਦੋ ਡੱਡੂ ਨਹੀਂ ਫੜ੍ਹੇ ਜਾ ਸਕਦੇ।

*-ਚੀਨ*

ਲਾਲਚੀ ਬਾਪ ਦੇ ਬੱਚੇ ਚੋਰ ਬਣਦੇ ਹਨ।

*-ਸਰਬੀਆ*



ਕੀੜੀਆਂ ਮਿੱਠੇ ਵਿਚ ਮਰਦੀਆਂ ਹਨ।

*-ਮਲਾਇਆ*

ਬੰਦੇ ਦਾ ਲਾਲਚ ਸਮੁੰਦਰ ਤੋਂ ਵੱਡਾ ਹੁੰਦਾ ਹੈ।

*-ਕੋਰੀਆ*

ਲਾਲਚੀ ਉਕਾਬ ਆਪਣੀਆਂ ਹੀ ਲੱਤਾਂ ਨੂੰ ਠੂੰਗੇ ਮਾਰ ਕੇ ਜ਼ਖ਼ਮੀ ਕਰ ਲੈਂਦਾ ਹੈ।

*-ਚੀਨ*

ਹੱਡੀ ਦੇ ਲਾਲਚ ਵਿਚ ਇਮਾਨਦਾਰ ਆਦਮੀ ਆਪਣੇ ਆਪ ਨੂੰ ਕੁੱਤਾ ਨਹੀਂ ਬਣਾ ਸਕਦਾ।

*-ਡੈਨਿਸ਼*

ਸ਼ਹਿਦ ਤਾਂ ਮਿੱਠਾ ਹੈ, ਪਰ ਮੱਖੀ ਡੰਗ ਮਾਰਦੀ ਹੈ।

*-ਡੱਚ*

ਕਈ ਲੋਕ ਸਿਰਫ਼ ਨਿੱਘ ਹਾਸਲ ਕਰਨ ਲਈ ਆਪਣੇ ਆਪ ਨੂੰ ਸੜਵਾ ਬੈਠਦੇ ਹਨ।

*-ਫਰਾਂਸ*

* **ਲਾਪਰਵਾਹੀ**

ਵਾਲ ਜਿੰਨੀ ਤਰੇੜ ਇਕ ਦਿਨ ਵੱਡੇ ਜਹਾਜ਼ ਨੂੰ ਡੋਬ ਸਕਦੀ ਹੈ।

ਜੇ ਬੱਕਰੀ ਦਾ ਮਾਲਕ ਰਾਤ ਨੂੰ ਸਫ਼ਰ ਕਰਨ ਤੋਂ ਨਹੀਂ ਡਰਦਾ ਤਾਂ ਲੱਕੜਬੱਗੇ ਦਾ ਮਾਲਕ ਕਿਉਂ ਡਰੇਗਾ ?

*-ਨਾਈਜੀਰ*

ਜਿਸ ਸ਼ਿਕਾਰੀ ਕੋਲ ਇਕੋ ਤੀਰ ਹੋਵੇ, ਉਹ ਨਿਸ਼ਾਨਾ ਲਾਪਰਵਾਹੀ ਨਾਲ ਨਹੀਂ ਲਗਾਉਂਦਾ।

*-ਅਫ਼ਰੀਕਾ*

ਜਦ ਕੁੱਕੜ ਸ਼ਰਾਬੀ ਹੁੰਦਾ ਹੈ ਤਾਂ ਉਹ ਸ਼ਿਕਰੇ ਨੂੰ ਭੁੱਲ ਜਾਂਦਾ ਹੈ।

*-ਅਫ਼ਰੀਕਾ*

ਲਾਪਰਵਾਹੀ ਚੋਰ ਨਾਲੋਂ ਵੀ ਵਧ ਕੇ ਨੁਕਸਾਨਦੇਹ ਹੁੰਦੀ ਹੈ।

*-ਗਾਏਲਿਕ*

ਵਾਪਸੀ ਦਾ ਸਫ਼ਰ ਭੁਲਾ ਕੇ ਕਿਸ਼ਤੀ ਨੂੰ ਅੱਗ ਲਾਉਣ ਵਾਲੇ 'ਤੇ ਲਾਹਨਤ ਹੁੰਦੀ ਹੈ।

*-ਆਇਰਲੈਂਡ*

ਲਾਪਰਵਾਹੀ ਵੱਡੀ ਦੁਸ਼ਮਣ ਸਿੱਧ ਹੁੰਦੀ ਹੈ।

*-ਜਪਾਨ*

ਕੀੜੀਆਂ ਮਿੱਠੇ ਵਿਚ ਮਰਦੀਆਂ ਹਨ।

*-ਮਲਾਇਆ*

ਬੰਦੇ ਦਾ ਲਾਲਚ ਸਮੁੰਦਰ ਤੋਂ ਵੱਡਾ ਹੁੰਦਾ ਹੈ।

*-ਕੋਰੀਆ*

ਲਾਲਚੀ ਉਕਾਬ ਆਪਣੀਆਂ ਹੀ ਲੱਤਾਂ ਨੂੰ ਠੂੰਗੇ ਮਾਰ ਕੇ ਜ਼ਖ਼ਮੀ ਕਰ ਲੈਂਦਾ ਹੈ।

*-ਚੀਨ*

ਹੱਡੀ ਦੇ ਲਾਲਚ ਵਿਚ ਇਮਾਨਦਾਰ ਆਦਮੀ ਆਪਣੇ ਆਪ ਨੂੰ ਕੁੱਤਾ ਨਹੀਂ ਬਣਾ ਸਕਦਾ।

*-ਡੈਨਿਸ਼*

ਸ਼ਹਿਦ ਤਾਂ ਮਿੱਠਾ ਹੈ, ਪਰ ਮੱਖੀ ਡੰਗ ਮਾਰਦੀ ਹੈ।

*-ਡੱਚ*

ਕਈ ਲੋਕ ਸਿਰਫ਼ ਨਿੱਘ ਹਾਸਲ ਕਰਨ ਲਈ ਆਪਣੇ ਆਪ ਨੂੰ ਸੜਵਾ ਬੈਠਦੇ ਹਨ।

*-ਫਰਾਂਸ*

* **ਲਾਪਰਵਾਹੀ**

ਵਾਲ ਜਿੰਨੀ ਤਰੇੜ ਇਕ ਦਿਨ ਵੱਡੇ ਜਹਾਜ਼ ਨੂੰ ਡੋਬ ਸਕਦੀ ਹੈ।

ਜੇ ਬੱਕਰੀ ਦਾ ਮਾਲਕ ਰਾਤ ਨੂੰ ਸਫ਼ਰ ਕਰਨ ਤੋਂ ਨਹੀਂ ਡਰਦਾ ਤਾਂ ਲੱਕੜਬੱਗੇ ਦਾ ਮਾਲਕ ਕਿਉਂ ਡਰੇਗਾ ?

*-ਨਾਈਜੀਰ*

ਜਿਸ ਸ਼ਿਕਾਰੀ ਕੋਲ ਇਕੋ ਤੀਰ ਹੋਵੇ, ਉਹ ਨਿਸ਼ਾਨਾ ਲਾਪਰਵਾਹੀ ਨਾਲ ਨਹੀਂ ਲਗਾਉਂਦਾ।

*-ਅਫ਼ਰੀਕਾ*

ਜਦ ਕੁੱਕੜ ਸ਼ਰਾਬੀ ਹੁੰਦਾ ਹੈ ਤਾਂ ਉਹ ਸ਼ਿਕਰੇ ਨੂੰ ਭੁੱਲ ਜਾਂਦਾ ਹੈ।

*-ਅਫ਼ਰੀਕਾ*

ਲਾਪਰਵਾਹੀ ਚੋਰ ਨਾਲੋਂ ਵੀ ਵਧ ਕੇ ਨੁਕਸਾਨਦੇਹ ਹੁੰਦੀ ਹੈ।

*-ਗਾਏਲਿਕ*

ਵਾਪਸੀ ਦਾ ਸਫ਼ਰ ਭੁਲਾ ਕੇ ਕਿਸ਼ਤੀ ਨੂੰ ਅੱਗ ਲਾਉਣ ਵਾਲੇ 'ਤੇ ਲਾਹਨਤ ਹੁੰਦੀ ਹੈ।

*-ਆਇਰਲੈਂਡ*

ਲਾਪਰਵਾਹੀ ਵੱਡੀ ਦੁਸ਼ਮਣ ਸਿੱਧ ਹੁੰਦੀ ਹੈ।

*-ਜਪਾਨ*



ਜੇ ਤੁਹਾਡਾ ਜਹਾਜ਼ ਦੂਜੀ ਵਾਰ ਟੁੱਟ ਜਾਂਦਾ ਹੈ ਤਾਂ ਇਸ ਦਾ ਇਲਜ਼ਾਮ ਸਮੁੰਦਰ 'ਤੇ ਨਹੀਂ ਲਾਇਆ ਜਾ ਸਕਦਾ।

*-ਆਈਸਲੈਂਡ*

* **ਲੜਾਈ**

ਸੌ ਲੜਾਈਆਂ 'ਚੋਂ ਸੌ ਵਾਰ ਜਿੱਤਣਾ ਚੰਗਾ ਹੈ ਪਰ ਨੇਕ ਆਦਮੀ ਫਿਰ ਵੀ ਇਸ ਤੋਂ ਬਚ ਕੇ ਰਹਿੰਦਾ ਹੈ।

*-ਜਪਾਨ*

ਲੜਾਈ ਖਾਜ ਵਾਂਗ ਹੁੰਦੀ ਹੈ, ਜਿੰਨਾ ਤੁਸੀਂ ਖੁਰਚੋਗੇ ਓਨੀ ਹੀ ਇਹ ਵਧੇਗੀ।

*-ਯਹੂਦੀ*

ਦੋ ਝੋਟਿਆਂ ਦੇ ਭੇੜ ਵਿਚ ਘਾਹ ਦੀ ਮੁੱਠੀ ਦਾ ਬਚਣਾ ਮੁਸ਼ਕਲ ਹੀ ਹੁੰਦਾ ਹੈ।

*-ਬਰਮਾ*

ਲੜਾਕੇ ਕੁੱਤੇ ਘਰ ਲੰਗ ਮਾਰਦੇ ਹੋਏ ਹੀ ਮੁੜਦੇ ਹਨ।

*-ਸਵੀਡਨ*

* **ਲਾਲਸਾ**

ਦੋ ਤਰਬੂਜ਼ ਇਕੋ ਕੱਛ 'ਚ ਨਹੀਂ ਆ ਸਕਦੇ।

ਜੰਗਲ ਕੱਟਣ ਤੋਂ ਪਹਿਲਾਂ ਕੀ ਇਹ ਜ਼ਰੂਰੀ ਹੈ ਕਿ ਕੁਹਾੜੀ ਦੀ ਸਲਾਹ ਲਈ ਜਾਵੇ ?

*-ਤੇਲਗੂ*

ਬਹੁਤਾ ਭਰਨ ਨਾਲ ਥੈਲਾ ਫਟ ਜਾਂਦਾ ਹੈ।

ਪੰਛੀ ਨੂੰ ਦਾਣੇ ਨਜ਼ਰ ਆਂਦੇ ਹਨ, ਪਰ ਜਾਲ ਨਹੀਂ।

*-ਅਫ਼ਗਾਨ*

ਸ਼ਹਿਦ 'ਚ ਡੁੱਬਣ ਤੋਂ ਬਾਅਦ ਉਂਗਲੀਆਂ ਨੂੰ ਕੌਣ ਨਹੀਂ ਚੱਟਦਾ ?

*-ਯੂਨਾਨ*

ਪਹਿਲੀ ਲਾਲਸਾ ਨੂੰ ਲੰਘ ਜਾਣ ਦੇਵੋ ਤੇ ਦੂਜੀ ਦੀ ਉਡੀਕ ਕਰੋ।

*-ਨਮੀਬੀਆ*

ਕਰੋੜਪਤੀ ਬਣਨ ਲਈ ਲੋਕ ਆਪਣੀ ਆਖ਼ਰੀ ਕਮੀਜ਼ ਵੀ ਲਾਹ ਕੇ ਦੇ ਦਿੰਦੇ ਹਨ।

*-ਯਹੂਦੀ*

ਲਾਲਸਾ ਦਾ ਸ਼ਿਕਾਰ ਆਦਮੀ ਪਾਗਲ ਘੋੜੇ 'ਤੇ ਬੈਠਾ ਸਵਾਰ ਹੁੰਦਾ ਹੈ।

*-ਅਮਰੀਕਾ*

## ਵ...

* **ਵਤੀਰਾ**

ਜੇ ਆਪਣੇ ਦਾੜ੍ਹੀ ਨਾ ਹੋਵੇ ਤਾਂ ਘੱਟ ਦਾੜ੍ਹੀ ਵਾਲੇ ਨੂੰ ਮਖ਼ੌਲਾਂ ਨਾ ਕਰੋ।

*-ਅਰਬ*

ਸਭ ਤੋਂ ਖ਼ਰਾਬ ਦਿਨ ਉਹ ਹੁੰਦਾ ਹੈ, ਜਿਹੜਾਂ ਹੱਸੇ ਬਗ਼ੈਰ ਲੰਘ ਜਾਵੇ।

*-ਫਰਾਂਸ*

ਜੇ ਮੱਛੀ ਫੜ੍ਹੀ ਨਾ ਜਾਵੇ ਤਾਂ ਸਮੁੰਦਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

*-ਯੂਨਾਨ*

ਸੱਸ ਹੱਥੋਂ ਟੁੱਟਿਆ ਭਾਂਡਾ ਤਿੜਕਿਆ ਹੋਇਆ ਸੀ, ਨੂੰਹ ਹੱਥੋਂ ਟੁੱਟਿਆ ਭਾਂਡਾ ਨਵਾਂ ਭਾਂਡਾ ਸੀ।

*-ਭਾਰਤ*

ਚਿੜਚੜੇ ਬੰਦੇ ਨੂੰ ਦੁਕਾਨ ਨਹੀਂ ਖੋਲ੍ਹਣੀ ਚਾਹੀਦੀ।

*-ਜਪਾਨ*

ਜੇ ਅੰਨ੍ਹੇ ਨੂੰ ਨਜ਼ਰ ਨਾ ਆਵੇ ਤਾਂ ਇਸ 'ਚ ਖੰਭੇ ਦਾ ਕੋਈ ਕਸੂਰ ਨਹੀਂ ਹੁੰਦਾ।

*-ਭਾਰਤ*

ਲੰਬੇ ਨੱਕ ਵਾਲੇ ਨੂੰ ਲਗਦਾ ਹੈ ਕਿ ਸਾਰੇ ਉਸਦੇ ਨੱਕ ਦੀਆਂ ਗੱਲਾਂ ਕਰਦੇ ਹਨ।

*-ਸਕਾਟਲੈਂਡ*

ਜੇ ਕੁੱਤੇ ਨੂੰ ਕੋਲ ਬੁਲਾਉਣਾ ਹੋਵੇ ਤਾਂ ਹੱਥ 'ਚ ਸੋਟੀ ਨਹੀਂ ਰੱਖਣੀ ਚਾਹੀਦੀ।

*-ਪੱਛਮੀ ਅਫ਼ਰੀਕਾ*

ਪਲੇਟ ਟੁੱਟਣ 'ਤੇ ਕੌਲੀ ਨੂੰ ਹਸਣਾ ਨਹੀਂ ਚਾਹੀਦਾ।

*-ਅਫ਼ਰੀਕੀ*

ਸ਼ੈਤਾਨ ਦਾ ਸੰਸਾਰ ਛੱਡੇ ਬਗ਼ੈਰ ਦਾਖ਼ਲ ਹੋਣਾ ਹੈ ਬੁੱਧ ਦੇ ਸੰਸਾਰ ਵਿਚ।

*—ਜ਼ੇਨ*

* **ਵਿਵਹਾਰ**

ਜੇ ਝੁਕਣਾ ਪੈ ਹੀ ਜਾਵੇ ਤਾਂ ਚੰਗੀ ਤਰ੍ਹਾਂ ਝੁਕੋ।

*-ਚੀਨ*



ਕਹਿਣਾ ਮੰਨਣ ਵਾਲੇ ਘੋੜੇ ਨੂੰ ਅੱਡੀਆਂ ਨਹੀਂ ਮਾਰਨੀਆਂ ਚਾਹੀਦੀਆਂ।

*-ਜਰਮਨੀ*

ਚੂਹੇ ਫੜ੍ਹਨ ਨਾਲ ਸ਼ੇਰਾਂ ਦਾ ਮਾਣ ਨਹੀਂ ਵਧਦਾ।

*-ਜਰਮਨੀ*

ਅੰਨ੍ਹੇ ਨੂੰ ਰੰਗਾਂ ਬਾਰੇ ਸਲਾਹਾਂ ਨਹੀਂ ਦੇਣੀਆਂ ਚਾਹੀਦੀਆਂ।

*-ਭਾਰਤ*

ਭੇਡ ਬਣਨ ਵਾਲੇ ਨੂੰ ਬਘਿਆੜ ਵੀ ਤਿਆਰ ਮਿਲੇਗਾ।

*-ਰੂਸ*

ਖੂਹ 'ਚ ਕਦੇ ਨਾ ਥੁੱਕੋ, ਕੱਲ੍ਹ ਨੂੰ ਤੁਹਾਨੂੰ ਇਸੇ ਖੂਹ 'ਚੋਂ ਪਾਣੀ ਪੀਣਾ ਪੈ ਸਕਦਾ ਹੈ।

*-ਰੂਸ*

ਆਪਣੇ ਬੂਹੇ ਨੂੰ ਤਾਲਾ ਲਾ ਕੇ ਰੱਖਣ ਨਾਲ ਗੁਆਂਢੀ ਦੀ ਇੱਜ਼ਤ ਬਣੀ ਰਹਿੰਦੀ ਹੈ।

*-ਸਪੇਨ*

ਕਿਸੇ ਦੀ ਵੀ ਹੇਠੀ ਨਾ ਕਰੋ। ਆਪਣੇ ਤੋਂ ਵੱਡਾ ਪਿਉ ਵਰਗਾ ਹੁੰਦਾ ਹੈ। ਬਰਾਬਰ ਵਾਲਾ ਭਰਾ ਵਰਗਾ ਤੇ ਹੇਠਾਂ ਵਾਲਾ ਪੁੱਤ ਵਰਗਾ।

*-ਫ਼ਾਰਸੀ*

ਸਾਫ਼ ਸਰੀਰ ਤੇ ਸ਼ੁੱਧ ਵਿਹਾਰ ਚੰਗਾ ਹੁੰਦਾ ਹੈ।

*-ਹੀਬਰੂ*

ਨੇਕ ਚਲਣ ਤੋਂ ਬਿਨਾਂ ਸਿਆਣਪ, ਬਿਨਾਂ ਹੀਰੇ ਦੀ ਅੰਗੂਠੀ ਵਰਗੀ ਹੁੰਦੀ ਹੈ।

*-ਹੀਬਰੂ*

ਕਾਰੋਬਾਰ ਵਿਚ ਸਪਸ਼ਟ ਵਿਹਾਰ ਅਤੇ ਅਜਨਬੀ ਨਾਲ ਸਾਊ ਵਿਹਾਰ ਹੋਣਾ ਚਾਹੀਦਾ ਹੈ।

*-ਆਈਸਲੈਂਡ*

ਜੇ ਤੁਸੀਂ ਕਿਸੇ ਨਾਲ ਜੰਗਲੀ ਬਿੱਲੇ ਵਰਗਾ ਵਿਹਾਰ ਕਰੋਗੇ ਤਾਂ ਉਹ ਤੁਹਾਡੀਆਂ ਮੁਰਗੀਆਂ ਜ਼ਰੂਰ ਚੋਰੀ ਕਰੇਗਾ।

*-ਮੈਡਾਗਾਸਕਰ*

ਬੰਦੇ ਨਾਲ ਬੰਦੇ ਵਰਗਾ ਅਤੇ ਕੁੱਤੇ ਨਾਲ ਕੁੱਤੇ ਵਰਗਾ ਵਿਵਹਾਰ ਕਰੋ।

*-ਅਲਬਾਨੀਆ*

'ਪਹਿਲਾਂ ਤੁਸੀਂ' ਕਹਿਣਾ ਚੰਗੇ ਵਿਹਾਰ ਦੀ ਨਿਸ਼ਾਨੀ ਹੈ।

*-ਅੰਗਰੇਜ਼ੀ*

* **ਵਿਆਹ**

ਵਿਆਹ ਉਸ ਬੰਦੇ ਨਾਲ ਕਰਵਾਣਾ ਠੀਕ ਹੁੰਦਾ ਹੈ ਜਿਹੜਾ ਆਪਣੀ ਮਾਂ ਦੀ ਸੇਵਾ ਲਈ ਬੁੱਢੀ ਨੌਕਰਾਣੀ ਰੱਖ ਸਕੇ।

*-ਆਇਰਲੈਂਡ*

ਵਿਆਹ ਤੁਹਾਨੂੰ ਇਕੱਲੇ ਰਹਿਣਾ ਸਿਖਾ ਦੇਂਦਾ ਹੈ।

*-ਫਰਾਂਸ*

ਜੇ ਯੁੱਧ 'ਤੇ ਜਾ ਰਹੇ ਹੋ ਤਾਂ ਇਕ ਵਾਰ ਜ਼ਰੂਰ ਪ੍ਰਾਰਥਨਾ ਕਰੋ। ਜੇ ਸਮੁੰਦਰੀ ਸਫ਼ਰ 'ਤੇ ਜਾ ਰਹੇ ਹੋ ਤਾਂ ਦੋ ਵਾਰ ਪ੍ਰਾਰਥਨਾ ਕਰੋ। ਪਰ ਉਦੋਂ ਤਿੰਨ ਵਾਰ ਪ੍ਰਾਰਥਨਾ ਕਰ ਲਵੋ ਜਦੋਂ ਵਿਆਹ ਕਰਵਾਣ ਜਾ ਰਹੇ ਹੋਵੋ।

*-ਰੂਸ*

ਸੋਹਣੀ ਪਤਨੀ ਦੇ ਘਰ ਵਾਲੇ ਨੂੰ ਦੋ ਤੋਂ ਵੱਧ ਅੱਖਾਂ ਦੀ ਲੋੜ ਹੁੰਦੀ ਹੈ।

*-ਸਕਾਟਲੈਂਡ*

ਮਾੜੇ ਵਿਆਹ ਵਾਲੇ ਜੀਵਨ ਨਾਲੋਂ ਤਾਂ ਅੱਧੀ ਫਾਂਸੀ ਲਟਕਣਾ ਠੀਕ ਹੁੰਦਾ ਹੈ।

*-ਸਕਾਟਲੈਂਡ*

ਸਾਰੀਆਂ ਹੀ ਮੁਟਿਆਰਾਂ ਚੰਗੀਆਂ ਲਗਦੀਆਂ ਹਨ ਪਰ ਫੇਰ ਮਾੜੀਆਂ ਪਤਨੀਆਂ ਕਿਥੋਂ ਆਉਂਦੀਆਂ ਹਨ।

*-ਸਕਾਟਲੈਂਡ*

ਜੇ ਤੁਹਾਡੀ ਘਰ ਵਾਲੀ ਤੁਹਾਨੂੰ ਚੋਟੀ ਤੋਂ ਛਾਲ ਮਾਰਨ ਨੂੰ ਕਹੇ ਤਾਂ ਦੁਆ ਕਰੋ ਕਿ ਉਹ ਢਲਵਾਨ ਨੀਵੀਂ ਹੋਵੇ।

*-ਸਪੇਨ*

ਉਹ ਘਰ ਬੁਰਾ, ਜਿਥੇ ਕੁੱਕੜੀ ਬਾਂਗ ਦੇਵੇ ਤੇ ਕੁੱਕੜ ਚੁੱਪ ਰਹੇ।

*-ਸਪੇਨ*

ਜੇ ਤੁਹਾਨੂੰ ਔਗੁਣ ਤੋਂ ਬਗ਼ੈਰ ਪਤਨੀ ਦੀ ਤਲਾਸ਼ ਹੈ ਤਾਂ ਤੁਸੀਂ ਕੁਆਰੇ ਹੀ ਰਹੋਗੇ।

*-ਤੁਰਕੀ*

ਚਾਲੀ ਚਾਲਾਂ 'ਚ ਇਕ ਵਾਰ ਆਪਣੀ ਘਰ ਵਾਲੀ ਦਾ ਕਿਹਾ ਮੰਨ ਕੇ ਜ਼ਰੂਰ ਦੇਖੋ।

*-ਤੁਰਕੀ*

ਜੇ ਤੁਹਾਡਾ ਬਾਪ ਗਰੀਬ ਹੈ ਤਾਂ ਇਹ ਤੁਹਾਡੇ ਮਾੜੇ ਭਾਗ ਸਨ। ਪਰ ਜੇ ਤੁਹਾਡਾ ਸਹੁਰਾ ਗਰੀਬ ਹੈ ਤਾਂ ਇਹ ਤੁਹਾਡੀ ਗ਼ਲਤੀ ਹੈ।

*-ਅਫ਼ਰੀਕਾ*



ਵਿਆਹ ਉਸ ਸੱਪ ਵਾਂਗ ਹੁੰਦਾ ਹੈ ਜਿਹੜਾ ਤੁਹਾਡੇ ਝੋਲੇ ਵਿਚ ਆਣ ਵੜਦਾ ਹੈ।

*-ਅਫ਼ਰੀਕਾ*

ਵਿਆਹੇ ਬੰਦੇ ਦੇ ਦੁੱਖ ਕਈ ਹੁੰਦੇ ਹਨ ਤੇ ਅਣਵਿਆਹੇ ਦਾ ਉਸ ਨਾਲੋਂ ਇਕ ਦੁੱਖ ਜ਼ਿਆਦਾ ਹੁੰਦਾ ਹੈ।

*-ਫ਼ਿਨਲੈਂਡ*

ਜੇ ਔਰਤਾਂ ਸਚਮੁੱਚ ਚੰਗੀਆਂ ਹੁੰਦੀਆਂ ਤਾਂ ਰੱਬ ਵੀ ਵਿਆਹਿਆ ਹੋਇਆ ਹੁੰਦਾ।

*-ਜਾਰਜੀਆ*

ਵਿਆਹ ਵੀ ਜਨਾਜ਼ੇ ਵਾਂਗ ਹੁੰਦਾ ਹੈ ਪਰ ਇਸ ਵਿਚ ਬੈਂਡ-ਵਾਜੇ ਹੁੰਦੇ ਹਨ।

*-ਹੀਬਰੂ*

ਕੁਆਰੇ ਵਿਆਹ ਕਰਵਾਉਣ ਨੂੰ ਤਰਸਦੇ ਹਨ ਤੇ ਵਿਆਹੇ ਪਛਤਾਂਦੇ ਹਨ।

*-ਕਸ਼ਮੀਰ*

ਸਿਰਫ਼ ਵਿਆਹ ਹੀ ਇਕ ਅਜਿਹਾ ਯੁੱਧ ਹੈ ਜਿਸ 'ਚ ਤੁਸੀਂ ਆਪਣੇ ਦੁਸ਼ਮਣ ਨਾਲ ਸੌਂਦੇ ਹੋ।

*-ਮੈਕਸੀਕੋ*

ਬੁੱਢ ਕੁਆਰੀ ਉਸ ਚਿੱਠੀ ਵਰਗੀ ਹੁੰਦੀ ਹੈ ਜਿਸ ਨੂੰ ਡਾਕ 'ਚ ਨਾ ਪਾਇਆ ਹੋਵੇ।

*-ਹੰਗਰੀ*

ਵਿਆਹ ਕੁੜੀ ਨਾਲ ਕਰਵਾਉ ਪਰ ਦੇਖੋ ਪਰਖੋ ਮਾਂ ਨੂੰ।

*-ਹੰਗਰੀ*

ਵਿਆਹ ਕਰਵਾਉਣ ਤੋਂ ਬਾਅਦ ਆਦਮੀ ਨਰਕ ਤੋਂ ਡਰਨਾ ਛੱਡ ਦਿੰਦਾ ਹੈ।

*-ਰੋਮਾਨੀਆ*

ਔਰਤ ਆਪਣੇ ਪਹਿਲੇ ਪਤੀ ਤੋਂ ਡਰਦੀ ਹੈ ਅਤੇ ਬੰਦਾ ਆਪਣੀ ਦੂਜੀ ਪਤਨੀ ਤੋਂ।

*-ਸਰਬੀਆ*

ਵਿਆਹ ਲਈ ਆਦਮੀ ਦੀ ਹਿੰਮਤ ਅਤੇ ਔਰਤ ਦਾ ਸੁਭਾਅ ਪਰਖ ਲੈਣੇ ਚਾਹੀਦੇ ਹਨ।

*-ਜਪਾਨ*

ਵਿਆਹ ਫੁੱਲਾਂ ਦੀ ਸੇਜ ਨਹੀਂ, ਸਗੋਂ ਯੁੱਧ ਦਾ ਮੈਦਾਨ ਹੁੰਦਾ ਹੈ।

*-ਜਰਮਨੀ*

ਵਿਆਹਿਆ ਆਦਮੀ ਪਿੰਜਰੇ 'ਚ ਬੈਠੇ ਪੰਛੀ ਵਰਗਾ ਹੁੰਦਾ ਹੈ।

*-ਸਪੇਨ*

## ਸ਼...

* **ਸ਼ੁਰੂਆਤ**

ਜੇ ਤੁਸੀਂ ਪਹਾੜ ਹਿਲਾਉਣਾ ਚਾਹੁੰਦੇ ਹੋ ਤਾਂ ਇਕ ਵਾਰੀ 'ਚ ਇਕ ਪੱਥਰ ਹਟਾਉਣ ਨਾਲ ਸ਼ੁਰੂ ਕਰੋ।

*-ਅਫ਼ਰੀਕਾ*

ਚੰਗੀ ਸ਼ੁਰੂਆਤ ਵਾਲਾ ਕੰਮ ਅੱਧਾ ਪੂਰਾ ਹੋ ਗਿਆ ਸਮਝਣਾ ਚਾਹੀਦਾ ਹੈ।

*-ਰੋਮਨ*

ਇਕ ਦਿਨ ਦਾ ਅੰਤ ਦੂਸਰੇ ਦਿਨ ਦੀ ਸ਼ੁਰੂਆਤ ਹੁੰਦਾ ਹੈ।

*-ਰੋਮਨ*

ਸ਼ੁਰੂ ਵਿਚ ਹਰ ਗੱਲ ਮੁਸ਼ਕਿਲ ਨਜ਼ਰ ਆਉਂਦੀ ਹੈ।

*-ਚੀਨ*

ਪਹਿਲਾ ਕਦਮ ਹੀ ਔਖਾ ਹੁੰਦਾ ਹੈ।

*-ਨੀਜੇਰੀਆ*

* **ਸ਼ੈਤਾਨੀ**

ਸ਼ੈਤਾਨ ਦੀ ਵਹੁਟੀ ਸ਼ੈਤਾਨ ਤੋਂ ਵੀ ਅੱਗੇ ਲੰਘ ਜਾਂਦੀ ਹੈ।

*-ਜਪਾਨ*

* **ਸ਼ਿਸ਼ਟਾਚਾਰ**

ਨੇੜੇ ਦੇ ਦੋਸਤਾਂ ਵਿਚ ਵੀ ਥੋੜ੍ਹਾ ਬਹੁਤ ਉਚੇਚ ਜ਼ਰੂਰ ਹੁੰਦਾ ਹੈ।

*-ਜਪਾਨ*

ਮੁੜਦੇ ਸ਼ਿਕਾਰੀ ਦੇ ਹੱਥ 'ਚ ਖੁੰਭਾਂ ਫੜੀਆਂ ਹੋਣ ਤਾਂ ਉਸ ਨੂੰ ਇਹ ਨਾ ਪੁੱਛੋ ਕਿ ਸ਼ਿਕਾਰ ਕਿਵੇਂ ਰਿਹਾ ?

*-ਅਫ਼ਰੀਕਾ*

* **ਸ਼ੇਖੀਬਾਜ਼ੀ**

ਬੇਗਾਨੇ ਘੋੜੇ ਦੀ ਸਵਾਰੀ ਨਹੀਂ ਕਰਨੀ ਚਾਹੀਦੀ ਤੇ ਜਿਹੜੇ ਕੰਮ 'ਚ ਮੁਹਾਰਤ ਹਾਸਲ ਨਾ ਹੋਵੇ, ਉਸ ਬਾਰੇ ਫੜ੍ਹਾਂ ਨਹੀਂ ਮਾਰਨੀਆਂ ਚਾਹੀਦੀਆਂ।

*-ਸੀਰੀਆ*



ਸ਼ੇਖ਼ੀਖੋਰ ਦੇ ਹੱਥ ਦੌਲਤ ਆ ਜਾਵੇ ਤਾਂ ਉਹ ਰਾਤ ਨੂੰ ਵੀ ਛਤਰੀ ਲੈ ਕੇ ਚਲਦਾ ਹੈ।

*-ਤਾਮਲ*

ਆਪ ਨੰਗੇ ਪੈਰ ਬੋਲਬਾਣੀ ਪਾਲਕੀ ਅੰਦਰ।

*-ਤਾਮਲ*

ਸੋਨੇ ਦਾ ਭਾਂਡਾ ਆਵਾਜ਼ ਨਹੀਂ ਕਰਦਾ, ਤਾਂਬੇ ਦਾ ਕਰਦਾ ਹੈ।

*-ਤਾਮਲ*

ਜੰਗਲ 'ਚ ਡਰ ਡਰ ਕੇ ਤੁਰਨ ਵਾਲਾ ਘਰ ਆ ਕੇ ਸ਼ੇਖ਼ੀਆਂ ਮਾਰਦਾ ਹੈ।

*-ਥਾਈਲੈਂਡ*

ਗੰਜੀ ਆਪਣੀ ਭੈਣ ਦੇ ਲੰਬੇ ਵਾਲਾਂ ਬਾਰੇ ਸ਼ੇਖੀਆਂ ਮਾਰਦੀ ਹੈ।

*-ਟੂਨੀਸ਼ੀਆ*

ਘਰ ਤੰਦ ਨਾ ਤਾਣੀ, ਜੁਲਾਹਿਆਂ ਨਾਲ ਡਾਂਗੋ ਡਾਂਗੀ।

*-ਪੰਜਾਬੀ*

**ਸ਼ੈਤਾਨ**

ਸ਼ੈਤਾਨ ਲਈ ਬੂਹਾ ਭੇੜੋਗੇ, ਉਹ ਬਾਰੀ ਰਾਹੀਂ ਅੰਦਰ ਆ ਵੜੇਗਾ।

*-ਰੂਸ*

ਸ਼ੈਤਾਨ ਚੰਗੀ ਚਾਲ-ਢਾਲ ਦਾ ਦਿਖਾਵਾ ਵੀ ਕਰਨ ਲੱਗੇ ਤਾਂ ਵੀ ਉਹ ਤੁਹਾਨੂੰ ਨਰਕ ਵਿਚ ਹੀ ਲੈ ਕੇ ਜਾਵੇਗਾ।

*-ਡਾਰਕੋਵਾਨ*

ਕਿਸੇ ਨਾ ਕਿਸੇ ਕੰਮ ਲੱਗੇ ਰਹੋ ਤਾਂ ਕਿ ਸ਼ੈਤਾਨ ਜਦੋਂ ਵੀ ਤੁਹਾਡੇ ਕੋਲ ਆਵੇ ਤਾਂ ਤੁਹਾਨੂੰ ਰੁੱਝਿਆ ਦੇਖ ਕੇ ਵਾਪਸ ਮੁੜ ਜਾਵੇ।

*-ਇਟਲੀ*

ਬੇਗਾਨੇ ਸ਼ੈਤਾਨ ਨਾਲੋਂ ਜਾਣ ਪਹਿਚਾਣ ਵਾਲਾ ਸ਼ੈਤਾਨ ਬਿਹਤਰ ਹੁੰਦਾ ਹੈ।

*-ਅੰਗਰੇਜ਼ੀ*

ਬੰਦ ਦਰਵਾਜ਼ੇ ਦੇ ਮੂਹਰੇ ਤੋਂ ਸ਼ੈਤਾਨ ਵੀ ਵਾਪਸ ਮੁੜ ਜਾਂਦਾ ਹੈ।

*-ਪੁਰਤਗਾਲ*

ਜਿਹੜਾ ਸ਼ੈਤਾਨ ਦੀ ਕਿਸ਼ਤੀ 'ਤੇ ਸਵਾਰ ਹੁੰਦਾ ਹੈ, ਉਸ ਨੂੰ ਸ਼ੈਤਾਨ ਨਾਲ ਮਿਲ ਕੇ ਚੱਪੂ ਵੀ ਚਲਾਉਣੇ ਪੈਂਦੇ ਹਨ।

*-ਡੱਚ*

ਇਕੱਲਾ ਸ਼ੈਤਾਨ ਨਰਕ ਨਹੀਂ ਬਣਾ ਸਕਦਾ।

*-ਇਟਲੀ*

ਬਾਹਰੋਂ ਸੰਤ ਅੰਦਰੋਂ ਸ਼ੈਤਾਨ।

*-ਜਪਾਨ*

ਸ਼ੈਤਾਨ ਬਹੁਤੇ ਸ਼ਿਕਾਰ ਸੋਨੇ ਦੇ ਜਾਲ ਵਿਚ ਫਸਾਉਂਦੇ ਹੈ।

*-ਜਰਮਨੀ*

ਸ਼ੈਤਾਨ ਅਮੀਰ ਆਦਮੀ ਦਾ ਖ਼ਾਸ ਦੋਸਤ ਹੁੰਦਾ ਹੈ।

*-ਸਪੇਨ*

ਸ਼ੈਤਾਨ ਰੱਬ ਦਾ ਵਾਕਫ਼ ਹੁੰਦਾ ਹੈ ਪਰ ਫਿਰ ਵੀ ਬੁਰੇ ਕੰਮ ਕਰਨ ਤੋਂ ਨਹੀਂ ਟਲਦਾ।

*-ਮਿਸਰ*

ਸ਼ੈਤਾਨ ਜਿਥੇ ਆਪਣਾ ਸਿਰ ਨਾ ਫਸਾ ਸਕੇ, ਉਥੇ ਆਪਣੀ ਪੂਛ ਫਸਾ ਦਿੰਦਾ ਹੈ।

*-ਇਟਲੀ*

* **ਸ਼ਰਾਬ**

ਨਸ਼ੇ 'ਚ ਖ਼ੂਨ ਕਰਨ ਵਾਲੇ ਨੂੰ ਫਾਂਸੀ ਉਦੋਂ ਚੜ੍ਹਾਈ ਜਾਂਦੀ ਹੈ, ਜਦੋਂ ਉਸ ਦੀ ਉਤਰੀ ਹੁੰਦੀ ਹੈ।

*-ਅੰਗਰੇਜ਼ੀ*

ਅਮੀਰ ਆਦਮੀ ਡਿੱਗ ਪਏ ਤਾਂ ਲੋਕ ਕਹਿੰਦੇ ਹਨ ਕਿ ਦੁਰਘਟਨਾ ਹੋਈ ਹੈ। ਪਰ ਗ਼ਰੀਬ ਆਦਮੀ ਡਿੱਗ ਪਏ ਤਾਂ ਲੋਕ ਉਸ ਨੂੰ ਸ਼ਰਾਬੀ ਦਸਦੇ ਹਨ।

*-ਤੁਰਕੀ*

ਸ਼ਰਾਬੀ ਦਾ ਸੁਧਾਰ ਉਦੋਂ ਹੀ ਹੁੰਦਾ ਹੈ, ਜਦੋਂ ਉਹ ਆਪਣੀ ਕਬਰ 'ਚ ਜਾ ਕੇ ਪੈਂਦਾ ਹੈ।

*-ਯੁਗੋਸਲਾਵੀਆ*

ਸਮੁੰਦਰ ਨਾਲੋਂ ਪਿਆਲੇ ਵਿਚ ਡੁੱਬਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ।

*-ਯੁਗੋਸਲਾਵੀਆ*

ਇਲਾਜ ਲਈ ਦਵਾਈ, ਸੁਆਦ ਲਈ ਸੂਪ ਤੇ ਖੁਸ਼ ਹੋ ਕੇ ਜਿਉਣ ਲਈ ਸ਼ਰਾਬ ਦੀ ਵਰਤੋਂ ਕਰਨੀ ਚਾਹੀਦੀ ਹੈ।

*-ਜਪਾਨ*

ਸ਼ਰਾਬ ਪੀ ਕੇ ਆਦਮੀ ਉਹੀ ਕੁਝ ਬੋਲਦਾ ਹੈ, ਜੋ ਕੁਝ ਉਹ ਬਿਨਾਂ ਪੀਤੇ ਹੋਣ ਸਮੇਂ ਸੋਚਦਾ ਹੈ।

*-ਸਕਾਟਲੈਂਡ*

ਸ਼ਰਾਬ ਦਾ ਪਹਿਲਾ ਪਿਆਲਾ ਬੰਦਾ ਪੀਂਦਾ ਹੈ। ਦੂਜੇ ਪਿਆਲੇ ਨੂੰ ਪਿਆਲਾ ਆਪ ਪੀਂਦਾ ਹੈ। ਤੀਜਾ ਪਿਆਲਾ ਬੰਦੇ ਨੂੰ ਪੀਂਦਾ ਹੈ।

*-ਜਪਾਨ*



ਸ਼ਰਾਬੀ ਗਧੇ ਨੂੰ ਬਾਂਦਰ ਦਾ ਵੱਢਿਆ ਯਾਦ ਨਹੀਂ ਰਹਿੰਦਾ।

*-ਅਫ਼ਗਾਨਿਸਤਾਨ*

ਸ਼ਰਾਬ ਪ੍ਰੇਮੀਆਂ ਦੇ ਜਜ਼ਬੇ ਨੂੰ ਅਤੇ ਵੈਰੀਆਂ ਦੀ ਨਫ਼ਰਤ ਨੂੰ ਤੀਬਰ ਕਰਦੀ ਹੈ।

*-ਹੀਬਰੂ*

ਮੀਂਹ ਤੋਂ ਬਾਅਦ ਘਾਹ ਪੈਂਦਾ ਹੁੰਦਾ ਹੈ ਅਤੇ ਸ਼ਰਾਬ ਤੋਂ ਬਾਅਦ ਗੱਲਬਾਤ

*-ਸਵੀਡਨ*

ਬੰਦਾ ਮਿੱਟੀ 'ਚੋਂ ਪੈਦਾ ਹੁੰਦਾ ਹੈ ਤੇ ਅਖ਼ੀਰ ਮਿੱਟੀ ਵਿਚ ਹੀ ਸਮਾ ਜਾਂਦਾ ਹੈ, ਤਾਂ ਫਿਰ ਕਦੇ ਕਦੇ ਦਾਰੂ ਦੀ ਛਿੱਟ ਲਗਾਉਣ ਦਾ ਕੀ ਨੁਕਸਾਨ।

*-ਯਿੱਦੀਸ਼*

ਨਵੇਂ ਪੈੱਗ ਨਾਲ ਕਹਾਣੀ ਅੱਗੇ ਤੁਰਦੀ ਹੈ।

*-ਆਇਰਲੈਂਡ*

ਚੰਗੀ ਦਾਰੂ ਸੁੱਟਣ ਨਾਲੋਂ ਤਾਂ ਆਪਣਾ ਢਿੱਡ ਫਟ ਜਾਵੇ ਚੰਗਾ ਹੈ।

*-ਜਰਮਨੀ*

ਚੰਗੀ ਦਾਰੂ ਮਾੜੀਆਂ ਸੋਚਾਂ ਨੂੰ ਦੂਰ ਭਜਾ ਦਿੰਦੀ ਹੈ।

*-ਡੱਚ*

ਸ਼ਰਾਬ ਪੀਣ ਨੂੰ ਤਾਂ ਮਿੱਠੀ ਲਗਦੀ ਹੈ ਪਰ ਇਸ ਦੀ ਕੀਮਤ ਚੁਕਾਉਣੀ ਕੌੜੀ।

*-ਆਇਰਲੈਂਡ*

ਮੇਰੇ ਪੈਸੇ, ਤੇਰੇ ਪੈਸੇ, ਚੱਲ ਠੇਕੇ ਚੱਲੀਏ।

*-ਪੁਰਤਗਾਲ*

ਜਦੋਂ ਜੀਭ 'ਤੇ ਦੋ ਬੂੰਦਾਂ ਦਾਰੂ ਦੀਆਂ ਪੈ ਜਾਣ, ਉਦੋਂ ਇਹ ਸਭ ਤੋਂ ਵਧੀਆ ਗੱਲਾਂ ਸੁਣਾਉਂਦੀ ਹੈ।

*-ਕਰੋਸ਼ੀਆ*

ਜਦੋਂ ਸ਼ਰਾਬ ਅੰਦਰ ਜਾਂਦੀ ਹੈ ਤਾਂ ਸਿਆਣਪ ਵਿਦਾ ਹੋ ਜਾਂਦੀ ਹੈ।

*-ਸਪੇਨ*

ਸ਼ਰਾਬੀ ਰਾਤ ਤੋਂ ਬਾਅਦ ਵਾਲੀ ਸਵੇਰ ਧੁੰਦਲੀ ਹੁੰਦੀ ਹੈ।

*-ਡੈਨਿਸ਼*

ਜਦੋਂ ਤੁਹਾਡੇ ਸਾਥੀ ਸ਼ਰਾਬੀ ਹੋ ਜਾਣ ਅਤੇ ਲੜਨ ਲੱਗਣ ਤਾਂ ਉਥੋਂ ਆਪਣੀ ਟੋਪੀ ਚੁੱਕ ਕੇ ਤੁਰਨ ਵਿਚ ਹੀ ਭਲਾ ਹੁੰਦਾ ਹੈ।

*-ਜਪਾਨ*

# ਖ਼...

* **ਖ਼ੁਦਫਰੇਬੀ**

ਸਾਰੇ ਮੁਲਕ ਵਿਚ ਇਕੋ ਚੰਗੀ ਪਤਨੀ ਹੈ ਤੇ ਹਰ ਆਦਮੀ ਸੋਚਦਾ ਹੈ ਕਿ ਉਹ ਉਸੇ ਦੀ ਘਰ ਵਾਲੀ ਹੈ।

ਬੰਦੇ ਦਾ ਸਭ ਤੋਂ ਵੱਡਾ ਚਾਪਲੂਸ ਉਸਦਾ ਆਪਣਾ ਮਨ ਹੁੰਦਾ ਹੈ।

ਕਈ ਬੰਦੇ ਅੰਗੂਰ ਦਾ ਇਕ ਦਾਣਾ ਲੱਭਣ 'ਤੇ ਸ਼ਰਾਬ ਦੀ ਫੈਕਟਰੀ ਬਣਾ ਕੇ ਬੈਠ ਜਾਂਦੇ ਹਨ।

*-ਲਿਬਨਾਨ*

ਛਾਣਨੀ ਸੂਈ ਨੂੰ ਕਹਿੰਦੀ ਹੈ ਕਿ ਤੇਰੀ ਪੂਛ 'ਚ ਮੋਰੀ ਹੈ।

*-ਪਾਕਿਸਤਾਨ*

* **ਖ਼ਬਰਾਂ**

ਮੌਤ ਹਮੇਸ਼ਾ ਖ਼ਬਰ ਹੀ ਹੁੰਦੀ ਹੈ।

*-ਅਫ਼ਰੀਕਾ*

ਮਾੜੀ ਅਫ਼ਵਾਹ ਮਾੜੀ ਖ਼ਬਰ ਨਾਲੋਂ ਬੇਹਤਰ ਹੁੰਦੀ ਹੈ।

*-ਚਿੱਲੀ*

ਸੂਰਜ ਨਵੀਆਂ ਖ਼ਬਰਾਂ ਤੋਂ ਬਿਨਾਂ ਕਦੇ ਨਹੀਂ ਚੜ੍ਹਦਾ।

*-ਕੋਹੋਸਾ*

ਚੰਗੀ ਖ਼ਬਰ ਹਾਲੇ ਦਰਵਾਜ਼ੇ ਤੋਂ ਬਾਹਰ ਵੀ ਨਹੀਂ ਨਿਕਲੀ ਹੁੰਦੀ, ਮਾੜੀ ਖ਼ਬਰ ਹਜ਼ਾਰ ਮੀਲ ਦੂਰ ਪਹੁੰਚ ਜਾਂਦੀ ਹੈ।

*-ਚੀਨ*

ਖ਼ਬਰ ਕਿਸੇ ਵੇਲੇ ਵੀ ਸੁਣਾਈ ਜਾ ਸਕਦੀ ਹੈ ਪਰ ਬੁਰੀ ਖ਼ਬਰ ਸਿਰਫ਼ ਸਵੇਰ ਵੇਲੇ ਹੀ ਦੱਸਣੀ ਚਾਹੀਦੀ ਹੈ।

*-ਅੰਗਰੇਜ਼ੀ*

* **ਖ਼ਾਨਦਾਨ**

ਖੱਚਰਾਂ ਆਪਣੇ ਪੁਰਖਿਆਂ ਦੇ ਘੋੜੇ ਹੋਣ ਬਾਰੇ ਚੰਗਾ-ਖਾਸਾ ਰੌਲਾ ਪਾਉਂਦੀਆਂ ਹਨ।

*-ਜਰਮਨੀ*

* **ਖ਼ਤਰਾ**

ਬਿੱਲੀ ਦੀ ਪੂਛ 'ਤੇ ਦੰਦੀ ਵੱਢਣ ਵਾਲਾ ਚੂਹਾ ਆਪਣੀ ਤਬਾਹੀ ਨੂੰ ਸੱਦਾ ਦਿੰਦਾ ਹੈ।

*-ਚੀਨ*



# ਜ਼...

* **ਜ਼ੁਬਾਨ**

ਜ਼ੁਬਾਨ ਨੂੰ ਕਾਬੂ ਰੱਖਣ ਵਾਲੇ ਦਾ ਸਿਰ ਬਚਿਆ ਰਹਿੰਦਾ ਹੈ।

*-ਤੁਰਕ*

ਬੈਲ ਆਪਣੇ ਸਿੰਗਾਂ ਨਾਲ ਹਮਲਾ ਕਰਦਾ ਹੈ ਤੇ ਔਰਤ ਆਪਣੀ ਜੀਭ ਨਾਲ।

*-ਪੋਲੈਂਡ*

ਜੀਭ ਦੇ ਹੱਡੀ ਨਹੀਂ ਹੁੰਦੀ ਪਰ ਉਹ ਫਿਰ ਵੀ ਕਈ ਹੱਡੀਆਂ ਤੋੜ ਸਕਦੀ ਹੈ।

*-ਯੂਨਾਨ*

ਜ਼ੁਬਾਨ ਨੇ ਤਲਵਾਰ ਨਾਲੋਂ ਜ਼ਿਆਦਾ ਬੰਦੇ ਮਰਵਾਏ ਹਨ।

*-ਤੁਰਕੀ*

ਤੁਸੀਂ ਕਿਸੇ ਦਾ ਹੱਥ ਤਾਂ ਫੜ੍ਹ ਸਕਦੇ ਹੋ ਪਰ ਜ਼ੁਬਾਨ ਨਹੀਂ।

*-ਉਰਦੂ*

ਮਾੜਾ ਸ਼ਬਦ ਗੂੰਜ ਬਣ ਕੇ ਵਾਪਸ ਮੁੜਦਾ ਹੈ।

*-ਫਾਰਸੀ*

ਪੈਰ ਫਿਸ ਜਾਵੇ ਤਾਂ ਸੰਭਾਲਿਆ ਜਾ ਸਕਦਾ ਹੈ ਪਰ ਜੀਭ ਫਿਸਲ ਜਾਵੇ ਤਾਂ ਸ਼ਬਦ ਵਾਪਸ ਨਹੀਂ ਮੁੜਦੇ।

*-ਤੇਲਗੂ*

ਦਿਨ ਬੀਤ ਜਾਂਦੇ ਹਨ ਪਰ ਬੋਲੇ ਸ਼ਬਦ ਉਸੇ ਤਰ੍ਹਾਂ ਬਣੇ ਰਹਿੰਦੇ ਹਨ।

*-ਬੰਗਾਲ*

ਲੰਬੀ ਜੀਭ ਉਮਰ ਨੂੰ ਛੋਟਾ ਕਰਦੀ ਹੈ।

*-ਫਾਰਸੀ*

ਤੁਸੀਂ ਖੂਹ ਤਾਂ ਬੰਦ ਕਰ ਸਕਦੇ ਹੋ ਪਰ ਦੂਸਰੇ ਦਾ ਮੂੰਹ ਬੰਦ ਨਹੀਂ ਕਰ ਸਕਦੇ।

*-ਕੰਨੜ*

ਆਪਣੀ ਜੀਭ ਨੂੰ ਦੰਦੀ ਵੱਢਣਾ ਸ਼ਬਦਾਂ ਨੂੰ ਦੰਦੀਆਂ ਵੱਢਣ ਨਾਲੋਂ ਬੇਹਤਰ ਹੁੰਦਾ ਹੈ।

*-ਅਫ਼ਰੀਕਾ*

ਜੀਭ ਲੜਖੜਾਉਣ ਨਾਲੋਂ ਪੈਰਾਂ ਦਾ ਲੜਖੜਾਉਣਾ ਬੇਹਤਰ ਹੁੰਦਾ ਹੈ।

*-ਅਫ਼ਰੀਕਾ*

ਪੈਰ ਫਿਸਲੇ ਤਾਂ ਸਰੀਰ ਨਾਲ ਕੀਮਤ ਚੁਕਾਉਣੀ ਪੈਂਦੀ ਹੈ, ਜ਼ੁਬਾਨ ਫਿਸਲੇ ਤਾਂ ਸੋਨੇ ਨਾਲ।

*-ਮਲੇਸ਼ੀਆ*

ਹਰ ਤਰ੍ਹਾਂ ਦੇ ਜਾਨਵਰ ਨੂੰ ਸਾਧਿਆ ਜਾ ਸਕਦਾ ਹੈ ਪਰ ਮਨੁੱਖ ਦੀ ਜੀਭ ਨੂੰ ਨਹੀਂ।

*-ਫਿਲੀਪੀਨ*

ਮੂੰਹ ਨੂੰ ਬੋਤਲ ਵਾਂਗ ਬੰਦ ਰੱਖਣਾ ਚਾਹੀਦਾ ਹੈ ਅਤੇ ਆਪਣੀਆਂ ਸੋਚਾਂ ਦੀ ਰਖਵਾਲੀ ਉਸ ਤਰ੍ਹਾਂ ਕਰਨੀ ਚਾਹੀਦੀ ਹੈ ਜਿਵੇਂ ਫ਼ੌਜ ਕਿਲ੍ਹੇ ਦੀ ਕਰਦੀ ਹੈ।

*-ਚੀਨ*

ਮਨੁੱਖ ਦੀ ਤਬਾਹੀ ਉਸ ਦੀ ਜੀਭ 'ਤੇ ਵਸਦੀ ਹੈ।

*-ਮਿਸਰ*

ਆਪਣੀ ਜੀਭ ਨੂੰ ਬੰਨ੍ਹ ਕੇ ਰੱਖ, ਨਹੀਂ ਤਾਂ ਇਹ ਤੁਹਾਨੂੰ ਬੰਨ੍ਹਵਾ ਦੇਵੇਗੀ।

*-ਰੋਮਨ*

ਚਾਰ ਘੋੜੇ ਵੀ ਜ਼ੁਬਾਨ ਤੋਂ ਅੱਗੇ ਨਹੀਂ ਲੰਘ ਸਕਦੇ।

*-ਚੀਨ*

ਜ਼ੁਬਾਨ ਤੁਹਾਡੀ ਤਰੱਕੀ ਕਰਵਾ ਸਕਦੀ ਹੈ ਅਤੇ ਇਹ ਤੁਹਾਡਾ ਸਿਰ ਵੀ ਲੁਹਾ ਸਕਦੀ ਹੈ।

*-ਭਾਰਤ*

* **ਜ਼ੁਲਮ**

ਜ਼ੁਲਮ ਕੋਲ ਨਿਆਂ ਨਹੀਂ ਹੁੰਦਾ ਤੇ ਅੰਨ੍ਹੇ ਦੀ ਅੱਖ ਕੋਲ ਰੌਸ਼ਨੀ ਨਹੀਂ।

*-ਕੰਬੋਡੀਆ*

* **ਜ਼ਿੰਮੇਦਾਰੀ**

ਮਾੜਾ ਮਿਸਤਰੀ ਆਪਣੇ ਔਜ਼ਾਰਾਂ ਦੀ ਹੀ ਸ਼ਿਕਾਇਤ ਕਰਦਾ ਰਹਿੰਦਾ ਹੈ।

ਜਿਸ ਦਾ ਦਿਲ ਗਿਰੀ ਖਾਣ ਨੂੰ ਕਰਦਾ ਹੋਵੇ ਉਸ ਨੂੰ ਬਦਾਮ ਭੰਨਣਾ ਵੀ ਪੈਂਦਾ ਹੈ।

*-ਰੋਮਨ*

* **ਜ਼ਿੰਦਗੀ**

ਜੇ ਤੁਸੀਂ ਜਿਉਂਦੇ ਹੋ ਤਾਂ ਘਰ ਕਦੇ ਦੂਰ ਨਹੀਂ ਹੁੰਦਾ।

*-ਮਾਸਾਈ ਖਾਨਾਬਦੋਸ਼*

ਤੁਹਾਡੀ ਜ਼ਿੰਦਗੀ ਦਾ ਹਰ ਦਿਨ ਤੁਹਾਡੇ ਇਤਿਹਾਸ ਦਾ ਇਕ ਪੰਨਾ ਹੁੰਦਾ ਹੈ।

*-ਅਰਬ*

ਜ਼ਿੰਦਗੀ ਇਕੋ ਵਾਰ ਮਿਲਦੀ ਹੈ ਭਾਵੇਂ ਅਸੀਂ ਇਸ ਨੂੰ ਹੱਸ ਕੇ ਲੰਘਾ ਲਈਏ, ਭਾਵੇਂ ਰੋ ਕੇ।

*-ਜਪਾਨ*



ਜ਼ਿੰਦਗੀ ਇਕ ਸੜਕ ਵਾਂਗ ਹੁੰਦੀ ਹੈ, ਜਿਸ 'ਤੇ ਤਰ੍ਹਾਂ ਤਰ੍ਹਾਂ ਦੇ ਦਿਸ਼ਾ-ਸੂਚਕ ਲੱਗੇ ਹੁੰਦੇ ਹਨ।

*-ਜਮਾਇਕਾ*

ਜ਼ਿੰਦਗੀ ਕੰਡੇ ਤੋਂ ਸ਼ਹਿਰ ਚੱਟਣ ਵਾਂਗ ਹੁੰਦਾ ਹੈ।

*-ਹੰਗਰੀ*

ਜ਼ਿੰਦਗੀ ਛੋਟੀ ਹੈ, ਰਾਹ ਲੰਬਾ ਹੈ, ਇਸ ਲਈ ਜਲਦੀ ਕਰੋ।

*-ਅਮਰੀਕਾ*

ਬੰਦੇ ਦਾ ਜੀਵਨ ਚਮਕਦੇ ਬੁਲਬੁਲੇ ਵਰਗਾ ਹੁੰਦਾ ਹੈ।

*-ਚੀਨ*

ਜਨਮ, ਬੁਢਾਪਾ, ਰੋਗ, ਕਸ਼ਟ ਅਤੇ ਮੌਤ ਇਨ੍ਹਾਂ ਪੰਜਾਂ ਤੋਂ ਕੌਣ ਬਚ ਸਕਦਾ ਹੈ ?

*-ਚੀਨ*

* **ਜ਼ਿਦ**

ਜਿਹੜਾ ਮਨੁੱਖ ਰੱਬ ਦੇ ਦੀਵੇ ਨੂੰ ਫੂਕ ਮਾਰਦਾ ਹੈ, ਉਹ ਆਪਣੀ ਦਾੜ੍ਹੀ ਝੁਲਸਾ ਲੈਂਦਾ ਹੈ।

*-ਫ਼ਾਰਸੀ*

ਆਪਣੀ ਧੁਨ ਦਾ ਪੱਕਾ ਆਦਮੀ ਸਵਰਗ ਨੂੰ ਵੀ ਹਿਲਾ ਸਕਦਾ ਹੈ।

*-ਕੋਰੀਆ*

* **ਜ਼ਹਿਰ**

ਜ਼ਹਿਰ ਜ਼ਹਿਰ ਹੀ ਹੁੰਦਾ ਹੈ ਭਾਵੇਂ ਕਿ ਇਹ ਸੋਨੇ ਦੇ ਕੱਪ ਵਿਚ ਹੀ ਕਿਉਂ ਨਾ ਮਿਲੇ।

*-ਅੰਗਰੇਜ਼ੀ*

* **ਜ਼ਾਲਮ**

ਜ਼ਾਲਮ ਬਲਦ ਨੂੰ ਰੱਬ ਸਿੰਗ ਛੋਟੇ ਦਿੰਦਾ ਹੈ।

*-ਰੋਮਨ*

* **ਜ਼ਬਰਦਸਤੀ**

ਪਿਆਰ ਅਤੇ ਗਾਉਣ ਲਈ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ।

*-ਜਰਮਨੀ*

# ਚੋਣਵੀਂ ਪੁਸਤਕ ਸੂਚੀ, ਹਵਾਲੇ ਅਤੇ ਸਰੋਤ


ENGLISH :

1. **Armed Eisen,** ***A Tiny Treasury of African Proverb,*** Andrews McMeel Pulblishing, Kansas City, U.S.A., 1998.
2. **Ashton Applewhite,** ***And I Quote,*** St. Martin's Press, New York, U.S.A., 1992.
3. **A.W. Hamilton,** ***Malay Proverbs,*** Times Book International, Singapore, 1996.
4. **David Galef,** ***Even Monkeys Fall From Trees,*** Charles E. Tuttle Company, Tokyo, Japan, 1988.
5. **David Galef,** ***Even a Stone Buddha Can Talk,*** Charles E. Tuttle Company, Tokyo, Japan, 2000.
6. **Gratian Vas,** ***The Sterling Book of Proverbs,*** Sterling Publisheres, Pvt. Ltd., New Delhi, 1996.
7. **Hori Victor Sogen,** ***Zen Sand,*** University of Hawaii Press, U.S.A., 2003.
8. **J. Long,** ***Eastern Proverbs And Emblems,*** Rupa. Co., New Delhi, 2002.
9. **Jon R. Stone,** ***The Routledge Book of World Proverbs,*** Routledge, New York, U.S.A., 2006.
10. **Jonathan Law,** ***Dictionary of Proverbs,*** Penguin Books, London, England, 2000.
11. **Martin H. Manser,** ***Proverbs,*** Checkmark Books, New York, U.S.A., 2002.
12. **Norma Gleason,** ***Proverbs From Around The World,*** Macmillan Publishers Books, London, England, 1992.
13. **Ronald Ridout & Clifford Witting,** ***English Proverbs Explained,*** Macmillan Publishers Book, London, England, 1995.
14. **Soiku Shigematsu,** ***A Zen Forest,*** Weatherhill, Inc., New York, U.S.A., 1992.
15. **Theodora Lau,** ***Best-Loved Chinese Proverbs,*** HarperCollins Publishers, New York, 1995.

ਪੰਜਾਬੀ :

1. **ਬਿਕਰਮ ਸਿੰਘ ਘੁੰਮਣ,** ***ਪੰਜਾਬੀ ਅਖਾਣ,*** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1995.
2. **ਵਣਜਾਰਾ ਬੇਦੀ ਸੋਹਿੰਦਰ ਸਿੰਘ,** ***ਪੰਜਾਬੀ ਲੋਕਧਾਰਾ ਵਿਸ਼ਵਕੋਸ਼,*** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1978.

WEBSITES :

1. www.afriprov.org
2. www.creativeproverbs.com
3. www.goodquotes.com
4. www.khyber.org
5. www.proverbatin.com
6. www.proverb.special_dictionary.com
7. www.wikiquote.org
8. www.worldofquotes.com